INTERNATIONAL MAGAZINE
RNI No. 61816/95

ਏਕੋ ਬ੍ਰਹਮੁ ਦੁਤੀਅ ਨਾਸਤਿ।

ੴ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਫਰਵਰੀ 2024



ਕਲਮ ਅਤੇ ਕਿਰਪਾਨ ਦੇ ਧਨੀ
ਸ਼ਹੀਦ ਬਾਬਾ ਦੀਪ ਸਿੰਘ ਜੀ



Founder : Shriman Sant Baba Waryam Singh Ji and Mata Ranjit Kaur Ji

# GURU GOBIND SINGH VIDYA MANDIR SR. SEC. SCHOOL



C.B.S.E. Affiliated

*Best School in the Region*

## ADMISSIONS OPEN

## PLAYWAY To IX & XI

**(SCIENCE, COMMERCE & HUMANITIES)**

**LIMITED SEATS**

*Affordable Fee Structure*









- Day starts with Japuji Sahib Path, Ardas and Naam Simran
- Classrooms under CCTV Camera
- Excellent Board Results
- Well-equipped Labs to cater to Physical, Chemical, Biological & Technological aspects of life
- Focus on Confidence Building and Communication Skills
- Practical based Educational Learning Experience
- In-House Training Programmes for Teachers
- Green, Safe and Eco-friendly Environment
- Sikh Martial Arts - Gatka for Boys & Girls
- Divinity Classes / Gurbani / Kirtan
- Mobile Equipped Transport Facility
  - Language Lab
  - Well-Stocked Library
  - Smart Classrooms
  - Excellent Sports Facilities
  - Cricket Academy
  - Inclusion of Moral Values
  - NCC & NSS Wing
  - Divine Environment






ggsvmschool

GGSVM Sr. Sec. School Ratwara Sahib

Guru Gobind Singh Vidya Mandir School Ratwara Sahib

E-mail : ggsvmschool@yahoo.in

Website : www.ggsvm.com

**RATWARA SAHIB, PO MULLANPUR GARIBDAS (NEW CHANDIGARH) DISTT. S.A.S. NAGAR**

**Contact : 0160-2255003, 97813-34004, 97813-30153**

# ਆਤਮ ਮਾਰਗ

ਸਾਲ-ਉਨੱਤੀਵਾਂ, ਮਹੀਨਾ-ਫਰਵਰੀ, 2024

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

| ਚੇਅਰਮੈਨ | ਐਡੀਟਰ-ਇਨ-ਚੀਫ |
|---|---|
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| ਮੈਨੇਜਿੰਗ ਐਡੀਟਰ | ਚੀਫ ਐਡੀਟਰ |
| ਭਾਈ (ਡਾ.) ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |
| 98146-12900 | 97798-16909 |


**ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ**

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

**Email :atammarg1@yahoo.co.in**

Registration Under Foreign Contribution (Regulation) Act 1976 R. No. 115320023

**Postal Address for any Enquiry, Money Order, Cheque and drafts : 'ATAM MARG' MAGAZINE**

Gurdwara Ishar Parkash, Ratwara Sahib (New Chandigarh) P.o. Mullanpur Garibdas, Teh. Kharar, Distt. S.A.S Nagar (MOHALI) - 140901, Pb. India

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


**Media Broadcast (Ratwara Sahib)**

Please visit us on internet at :-

For Atam Marg Email : atammarg1@yahoo.co.in,

Website & Live video -

www.ratwarasahib.org
www.ratwarasahib.com
www.ratwarasahib.in

Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

Live Programme & Cable Tv Network

98728-14385, 94172-14385

98147-12900

**ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ**

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -**

9417214378, 9417214384

**ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ**

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

**ਵਿਸ਼ੇਸ਼ ਜਾਣਕਾਰੀ ਲਈ**

ਸ੍ਰੀ ਮਾਨ ਜੀ - 98551-32009

ਸ੍ਰੀ ਅਖੰਡਪਾਠ ਸਾਹਿਬ ਸੇਵਾ - 94647-12900

**ਹੋਰ ਸੰਪਰਕ ਨੰਬਰ**

98889-10777, 96461-01996, 9417214381

# ਤੱਤਕਰਾ


| | | |
|---|---|---|
| 1. | **ਸੰਪਾਦਕੀ** | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | **ਬਾਰਹ ਮਾਹਾ** | 8 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 3. | **ਅਗੰਮ ਅਗੋਚਰ ਦਾ ਮਾਰਗ** | 14 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | **ਭਗਤ ਰਵਿਦਾਸ ਜੀ** | 19 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | **ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ** | 35 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 6. | **ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ** | 38 |
| | *ਡਾ. ਜਗਜੀਤ ਸਿੰਘ* | |
| 7. | **ਬਾਬਾ ਦੀਪ ਸਿੰਘ ਜੀ** | 41 |
| | *ਗਿਆਨੀ ਭਜਨ ਸਿੰਘ* | |
| 8. | **ਵੱਡੇ ਘੱਲੂਘਾਰੇ ਦੇ ਸ਼ਹੀਦ** | 43 |
| | *ਗਿਆਨੀ ਭਜਨ ਸਿੰਘ* | |
| 9. | **ਗੁਰੂ ਹਰਿ ਰਾਇ ਸਾਹਿਬ ਜੀ** | 45 |
| | *ਪ੍ਰਿੰਸੀਪਲ ਸਤਿਬੀਰ ਸਿੰਘ* | |
| 10. | **ਕਲਗੀਧਰ ਜੀ ਦੇ 52 ਬਚਨ** | 50 |
| | *ਸ. ਬਲਵਿੰਦਰ ਸਿੰਘ* | |
| 11. | **ਗੁਰਬਾਣੀ ਅਰਥ ਭੰਡਾਰ** | 53 |
| | *ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ* | |
| 12. | **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ** | 56 |
| | **ਇੰਟਰਨੇਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,** | |
| | **ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ** | |

# ਸੰਪਾਦਕੀ

***'ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥***

ਪਿਆਰੇ ਪਾਠਕ ਜਨੋ! 'ਆਤਮ ਮਾਰਗ ਮੈਗਜ਼ੀਨ ਰਾਹੀਂ ਆਪ ਜੀ ਸਾਰਿਆਂ ਨੂੰ ਆਤਮ ਮਾਰਗੀ ਪੈਂਡਿਆਂ ਦੇ ਰਾਹੀ ਬਣਾਉਣ ਦਾ ਸੰਕਲਪ ਇਸ ਦੇ ਸੰਚਾਲਕ ਪਿਆਰੇ ਮਹਾਂਪੁਰਸ਼ਾਂ (ਸਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ) ਦਾ ਸੀ। ਉਹਨਾਂ ਦੀ ਹਮੇਸ਼ਾਂ ਇੱਛਾ ਅਤੇ ਅਰਦਾਸ ਹੁੰਦੀ ਕਿ ਸਾਰੀ ਲੋਕਾਈ ਦੇ ਬਸ਼ਿੰਦੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਿਧਾਂਤਾਂ ਨੂੰ ਅਪਨਾਅ ਕੇ ਬੇਗਮਪੁਰੇ ਦੇ ਵਾਸੀ ਬਣ ਜਾਣ। ਇਹ ਸੰਕਲਪ ਉਨ੍ਹਾਂ ਨੂੰ ਗੁਰੂ ਵਲੋਂ ਬਖਸ਼ੀ ਆਤਮਿਕ ਸ਼ਕਤੀ ਵਿਚੋਂ ਪ੍ਰਕਾਸ਼ਿਤ ਹੈ। ਬਾਣੀ ਦਾ ਫੁਰਮਾਨ ਹੈ ***'ਪ੍ਰਭ ਜੀ ਬਸਹਿ ਸਾਧ ਕੀ ਰਸਨਾ॥ ਨਾਨਕ ਜਨ ਕਾ ਦਾਸਨਿ ਦਸਨਾ॥ (ਅੰਗ-੨੬੩)*** ਉਨ੍ਹਾਂ ਦੇ ਰੋਮ-ਰੋਮ ਵਿਚ ਪ੍ਰਮੇਸ਼ਰ ਦਾ ਹੁਕਮ ਰੂਪੀ ਸਿਧਾਂਤ ਘਰ ਕਰ ਗਿਆ ਸੀ। ਭਾਵ - ***'ਸੋਈ ਕਰਾਇ ਜੋ ਤੁਧੁ ਭਾਵੈ ॥ ਮੋਹਿ ਸਿਆਣਪ ਕਛੂ ਨ ਆਵੈ ॥' (ਅੰਗ-੬੨੬) 'ਜਿ ਕਰਾਵੈ ਸੋ ਕਰਣਾ ॥ ਨਾਨਕ ਦਾਸ ਤੇਰੀ ਸਰਣਾ ॥' (ਅੰਗ-੬੨੭)***

ਪ੍ਰਮੇਸ਼ਰ ਦੇ ਹੁਕਮ ਵਿਚ ਜੀਵ ਦੀ ਪਰਾਲਬਧ ਅਨੁਸਾਰ ਉਨ੍ਹਾਂ ਵਲੋਂ ਪਰਉਪਕਾਰੀ ਕਾਰਜ ਕੀਤੇ ਜਾਂਦੇ ਹਨ। ਇਹ ਕਾਰਜ ਅਨੇਕਾਂ ਰੂਪਾਂ ਵਿਚ ਦ੍ਰਿਸ਼ਟੀਗੋਚਰੇ ਹੁੰਦੇ ਹਨ ਜਿਵੇਂ ਕਿ ਹਸਪਤਾਲ ਬਣਾਉਣੇ, ਸਕੂਲ, ਕਾਲਜ, ਧਾਰਮਿਕ ਦੀਵਾਨ, ਲੋੜਵੰਦਾਂ ਦੀ ਸਹਾਇਤਾ, ਕੁਦਰਤੀ ਆਫ਼ਤਾਂ ਵਿਚ ਸਹਾਇਤਾ ਅਤੇ ਸਭ ਤੋਂ ਵਡਮੁੱਲਾ ਕਾਰਜ ਟੁੱਟੀਆਂ ਰੂਹਾਂ ਨੂੰ ਪ੍ਰਮੇਸ਼ਰ ਨਾਲ ਜੋੜ ਕੇ ਸਦਾ ਦੀ ਅਮਰਤਾ ਬਖਸ਼ ਦੇਣੀ -

*ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥ ਅੰਗ- ੯੬੨*

ਐਸਾ ਵਡੇਰਾ ਪਰਉਪਕਾਰ ਸਿੱਖ ਪੰਥ ਦੀ ਅਰਦਾਸ ਦੇ ਆਖਰੀ ਬੰਦ ਵਿਚ ਨਜ਼ਰਸਾਨੀ ਹੁੰਦਾ ਹੈ। ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹੁ ਦਾਨ, ਭਰੋਸਾ ਦਾਨ ਤੇ (7ਵਾਂ) ਦਾਨਾ ਸਿਰ ਦਾਨ ਨਾਮ ਦਾਨ ਤੇ (8ਵਾਂ) ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ। ਇਥੇ 7ਵਾਂ ਦਾਨ ਮਹਾਨ ਦਾਨ ਹੈ। ਜਿਸ ਦੀ ਪੂਰਤੀ ਸਮਰੱਥ ਸਤਿਗੁਰੂ ਦੀ ਬਖਸ਼ਿਸ਼ ਸਦਕਾ ਰੱਬ ਦੇ ਪਿਆਰਿਆਂ ਰਾਹੀਂ ਹੁੰਦੀ ਹੈ -

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥* *ਅੰਗ- ੭੪੯*

ਇਹੀ ਉਹ ਦਾਨਾਂ ਸਿਰ ਦਾਨ ਨਾਮ ਦਾਨ ਜੋ ਹੈ 'ਜੀਅ ਦਾਨ' ਭਾਵ ਜ਼ਿੰਦਗੀ ਦੇ ਅੰਦਰ ਜੀਵਨ ਦੀ ਰੌ ਰੁਮਕਣ ਲਾ ਦੇਣੀ -

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥*
*ਜੇ ਜੀਵੈ ਪਤਿ ਲਥੀ ਜਾਇ ॥*
*ਸਭੁ ਹਰਾਮੁ ਜੇਤਾ ਕਿਛੁ ਖਾਇ ॥* *ਅੰਗ- ੧੪੨*

ਨਾਮ ਤੋਂ ਬਿਨਾਂ, ਜੀਅ ਦਾਨ ਤੋਂ ਬਿਨਾਂ ਜੀਵਨ ਮੁਰਦਾ ਹੈ -

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥*
*ਅੰਗ- ੨੫੩*

ਧੰਨ ਸ੍ਰੀ ਗੁਰੂ ਨਾਨਕ ਸਾਹਿਬ ਫੁਰਮਾਨ ਕਰਦੇ ਹਨ ਕਿ ***'ਆਖਾ ਜੀਵਾ ਵਿਸਰੈ ਮਰਿ ਜਾਉ ॥' (ਅੰਗ-੯)*** ਉਪਰੋਕਤ ਦੇ ਹਵਾਲੇ ਵਿਚ ਪੁਸ਼ਟੀ ਹੋ ਰਹੀ ਹੈ ਕਿ ਪ੍ਰਮੇਸ਼ਰ ਦੀ ਪ੍ਰੀਤ, ਪਿਆਰ ਵਾਲਾ ਚਿਰੰਜੀਵੀ ਜੀਵਨ ਹੈ। ਬਾਕੀ ਖ਼ਲਕਤ ਕੈਮੀਕਲੀ (ਰਸਾਇਣਕ) ਜ਼ਿੰਦਗੀ ਜਿਉਂ ਰਹੀ ਹੈ। ਅਹਾਰ ਦੇ ਸਹਾਰੇ ਸਰੀਰ ਚਲ ਰਹੇ ਹਨ। ਰੱਬ ਦੇ ਪਿਆਰਿਆਂ ਦਾ ਅਹਾਰ ਹੋਰ ਹੈ। ***'ਸਾਚੇ ਨਾਮ ਕੀ ਲਾਗੈ***

***ਭੂਖ ॥'*** ਉਸ ਭੁੱਖ ਦੀ ਤ੍ਰਿਪਤੀ ਹੋਣ ਉਪਰੰਤ ***'ਉਤੁ ਭੂਖੈ ਖਾਇ ਚਲੀਅਹਿ ਦੂਖ ॥'*** ਤਮਾਮ ਆਧ, ਬਿਆਧ, ਉਪਾਧਿ' ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ। ਇਸੇ ਪ੍ਰਥਾਇ ਗੁਰੂ ਬਾਬਾ ਜੀ ਫੁਰਮਾਨ ਕਰਦੇ ਹਨ 'ਨਾਨਕ ਦੁਖੀਆ ਸਭ ਸੰਸਾਰ' ਪਰ ਨਾਲ ਸਭ ਸੰਸਾਰ ਦੀ ਬਾਤ ਪਾਉਂਦੇ ਹੋਏ ਦਸ ਰਹੇ ਹਨ ਕਿ ***'ਮੰਨੇ ਨਾਉ ਸੋਈ ਜਿਣਿ ਜਾਇ ॥' (ਅੰਗ-੯੫੪)*** ਇਥੇ ਹੀ ਬੱਸ ਨਹੀਂ, ਹੋਰ ਤਾਗੀਦ ਕਰਦੇ ਗੁਰੂ ਮਹਾਰਾਜ ਫੁਰਮਾ ਰਹੇ ਹਨ -

*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥* *ਅੰਗ- ੧੨*

ਕੇਵਲ ਨਾਮ ਤੋਂ ਬਿਨਾਂ ਬਾਕੀ ਸਾਰੇ ਕਰਮ ਭਾਵੇਂ ਦੁਨਿਆਵੀ ਹਨ ਭਾਵੇਂ ਹੋਰ ਧਾਰਮਿਕ ਫੋਕਟ ਕਰਮ ਕਾਂਡ ਸਾਰੇ ਨਿਰਾਰਥਕ ਹਨ।

ਇਸ ਸਾਰੀ ਗੁੰਝਲ ਦਾ ਹੱਲ ਮਹਾਰਾਜ ਜੀ ਬਖਸ਼ਦੇ ਹਨ ਕਿ ਭਾਈ! ***'ਨਾਨਕ ਕੈ ਘਰਿ ਕੇਵਲ ਨਾਮੁ ॥'*** *(ਅੰਗ-੧੧੩੬)*

ਗੁਰੂ ਨਾਨਕ ਦੇ ਘਰ ਵਿਚ, ਗੁਰੂ ਦੇ ਦਰ ਵਿਚ, ਗੁਰੂ ਦੀ ਸ਼ਰਨ ਵਿਚ, ਗੁਰੂ ਦੇ ਚਰਨਾਂ ਵਿਚ ਕੇਵਲ ਨਾਮ ਨੂੰ ਹੀ ਪ੍ਰਧਾਨਤਾ ਹੈ। ਇਸੇ ਨਾਮ ਦੇ ਅਧਾਰ ਤੇ ਲੋਕਾਈ ਨੂੰ, ਮਾਨਵਤਾ ਨੂੰ ਬੇਗਮਪੁਰਾ ਬਣਾਇਆ ਜਾ ਸਕਦਾ ਹੈ। ਇਹੀ ਨਾਮ ਭਾਈਚਾਰਕ ਸਾਂਝ, ਸਦਭਾਵਨਾ, ਪ੍ਰਸਪਰ ਪਿਆਰ ਅਤੇ ਵਿਸ਼ਵ ਸ਼ਾਂਤੀ ਦਾ ਧਰੋਹਰ ਹੈ। ਇਸੇ ਧਰੋਹਰ ਵਿਚੋਂ ਗੁਰਸਿੱਖਾਂ, ਰੱਬ ਦੇ ਪਿਆਰਿਆਂ ਨੂੰ ਮੰਜ਼ਿਲ ਰੂਪੀ ਸਿਧਾਂਤ ਸਤਿਗੁਰਾਂ ਨੇ ਬਖਸ਼ਿਸ਼ ਕੀਤਾ। ***'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਕਾ ਭਲਾ।'*** ਸਰਬੱਤ ਦੇ ਭਲੇ ਹਿਤ ਅਨੇਕਾਂ ਕਾਰਜ ਰੱਬ ਦੇ ਪਿਆਰੇ ਕਰਦੇ ਹਨ। ਉਨ੍ਹਾਂ ਵਡਮੁੱਲੇ ਕਾਰਜਾਂ ਵਿਚੋਂ, ਅੱਜ ਦੇ ਅਸ਼ਾਂਤ ਵਾਤਾਵਰਣ ਵਿਚ, ਦੁਨਿਆਵੀ ਪਦਾਰਥਾਂ ਦੀ ਚਕਾਚੌਂਧ ਵਿਚ ਅਨੁਭਵੀ ਮਹਾਂਪੁਰਸ਼ਾਂ ਦੇ ਪ੍ਰਵਚਨ ਅਮੋਲਕ ਹੀਰਿਆਂ ਦੀ ਤਰ੍ਹਾਂ ਹਨ -

*ਕਿਨਹੀ ਬਨਜਿਆ ਕਾਂਸੀ ਤਾਂਬਾ*
*ਕਿਨਹੀ ਲਉਗ ਸੁਪਾਰੀ ॥*
*ਸੰਤਹੁ ਬਨਜਿਆ ਨਾਮੁ ਗੋਬਿਦ ਕਾ*
*ਐਸੀ ਖੇਪ ਹਮਾਰੀ ॥* *ਅੰਗ- ੧੧੨੩*

*ਉਤਮ ਸਲੋਕ ਸਾਧ ਕੇ ਬਚਨ ॥*
*ਅਮੁਲੀਕ ਲਾਲ ਏਹਿ ਰਤਨ ॥*
*ਸੁਨਤ ਕਮਾਵਤ ਹੋਤ ਉਧਾਰ ॥*
*ਆਪਿ ਤਰੈ ਲੋਕਹ ਨਿਸਤਾਰ ॥* *ਅੰਗ- ੨੯੫*

ਉਨ੍ਹਾਂ ਨੇ ਜਨਮਾਂ-ਜਨਮਾਂਤਰਾਂ ਦੀ ਕੀਤੀ ਤਪਸਿਆ ਵਿਚੋਂ ਅਨੁਭਵ ਪ੍ਰਾਪਤ ਕੀਤੇ ਹੁੰਦੇ ਹਨ। ਉਹ ਰੱਬੀ ਸਿਧਾਂਤ ਤੇ ਚਲਦਿਆਂ ਫਿਰ ਵੰਡਦੇ ਹਨ ਇਹ ਅਮੋਲਕ ਰਤਨ ***'ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥ (ਅੰਗ-੨੮੯)*** 'ਤੇ ਪਹਿਰਾ ਦਿੰਦੇ ਹੋਏ, ਲੱਗੀ ਹੋਈ ਦਰਗਾਹੀ ਡਿਊਟੀ ਪੂਰੀ ਕਰ ਆਪਣੇ ਧੇਅ ਵਿਚ ਸਮਾਅ ਜਾਂਦੇ ਹਨ -

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*
*ਅੰਗ- ੧੩੭੩*

ਭਾਵ -

*ਜਿਨਿ ਤੁਮ ਭੇਜੇ ਤਿਨਹਿ ਬੁਲਾਏ*
*ਸੁਖ ਸਹਜ ਸੇਤੀ ਘਰਿ ਆਉ ॥* *ਅੰਗ- ੬੭੮*

ਪ੍ਰਮੇਸ਼ਰ ਵਲੋਂ ਲੱਗੀਆਂ ਡਿਊਟੀਆਂ ਵਿਚੋਂ 'ਆਤਮ ਮਾਰਗ' ਮੈਗਜ਼ੀਨ ਵੀ ਇਕ ਮਹਾਨ ਕਾਰਜ ਹੈ। ਹਰ ਮਹੀਨੇ ਨਵੇਂ ਸਿਧਾਂਤ ਲੈ ਕੇ ਆਪ ਜੀ ਸਾਰਿਆਂ ਦੇ ਘਰਾਂ ਦੀਆਂ ਬਰੂਹਾਂ ਤੇ ਦਸਤਕ ਦਿੰਦਾ ਹੋਇਆ ਅਗਲੇ ਅੰਕ ਵਿਚ ਨਵਾਂ ਬਾਣਾ ਪਾ ਹਾਜ਼ਰ ਹੋ ਰਿਹਾ ਹੈ। ਲੰਘ ਗਏ ਇਸ ਦੇ ਸਫ਼ਰ ਦੇ 29 ਸਾਲ। ਪ੍ਰਵੇਸ਼ ਕਰ ਜਾਣਾ ਅਪ੍ਰੈਲ 2024 ਤੋਂ 30ਵੇਂ ਸਾਲ 'ਚ ਇਸ ਰੂਹਾਨੀ ਪਟਾਰੀ ਦੇ ਗੁਲਦਸਤੇ ਨੇ।

ਪਾਠਕ ਜਨ ਭਾਗਾਂ ਵਾਲੇ ਹਨ ਜੋ ਪੜ੍ਹ ਕੇ, ਸਮਝ ਕੇ, ਅੰਤਰੰਗ ਸਤਿਸੰਗ ਕਰਦੇ ਹਨ। ਵਿਚਾਰਦੇ ਹਨ ਕਿ ਸਾਡੇ ਜੀਵਨ ਦਾ ਕੀ ਲਕਸ਼ ਹੈ। ਸਾਨੂੰ ਕੁਝ ਸਮਾਂ ਮਿਲਿਆ ਇਸ ਮਾਤਲੋਕ ਦੀ ਯਾਤਰਾ ਕਰਨ ਦਾ। ਸਮਾਂ ਨਿਸ਼ਚਿਤ ਹੈ। ਇਹ ਸਮਾਂ ਦੋ ਤਰ੍ਹਾਂ ਲਘੰਦਾ ਹੈ, ਇਕ ਤਾਂ ਹੈ -

*ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥*
*ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥*
*ਅੰਗ- ੧੪੨੮*

*ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥ ਅੰਗ- ੭੯੪*

ਭਾਵ –

*ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ ॥*

*ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥*

*ਅੰਗ- ੭੯੪*

ਦੂਜਾ ਸਮਾਂ ਲੰਘਦਾ ਹੈ –

*ਸਫਲ ਸਫਲ ਭਈ ਸਫਲ ਜਾਤ੍ਰਾ ॥*

*ਆਵਣ ਜਾਣ ਰਹੇ ਮਿਲੇ ਸਾਧਾ ॥ ਅੰਗ- ੬੮੭*

ਸਫਲ ਕਰਕੇ ਜਾਣ ਵਾਲੇ ਨੂੰ –

*ਧੰਨਿ ਧੰਨਿ ਕਹੈ ਸਭੁ ਕੋਇ ॥*

*ਮੁਖ ਊਜਲ ਹਰਿ ਦਰਗਹ ਸੋਇ ॥ ਅੰਗ- ੨੮੩*

ਉਜਲਾ ਮੁਖ ਲੈ ਕੇ ਜਾਣਾ ਜਾਂ ***'ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥'*** *(ਅੰਗ- ੪੭੧)* ਇਹ ਅਟੱਲ ਸਿਧਾਂਤ ਹਨ; ਵਾਪਰਨੇ ਹੀ ਵਾਪਰਨੇ ਹਨ। ਲੋੜ ਹੈ ਇਨ੍ਹਾਂ ਸਿਧਾਂਤਾਂ ਦੇ ਸਾਰਥਕ ਸੰਕਲਪ ਲੈ ਕੇ ਚੱਲਣ ਦੀ। ਭਾਵੇਂ 'ਆਤਮ ਮਾਰਗ' ਮੈਗਜ਼ੀਨ ਦਾ ਇਕ-ਇਕ ਅੱਖਰ ਜ਼ਿੰਦਗੀ ਨੂੰ ਸਫਲ ਬਣਾਉਣ ਲਈ ਪ੍ਰੇਰਨਾ ਤੇ ਉਤਸ਼ਾਹ ਬਖਸ਼ਦਾ ਹੈ। ਅਦਾਰੇ 'ਆਤਮ ਮਾਰਗ' ਦੀ ਲੋਚਾ ਤੇ ਕੋਸ਼ਿਸ਼ ਹੁੰਦੀ ਹੈ ਕਿ ਤੁਹਾਡੇ ਵਲੋਂ ਮਿਲੇ ਪਿਆਰ ਸਦਕਾ, ਮਹਾਂਪੁਰਸ਼ਾਂ ਦੇ ਆਸ਼ੀਰਵਾਦ ਤੇ ਗੁਰੂ ਕ੍ਰਿਪਾ ਸਦਕਾ ਇਸ ਵਿਚ ਹੋਰ ਨਵੇਂ ਰੂਹਾਨੀ ਰੰਗ ਭਰ ਕੇ ਤੁਹਾਡੇ ਤੱਕ ਪੁੱਜਦਾ ਕੀਤਾ ਜਾਵੇ। ਇਸੇ ਪ੍ਰਥਾਇ ਹਥਲੇ ਅੰਕ ਦੀ ਸੰਪਾਦਕੀ ਸ਼ੁਰੂ ਕਰਨ ਦਾ ਸੰਕਲਪ ਕੀਤਾ ਹੈ ਕਿ ***'ਕੁਦਰਤਿ ਕਰਿ ਕੈ ਵਸਿਆ ਸੋਇ'*** ***(ਅੰਗ- ੮੩)*** ਕਿ ਉਹ ਪ੍ਰਮੇਸ਼ਰ ਕਿਵੇਂ ਸ੍ਰਿਸ਼ਟੀ ਵਿਚੋਂ ਦ੍ਰਿਸ਼ਟੀਗੋਚਰੇ ਹੋ ਰਿਹਾ ਹੈ।

ਫਰਵਰੀ ਦਾ ਮਹੀਨਾ ਆ ਰਿਹਾ ਹੈ। ਬਨਸਪਤੀ, ਪਸ਼ੂ, ਪੰਛੀ, ਜੀਵ ਜੰਤੂ, ਮਨੁੱਖ ਭਾਵ ਸਮੁੱਚੀ ਕਾਇਨਾਤ ਨੇ ਅਤਿ ਦੀ ਸਰਦੀ ਦਾ ਪ੍ਰਕੋਪ ਝੱਲਿਆ। ਬਨਸਪਤੀ ਸਰਦੀ ਕਾਰਨ ਸੁੰਘੜ ਕੇ ਰਹਿ ਗਈ। ਹੁਣ ਮੌਸਮ ਨੇ ਕਰਵਟ ਲੈਣੀ ਹੈ। ਥੋੜ੍ਹਾ ਨਿੱਘ ਸੂਰਜ ਦੀਆਂ ਕਿਰਨਾਂ ਰਾਹੀਂ ਮਿਲਣਾ ਸ਼ੁਰੂ ਹੋਣਾ ਹੈ। ਸਾਰੀ ਬਨਸਪਤੀ ਮਉਲਣੀ ਸ਼ੁਰੂ ਹੋਵੇਗੀ। ਇਹ ਬਦਲਦੇ ਮੌਸਮ ਨੇ ਮਨੁੱਖੀ ਮਨਾਂ ਤੇ ਵੀ ਪ੍ਰਭਾਵ ਪਾਉਣਾ ਹੈ। ਕੇਵਲ ਮੌਸਮ ਕਰਕੇ ਹੀ ਨਹੀਂ ਗੁਰੂ ਦੀ ਸਦੀਵੀ ਹਾਜ਼ਰੀ ਦਾ ਪ੍ਰਭਾਵ ਮਨ ਤੇ ਪੈ ਜਾਵੇ ਤਾਂ ਸਾਡੀ ਜ਼ਿੰਦਗੀ ਰੁਸ਼ਨਾਅ ਜਾਵੇਗੀ। ਸਾਡੀ ਜ਼ਿੰਦਗੀ ਵਿਚੋਂ ਵੀ ਉਸ ਦੀ ਹੋਂਦ ਦੇ ਝਲਕਾਰੇ ਵੱਜ ਜਾਣ। ਇਹੀ ਰੂਹਾਨੀ ਪੈਂਡਿਆਂ ਦੀ ਮੰਜ਼ਿਲ ਹੈ। ਵੀਚਾਰ ਲੰਮੀ ਹੋਣ ਕਾਰਨ ਵੀਚਾਰਾਂ ਦੀ ਲੜੀ ਨੂੰ ਇਥੇ ਹੀ ਬਿਸਰਾਮ ਦੇ ਰਹੇ ਹਾਂ। ਅਗਲੇ ਅੰਕ ਵਿਚ ਜੋ ਗੁਰੂ ਮਹਾਰਾਜ ਨੇ ਬਖਸ਼ਿਆ ਵਿਚਾਰਾਂਗੇ। ਭੁੱਲਾਂ ਚੁੱਕਾਂ ਦੀ ਖਿਮਾਂ –

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. **ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।**
2. **ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।**
3. **'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।**

# ਫਲਗੁਣਿ
# ਸੰਗਰਾਂਦ - ਫਰਵਰੀ 13 (ਦਿਨ ਮੰਗਲਵਾਰ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥*
*ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥*
*ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥*
*ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥*
*ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥*
*ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥*
*ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥*
*ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥*
*ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥*
*ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥*
*ਅੰਗ -136*

ਵਾਹਿਗੁਰੂ ਜੀ ਨੇ ਆਪਣੀ ਮੌਜ ਵਿਚ ਸ੍ਰਿਸ਼ਟੀ ਦੀ ਰਚਨਾ ਕੀਤੀ। ਸ਼ਬਦ ਤੋਂ ਪਸਾਰਾ ਹੋਇਆ -

*ਕੀਤਾ ਪਸਾਉ ਏਕੋ ਕਵਾਉ॥*
*ਤਿਸ ਤੇ ਹੋਏ ਲਖ ਦਰੀਆਉ॥ ਅੰਗ - ੩*

ਜੋ ਕੁਝ ਵੀ ਅਸੀਂ ਦ੍ਰਿਸ਼ਟਮਾਨ ਵਿਚ ਤੱਕ ਰਹੇ ਹਾਂ ਉਹ ਸਾਰਾ ਪਸਾਰਾ ਗੁਰਮਤਿ ਅਨੁਸਾਰ ਇਕ ਸ਼ਬਦ ਤੋਂ ਵਜੂਦ ਵਿਚ ਆਇਆ-

*ਏਕ ਕਵਾਵੈ ਤੇ ਸਭਿ ਹੋਆ॥*
*ਕਰਣੈਹਾਰਾ ਬੂਝਹੁ ਰੇ॥ ਅੰਗ - ੧੦੦੩*

ਹੁਕਮ ਦੀ ਕ੍ਰਿਆ ਤੋਂ ਆਕਾਰ ਬਣ ਗਏ, ਅਨੇਕ ਜੀਵ ਜੰਤੂ, ਜੂਨਾਂ ਹੋਂਦ ਵਿਚ ਆ ਗਈਆਂ। ਇਨ੍ਹਾਂ ਸਾਰੀਆਂ ਜੂਨਾਂ ਵਿਚੋਂ ਮਨੁੱਖ ਜੂਨੀ ਸਭ ਤੋਂ ਉਤਮ ਹੈ। ਜਿਉਂ-ਜਿਉਂ ਚੇਤਨਾ ਵਿਚ ਵਧਦਾ ਗਿਆ, ਸੂਝ ਵਧਦੀ ਗਈ। ਇਹ ਸਾਰੀਆਂ ਜੂਨਾਂ ਇਕ ਗੋਲ ਚੱਕਰ ਦੀ ਸ਼ਕਲ ਵਿਚ ਚੱਕਰ ਤੇ ਚੜ੍ਹੀਆਂ ਘੁੰਮਣ ਲੱਗੀਆਂ। ਜਿਉਂ-ਜਿਉਂ ਵਿਕਾਸ ਹੁੰਦਾ ਗਿਆ, ਤਿਉਂ-ਤਿਉਂ ਇਹ ਪੂਰਨ ਚੇਤਨਾ ਦੇ ਗੇੜੇ ਉਸ ਚੱਕਰ ਤੇ ਚੜ੍ਹੀਆਂ, ਆਹਿਸਤਾ-ਆਹਿਸਤਾ ਘੁੰਮਦੀਆਂ ਅੱਗੇ ਵਧਦੀਆਂ ਗਈਆਂ ਅਤੇ ਕ੍ਰਮਵਾਰ ਮਨੁੱਖ ਸ਼੍ਰੇਣੀ ਵਿਚ ਦਾਖਲ ਹੁੰਦੀਆਂ ਰਹੀਆਂ-

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥*
*ਅੰਗ - ੧੭੬*

ਮਨੁੱਖ ਦੀ ਦੇਹ ਕ੍ਰੋੜਾਂ ਸਾਲਾਂ ਦਾ ਇੰਤਜ਼ਾਰ ਕਰਨ ਪਿਛੋਂ ਪ੍ਰਾਪਤ ਹੋਈ। ਇਸ ਦਾ ਮੁੱਖ ਮੰਤਵ ਗੁਰੂ ਮਹਾਰਾਜ ਜੀ ਨੇ ਬਹੁਤ ਸਪਸ਼ਟ ਕਰਕੇ ਦੱਸਿਆ ਹੈ। ਉਹ ਇਹ ਹੈ ਕਿ ਇਸ ਸਰੀਰ ਦੇ ਅੰਦਰ ਵਾਹਿਗੁਰੂ ਜੀ ਆਪ ਵਸਦੇ ਹਨ। ਪੂਰਨ ਮਹਾਂਪੁਰਸ਼ਾਂ ਨੂੰ ਮਿਲ ਕੇ ਵਾਹਿਗੁਰੂ ਜੀ ਦੇ ਦਰ ਤੱਕ ਪਹੁੰਚਣਾ ਹੈ ਪਰ ਹੋਇਆ ਕੀ! ਇਹ ਮਨੁੱਖ ਮਾਇਆ ਦੇ ਛਲ ਵਿਚ ਆ ਗਿਆ ਅਤੇ ਉਸਦੀਆਂ ਪ੍ਰਬਲ ਸ਼ਕਤੀਆਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ; ਸ਼ਬਦ, ਸਪਰਸ਼, ਰੂਪ, ਰਸ, ਗੰਧ ਵਰਗੇ ਵਿਸ਼ਿਆਂ ਅਤੇ ਰਾਜ, ਮਾਲ, ਰੂਪ, ਜਾਤ, ਜੋਬਨ ਵਰਗੇ ਠੱਗਾਂ ਦੇ ਧੱਕੇ ਚੜ੍ਹ ਗਿਆ; ਆਸਾ, ਅੰਦੇਸਾ ਦੇ ਜਾਲ

ਵਿਚ ਫਸ ਗਿਆ। ਤ੍ਰਿਸ਼ਨਾ ਦੀ ਅੱਗ ਦੇ ਭਾਂਬੜ ਵਿਚ ਜਲਣ ਲੱਗਿਆ, ਵੈਰ, ਵਿਰੋਧ, ਕਾਮ, ਕ੍ਰੋਧ, ਝੂਠ, ਬਿਕਾਰ, ਮਹਾ ਲੋਭ, ਧ੍ਰੋਹ ਦੀਆਂ ਪ੍ਰਬਲ ਸ਼ਕਤੀਆਂ ਦੇ ਅਸਰ ਵਿਚ ਫਸਿਆ ਆਪਣੇ ਜੀਵਨ ਦਾ ਸਮਾਂ ਵਿਅਰਥ ਗੁਆ ਲਿਆ। ਇਸ ਜੀਵ ਅੰਦਰ ਹਉਮੈ ਤੱਤ ਉਭਰ ਕੇ ਪੂਰੇ ਜੋਬਨ ਨਾਲ ਇਸਦੀ ਸੋਝੀ ਨੂੰ ਦੂਸ਼ਿਤ ਕਰਦਾ ਰਿਹਾ, ਇਸ ਜੀਵ ਨੇ ਕਰਮ ਕੀਤਾ ਅਤੇ ਉਨ੍ਹਾਂ ਨੂੰ ਆਪਣੀ ਸੋਝੀ ਵਿਚ ਧਾਰਨ ਕਰ ਲਿਆ ਕਿ ਇਹ ਸਾਰੇ ਕੰਮ ਮੈਂ ਕੀਤੇ ਹਨ। 'ਮੈਂ' ਦੇ ਭਾਵ ਨਾਲ ਕਰਮਾਂ ਦਾ ਚੱਕਰ ਇਸ ਦੇ ਦੁਆਲੇ ਚਿੰਬੜ ਗਿਆ ਅਤੇ ਇਹ ਕਰਮ ਜਾਲ ਵਿਚ ਫਸ ਗਿਆ। ਇਸ ਕਿਰਤ ਕਰਮ ਨੇ ਪ੍ਰਭੂ ਜੋਤ ਨੂੰ ਭੁਲਾ ਦਿਤਾ ਅਤੇ ਮੁੜ ਕੇ ਇਹ ਪਤਨ ਵਲ ਨੂੰ ਉਸੇ ਕਾਲ ਚੱਕਰ ਤੇ ਘੁੰਮਣ ਲਗਿਆ। ਹੌਲੀ-ਹੌਲੀ ਫੇਰ ਮਾਨਸ ਦੇਹ ਪ੍ਰਾਪਤ ਕਰਨ ਦੀ ਵਾਰੀ ਦੇ ਨੇੜੇ ਆਉਣ ਲੱਗਿਆ ਪਰ ਫੇਰ ਮਨੁੱਖ ਬਣ ਕੇ ਉਸੇ ਚੱਕਰ ਵਿਚ ਗ੍ਰਸਤ ਹੋ ਗਿਆ। ਇਹ ਸਾਡੀ ਦਸ਼ਾ ਹੈ ਜਿਸ ਵਿਚ ਪ੍ਰਵਿਰਤ ਹੋਏ ਹੋਏ ਅਸੀਂ ਬਾਨੀ ਦੀ ਸਤਿ ਅਵਾਜ਼ ਨੂੰ ਅੰਦਰ ਸੁਣ ਨਹੀਂ ਰਹੇ ਜੋ ਬਾਰ-ਬਾਰ ਇਹ ਕਹਿ ਰਹੀ ਹੈ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅੰਗ - ੧੨*

ਬਾਣੀ ਦੱਸ ਰਹੀ ਹੈ ਕਿ ਤੇਰੀ ਵਾਰੀ ਆ ਗਈ, ਤੂੰ ਸਾਵਧਾਨ ਹੋ। ਜਿਹੜੇ ਕੰਮਾਂ ਵਿਚ ਤੂੰ ਰੁਝਿਆ ਹੈਂ ਇਹ ਤੇਰੀ ਮਦਦ ਕਰਨ ਲਈ ਨਾਲ ਨਹੀਂ ਜਾਣੇ। ਤੈਨੂੰ ਅਸੀਂ ਬਹੁਤ ਹੀ ਪਿਆਰ ਨਾਲ ਸਲਾਹ ਦਿੰਦੇ ਹਾਂ, ਉਹਨੂੰ ਸੁਣ -

*ਕਰਉ ਬੇਨੰਤੀ ਸੁਨਹੁ ਮੇਰੇ ਮੀਤਾ*
*ਸੰਤ ਟਹਲ ਕੀ ਬੇਲਾ ॥*
*ਈਹਾ ਖਾਟਿ ਚਲਹੁ ਹਰਿ ਲਾਹਾ*
*ਆਗੈ ਬਸਨੁ ਸੁਹੇਲਾ ॥*
*ਅਉਧ ਘਟੈ ਦਿਨਸੁ ਰੈਨਾਰੇ ॥*
*ਮਨ ਗੁਰ ਮਿਲਿ ਕਾਜ ਸਵਾਰੇ ॥*
*ਇਹੁ ਸੰਸਾਰੁ ਬਿਕਾਰੁ ਸੰਸੇ ਮਹਿ*
*ਤਰਿਓ ਬ੍ਰਹਮ ਗਿਆਨੀ ॥*
*ਜਿਸਹਿ ਜਗਾਏ ਪੀਆਏ ਹਰਿ ਰਸੁ*
*ਅਕਥ ਕਥਾ ਤਿਨਿ ਜਾਨੀ ॥*
*ਜਾ ਕਉ ਆਏ ਸੋਈ ਵਿਹਾਝਹੁ*
*ਹਰਿ ਗੁਰ ਤੇ ਮਨਹਿ ਬਸੇਰਾ ॥*
*ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ*
*ਬਹੁਰਿ ਨ ਹੋਇਗੋ ਫੇਰਾ ॥ ਅੰਗ - ੨੦੫*

ਅਤੇ ਜਿਨ੍ਹਾਂ ਕੰਮਾਂ ਵਿਚ ਅਸੀਂ ਰੁਝੇ ਹਾਂ ਉਨ੍ਹਾਂ ਦੀ ਅਸਾਰਤਾ ਦਰਸਾਉਂਦੇ ਹੋਏ ਆਪ ਫੁਰਮਾਨ ਕਰਦੇ ਹਨ ਕਿ ਇਹ ਮਹਿਲ ਮਾੜੀਆਂ ਜਿਨ੍ਹਾਂ ਵਿਚ ਤੂੰ ਖਚਿਤ ਹੋਇਆ ਹੋਇਆ ਹੈਂ, ਇਹ ਕੁਝ ਵੀ ਨਹੀਂ, ਕੇਵਲ ਮਿਟੀ ਦੀਆਂ ਢੇਰੀਆਂ ਹਨ। ਮਾਇਆ ਕਮਾਉਣ ਦੇ ਚੱਕਰ ਵਿਚ ਪਿਆ ਹੋਇਆ ਤੂੰ ਗਫਲਤ ਕਰ ਰਿਹਾ ਹੈਂ ਤੇ ਤੇਰਾ ਸਮਾਂ ਲੰਘਦਾ ਤੁਰਿਆ ਜਾ ਰਿਹਾ ਹੈ। ਇਹ ਸਮਾਂ ਬਾਰ-ਬਾਰ ਨਹੀਂ ਆਉਣਾ -

*ਕਬੀਰ ਮਾਨਸ ਜਨਮੁ ਦੁਲੰਭੁ ਹੈ*
*ਹੋਇ ਨ ਬਾਰੈ ਬਾਰ ॥*
*ਜਿਉ ਬਨ ਫਲ ਪਾਕੇ ਭੁਇ ਗਿਰਹਿ*
*ਬਹੁਰਿ ਨ ਲਾਗਹਿ ਡਾਰ ॥ ਅੰਗ- ੧੩੬੬*

ਇਸ ਤਰ੍ਹਾਂ ਦੀਆਂ ਘੁਮੇਟਣੀਆਂ ਖਾਂਦੇ ਨੂੰ ਜੁਗਾਂ ਦੇ ਜੁਗ ਬਤੀਤ ਹੋ ਗਏ। ਕ੍ਰੋੜਾਂ ਸਾਲ ਲੰਘ ਗਏ। ਗੁਰੂ ਮਹਾਰਾਜ ਜੀ ਸਾਵਧਾਨ ਕਰਦੇ ਹੋਏ ਫੁਰਮਾਨ ਕਰਦੇ ਹਨ-

*ਫਿਰਤ ਫਿਰਤ ਬਹੁਤੇ ਜੁਗ ਹਾਰਿਓ*
*ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ*
*ਸਿਮਰਤ ਕਹਾ ਨਹੀ ॥ ਅੰਗ - ੬੩੧*

*ਫਰੀਦਾ ਕੋਠੇ ਮੰਡਪ ਮਾੜੀਆ*
*ਏਤੁ ਨ ਲਾਏ ਚਿਤੁ ॥*
*ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥*
*ਅੰਗ - ੧੩੮੦*

*ਤੁਰੇ ਪਲਾਣੇ ਪਉਣ ਵੇਗ*
*ਹਰ ਰੰਗੀ ਹਰਮ ਸਵਾਰਿਆ ॥*
*ਕੋਠੇ ਮੰਡਪ ਮਾੜੀਆ*
*ਲਾਇ ਬੈਠੇ ਕਰਿ ਪਾਸਾਰਿਆ ॥*
*ਚੀਜ ਕਰਨਿ ਮਨਿ ਭਾਵਦੇ*
*ਹਰਿ ਬੁਝਨਿ ਨਾਹੀ ਹਾਰਿਆ ॥*
*ਕਰਿ ਫੁਰਮਾਇਸਿ ਖਾਇਆ*
*ਵੇਖਿ ਮਹਲਤਿ ਮਰਣੁ ਵਿਸਾਰਿਆ ॥*
*ਜਰੁ ਆਈ ਜੋਬਨਿ ਹਾਰਿਆ ॥*
*ਅੰਗ - ੪੭੨*

ਸੋ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਆ! ਤੈਨੂੰ ਬਹੁਤ ਮੁਸ਼ਕਲਾਂ ਦੇ ਨਾਲ ਇਹ ਮਾਨਸ ਦੇਹੀ ਪ੍ਰਾਪਤ ਹੋਈ ਹੈ। ਇਹ ਕੇਵਲ ਪ੍ਰਭੂ ਨੂੰ ਮਿਲਣ ਵਾਸਤੇ ਹੈ। ਤੂੰ ਬਹੁਤ ਦੁਖਾਂ ਦੇ ਵਿਚ ਪਿਆ ਹੋਇਆ ਮਾਇਆ ਦੀ ਪਕੜ ਵਿਚ ਆ ਕੇ ਘੁੰਮ ਰਿਹਾ ਹੈਂ। ਐ ਜੀਵ! ਤੂੰ ਉਨ੍ਹਾਂ ਪੁਰਸ਼ਾਂ ਦੀ ਸੰਗਤ ਵਿਚ ਜਾਹ, ਜਿਨ੍ਹਾਂ ਨੇ ਵਾਹਿਗੁਰੂ ਜੀ ਨਾਲ ਮਿਲਾਪ ਕਰ ਲਿਆ ਹੈ ਅਤੇ ਜਿਨ੍ਹਾਂ ਨੂੰ ਇਕ ਸ੍ਵਾਸ ਭੀ ਪ੍ਰਭੂ ਨਹੀਂ ਵਿਸਰਦਾ, ਉਹ ਤੱਤ ਬੇਤੇ ਸੰਤ, ਗੁਰੂ ਲੋਕ ਤੈਨੂੰ ਪ੍ਰਭੂ ਦੇ ਨਾਲ ਮਿਲਾ ਦੇਣਗੇ -

***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥***
***ਅੰਗ - ੧੨***

ਸੋ ਗੁਰੂ ਮਹਾਰਾਜ ਜੀ ਮਾਝ ਰਾਗ ਦੇ ਬਾਰਾਮਾਹ ਵਿਚ ਹੋਰ ਸਪਸ਼ਟ ਕਰਦਿਆਂ ਹੋਇਆਂ ਫੁਰਮਾਨ ਕਰਦੇ ਹਨ -

***ਕਿਰਤਿ ਕਰਮ ਕੇ ਵੀਛੁੜੇ***
***ਕਰਿ ਕਿਰਪਾ ਮੇਲਹੁ ਰਾਮ॥***
***ਚਾਰਿ ਕੁੰਟ ਦਹ ਦਿਸ ਭ੍ਰਮੇ***
***ਥਕਿ ਆਏ ਪ੍ਰਭ ਕੀ ਸਾਮ॥ ਅੰਗ- ੧੩੩***

ਸੰਤਾਂ ਨੂੰ ਮਿਲ ਕੇ ਨਾਮ ਦੀ ਸੋਝੀ ਆਉਂਦੀ ਹੈ -

***ਸੰਤ ਜਨਾ ਮਿਲਿ ਪਾਈਐ***
***ਰਸਨਾ ਨਾਮੁ ਭਣਾ॥ ਅੰਗ - ੧੩੩***

ਉਹ ਫੁਰਮਾਉਂਦੇ ਹਨ ਕਿ ਇਕ ਖਿਨ ਮਾਤਰ ਵੀ ਵਾਹਿਗੁਰੂ ਤੋਂ ਬਿਨਾਂ ਜਿਉਣਾ ਬਿਰਥਾ ਹੋਇਆ ਕਰਦਾ ਹੈ। ਜਿਹੜਾ ਇਸ ਪ੍ਰਭੂ ਨੂੰ ਨਹੀਂ ਮਿਲਦਾ ਉਸਨੂੰ ਕਿੰਨੇ ਕੁ ਦੁਖਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ, ਇਸ ਦਾ ਕੋਈ ਵੀ ਅੰਦਾਜ਼ਾ ਨਹੀਂ ਲਗਦਾ ਕਿਉਂਕਿ ਸਾਰੇ ਕਲੇਸ਼, ਸਾਰੇ ਵਿਘਨ ਇਸ ਜੀਵ ਦੇ ਗਲ ਪੈ ਜਾਂਦੇ ਹਨ। ਅਵਿਦਿਆ, ਅਸਮਿਤਾ, ਅਭਿਨਿਵੇਸ਼, ਰਾਗ, ਦ੍ਵੈਸ਼ ਵਰਗੇ ਕਲੇਸ਼ਾਂ ਵਿਚ ਪਿਆ ਜੀਵ ਆਪਣਾ ਜਨਮ ਬਿਰਥਾ ਗਵਾ ਲੈਂਦਾ ਹੈ। ਸੋ ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ -

***ਸੋ ਪ੍ਰਭੁ ਚਿਤਿ ਨ ਆਵਈ***
***ਕਿਤੜਾ ਦੂਖੁ ਗਣਾ॥ ਅੰਗ - ੧੩੩***

***ਕੋਟਿ ਬਿਘਨ ਤਿਸੁ ਲਾਗਤੇ***
***ਜਿਸ ਨੋ ਵਿਸਰੈ ਨਾਉ॥ ਅੰਗ - ੫੨੨***

ਬਾਰਾਮਾਹ ਇਸ ਜੀਵ ਨੂੰ ਪ੍ਰਭੂ ਮਿਲਾਪ ਦੀ ਲਗਨ ਲਾਉਂਦਾ ਹੈ ਅਤੇ ਸੰਗਤ ਵਿਚ ਮਿਲ ਕੇ ਵਿਚਾਰ ਕਰਦਾ ਹੈ ਕਿ ਅੱਜ ਸਾਲ ਦਾ ਇਕ ਚੱਕਰ ਪੂਰਾ ਕਰਕੇ ਆਖਰੀ ਪੜਾਅ ਤੇ ਪਹੁੰਚ ਚੁਕਿਆ ਹੈ। ਮਾਘ ਦੇ ਮਹੀਨੇ ਵਿਚ ਸੰਤਾਂ ਦੀ ਸੰਗਤ ਅਤੇ ਉਨ੍ਹਾਂ ਦੀ ਧੂੜੀ ਦਾ ਮਹਾਤਮ ਦਸਿਆ ਗਿਆ ਸੀ ਜਿਸ ਦੇ ਫਲਸਰੂਪ ਇਸ ਜੀਵ ਨੇ ਜੀਵਨ ਢਾਲਿਆ ਤੇ ਹੁਣ ਫਲਗੁਣ ਦੇ ਮਹੀਨੇ ਇਸ ਦੀ ਕ੍ਰੋੜਾਂ ਅਰਬਾਂ ਸਾਲਾਂ ਦੀ ਲੱਗੀ ਹੋਈ ਲੋਚਾ ਪੂਰੀ ਕਰ ਦਿਤੀ। ਵਾਹਿਗੁਰੂ ਜੀ ਪ੍ਰਗਟ ਹੋ ਗਏ, ਸੰਤਾਂ ਨੇ ਪੂਰੀ ਸਹਾਇਤਾ ਕੀਤੀ। ਇਸ ਤੋਂ ਪਹਿਲਾਂ ਵਾਹਿਗੁਰੂ ਜੀ ਰਹਿੰਦੇ ਕਿਥੇ ਸਨ? ਗੁਰਬਾਣੀ ਦੇ ਅੰਦਰ ਬਹੁਤ ਹੀ ਵਿਸਥਾਰ ਨਾਲ ਖੋਲ੍ਹ ਕੇ ਦੱਸਿਆ ਗਿਆ ਹੈ ਕਿ ਇਸ ਸਰੀਰ ਦੀ ਮਹੱਤਤਾ ਇਸੇ ਕਰਕੇ ਹੈ ਕਿ ਵਾਹਿਗੁਰੂ ਜੀ ਨੇ ਆਪਣਾ ਆਸਣ ਇਸ ਸਰੀਰ ਵਿਚ ਸਥਾਪਿਤ ਕੀਤਾ ਹੋਇਆ ਹੈ ਅਤੇ ਆਪਣੇ ਤੱਕ ਪਹੁੰਚਣ ਦਾ ਰਸਤਾ ਤੱਤ ਬੇਤੇ ਮਹਾਂਪੁਰਸ਼ਾਂ ਨੂੰ ਪ੍ਰਗਟ ਕੀਤਾ ਹੋਇਆ ਹੈ। ਉਹ ਸੰਸਾਰ ਦੇ ਭਲੇ ਲਈ ਘਾਲ ਕਮਾਈਆਂ ਕਰਕੇ ਜਗਿਆਸੂਆਂ ਨੂੰ ਦਸਦੇ ਰਹਿੰਦੇ ਹਨ ਕਿ ਇਸ ਸਰੀਰ ਦੇ ਨੌ ਦਰਵਾਜ਼ਿਆਂ ਵਿਚੋਂ ਕੋਈ ਵੀ ਦਰਵਾਜ਼ਾ ਵਾਹਿਗੁਰੂ ਜੀ ਵਲ ਨਹੀਂ ਖੁਲ੍ਹਦਾ। ਇਹ ਸਾਰੇ ਦਰਵਾਜ਼ੇ ਬਾਹਰ ਨੂੰ ਖੁਲ੍ਹਦੇ ਹਨ। ਅੱਖੀਆਂ ਦੇਖ ਕੇ ਰਜਦੀਆਂ ਨਹੀਂ, ਕੰਨ ਗੀਤ ਅਤੇ ਨਾਦ ਸੁਣ-ਸੁਣ ਕੇ ਪਰਚੇ ਰਹਿੰਦੇ ਹਨ, ਜੀਭ ਅਨੇਕ ਕਿਸਮ ਦੇ ਸਵਾਦਾਂ ਵਿਚ ਪਰਚੀ ਰਹਿੰਦੀ ਹੈ। ਬਹੁਤ ਕਿਸਮ ਦੇ ਕੁ-ਰਸ ਮਾਣ ਕੇ ਨਿਤਾਣੀ ਬਣਦੀ ਜਾਂਦੀ ਹੈ, ਨੱਕ ਅਨੇਕ ਕਿਸਮ ਦੀਆਂ ਸੁਗੰਧੀਆਂ ਵਿਚ ਪਰਚਦਾ ਹੈ ਤੇ ਹੋਰ ਇੰਦ੍ਰੇ ਵਿਸ਼ੇ ਭੋਗਾਂ ਵਿਚ ਪਰਚੇ ਰਹਿੰਦੇ ਹਨ। ਇਹ ਸਾਰੇ ਵਾਹਿਗੁਰੂ ਜੀ ਨੂੰ ਮਿਲਾਉਣ ਵਾਸਤੇ ਜਦੋਂ ਤੱਕ ਸੋਧੇ ਨਾ ਜਾਣ, ਸਹਾਇਤਾ ਕਰਨ ਦੀ ਥਾਂ ਇਸ ਜੀਵ ਨੂੰ ਬੁਰੀ ਤਰ੍ਹਾਂ ਫਸਾ ਦਿੰਦੇ ਹਨ ਪਰ ਜਦੋਂ ਮਹਾਂਪੁਰਸ਼ਾਂ ਦੀ ਕ੍ਰਿਪਾ ਹੋ ਜਾਵੇ ਤੇ ਇਸ ਜੀਵ ਨੂੰ ਸਮਰੱਥ ਗੁਰੂ ਦਾ ਮੰਤ੍ਰ ਪ੍ਰਾਪਤ ਹੋ ਜਾਵੇ ਤਾਂ ਇਹੀ ਇੰਦ੍ਰੇ ਸਹਾਇਤਾ ਕਰਦੇ ਹਨ। ਰਸਨਾ ਨਾਮ ਜਪਦੀ ਹੈ, ਸਰਵਣ ਹਰੀ ਦਾ ਜਸ ਸੁਣਦੇ ਹਨ ਜਿਸ ਦਾ ਫਲ ਕਈ ਕ੍ਰੋੜਾਂ ਜੱਗਾਂ ਤੋਂ ਵੱਧ ਹੁੰਦਾ ਹੈ -

***ਕਈ ਕੋਟਿਕ ਜਗ ਫਲਾ***
***ਸੁਣਿ ਗਾਵਨਹਾਰੇ ਰਾਮ॥ ਅੰਗ - ੫੪੬***

ਨੇਤਰ ਪ੍ਰਭੂ ਪਿਆਰਿਆਂ ਦੇ ਦਰਸ਼ਨ ਕਰਕੇ, ਚਰਨ

ਸਤਿਸੰਗ ਤੇ ਜਾਣ ਕਰਕੇ, ਹੱਥ ਸੇਵਾ ਕਰਕੇ, ਹਿਰਦਾ ਵਾਹਿਗੁਰੂ ਦਾ ਪਿਆਰ ਹਿਰਦੇ ਵਿਚ ਵਸਣ ਕਰਕੇ, ਮੱਥਾ ਸੰਤਾਂ ਦੀ ਧੂੜੀ ਨਾਲ ਛੁਹਾ ਕੇ ਪਵਿੱਤਰ ਹੋ ਜਾਂਦਾ ਹੈ -

*ਚਰਨਹ ਗੋਬਿੰਦ ਮਾਰਗੁ ਸੁਹਾਵਾ॥*
*ਆਨ ਮਾਰਗ ਜੇਤਾ ਕਿਛੁ ਧਾਈਐ*
*ਤੇਤੋ ਹੀ ਦੁਖੁ ਹਾਵਾ॥*
*ਨੇਤ੍ਰ ਪੁਨੀਤ ਭਏ ਦਰਸੁ ਪੇਖੇ*
*ਹਸਤ ਪੁਨੀਤ ਟਹਲਾਵਾ॥*
*ਰਿਦਾ ਪੁਨੀਤ ਰਿਦੈ ਹਰਿ ਬਸਿਓ*
*ਮਸਤ ਪੁਨੀਤ ਸੰਤ ਧੂਰਾਵਾ॥*
*ਸਰਬ ਨਿਧਾਨ ਨਾਮਿ ਹਰਿ ਹਰਿ ਕੈ*
*ਜਿਸੁ ਕਰਮਿ ਲਿਖਿਆ ਤਿਨਿ ਪਾਵਾ॥*
*ਜਨ ਨਾਨਕ ਕਉ ਗੁਰੁ ਪੂਰਾ ਭੇਟਿਓ*
*ਸੁਖਿ ਸਹਜੇ ਅਨਦ ਬਿਹਾਵਾ॥*

*ਅੰਗ - ੧੨੧੨*

ਗੁਰੂ ਮਹਾਰਾਜ ਜੀ ਵਾਹਿਗੁਰੂ ਜੀ ਦੇ ਟਿਕਾਣੇ ਬਾਰੇ ਫੁਰਮਾਨ ਕਰਦੇ ਹਨ -

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ॥*
*ਅੰਦਰਿ ਕੋਟ ਛਜੇ ਹਟਨਾਲੇ॥*
*ਆਪੇ ਲੇਵੈ ਵਸਤੁ ਸਮਾਲੇ॥*
*ਬਜਰ ਕਪਾਟ ਜੜੇ ਜੜਿ ਜਾਣੈ*
*ਗੁਰ ਸਬਦੀ ਖੋਲਾਇਦਾ॥*
*ਭੀਤਰਿ ਕੋਟ ਗੁਫਾ ਘਰ ਜਾਈ॥*
*ਨਉ ਘਰ ਥਾਪੇ ਹੁਕਮਿ ਰਜਾਈ॥*
*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ॥*

*ਅੰਗ- ੧੦੩੩*

ਇਕ ਹੋਰ ਥਾਂ ਸਪਸ਼ਟ ਕਰਦੇ ਹੋਏ ਫੁਰਮਾਨ ਕਰਦੇ ਹਨ-

*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ॥*
*ਬਜਰ ਕਪਾਟ ਨ ਖੁਲਨੀ*
*ਗੁਰ ਸਬਦਿ ਖੁਲੀਜੈ॥*
*ਅਨਹਦ ਵਾਜੇ ਧੁਨਿ ਵਜਦੇ*
*ਗੁਰ ਸਬਦਿ ਸੁਣੀਜੈ॥*
*ਤਿਤੁ ਘਟ ਅੰਤਰਿ ਚਾਨਣਾ*
*ਕਰਿ ਭਗਤਿ ਮਿਲੀਜੈ॥*
*ਸਭ ਮਹਿ ਏਕੁ ਵਰਤਦਾ*
*ਜਿਨਿ ਆਪੇ ਰਚਨ ਰਚਾਈ॥ ਅੰਗ - ੯੫੪*

ਸੋ ਇਸ ਸਰੀਰ ਦੇ ਵਿਚ ਉਪਮਾ ਰਹਿਤ ਵਾਹਿਗੁਰੂ ਜੀ ਦਾ ਨਿਵਾਸ ਅਸਥਾਨ ਵਾਹਿਗੁਰੂ ਜੀ ਦਾ ਵਾਸਾ ਹੈ। ਪਰ ਇਹ ਜੀਵ ਮਾਇਆ ਵਿਚ ਖਚਿਤ ਹੋਇਆ ਹੋਇਆ ਅੰਦਰਲੇ ਰਾਹ ਦੀ ਪਛਾਣ ਨਹੀਂ ਕਰਦਾ ਅਤੇ ਨਾ ਹੀ ਇਹਦੇ ਅੰਦਰ ਰੁਚੀ ਪੈਦਾ ਹੁੰਦੀ ਹੈ ਕਿ ਮੈਂ ਵਾਹਿਗੁਰੂ ਜੀ ਦੇ ਦਰਸ਼ਨ ਪਾਵਾਂ। ਇਹ ਜੀਵ ਨਾਮ ਰੂਪੀ ਮੋਤੀ ਚੁਗਣ ਦੀ ਥਾਂ ਮਰੇ ਹੋਏ ਵਿਸ਼ਿਆਂ ਰੂਪੀ ਡੰਗਰਾਂ ਦਾ ਮਾਸ ਚੂੰਡ-ਚੂੰਡ ਖਾਂਦਾ ਹੈ ਅਤੇ ਆਪਣਾ ਜਨਮ ਬਿਰਥਾ ਗੁਆਉਂਦਾ ਹੈ। ਜਦੋਂ ਬਾਰਾਮਾਹ ਵਿਚ ਦੱਸੇ ਹੋਏ ਉਪਦੇਸ਼ ਇਸ ਜੀਵ ਨੇ ਕਮਾ ਲਏ ਤਾਂ ਉਸਨੂੰ ਪ੍ਰਭੂ ਦੇ ਦਰਸ਼ਨ ਹੋ ਜਾਂਦੇ ਹਨ। ਉਸਨੂੰ ਉਹ ਗੁਪਤ ਰਸਤਾ ਮਿਲ ਜਾਂਦਾ ਹੈ ਜੋ ਦਸਵੇਂ ਦੁਆਰ ਵਲ ਨੂੰ ਜਾਂਦਾ ਹੈ। ਇਸ ਮਹੀਨੇ ਦੇ ਵਿਚ ਪ੍ਰਗਟ ਕਰਦਿਆਂ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਫਲਗੁਨਿ ਅਨੰਦ ਉਪਾਰਜਨਾ*
*ਹਰਿ ਸਜਣ ਪ੍ਰਗਟੇ ਆਇ॥ ਅੰਗ - ੧੩੬*

ਵਾਹਿਗੁਰੂ ਜੀ ਦੇ ਮਿਲਾਪ ਦਾ ਕਿੰਨਾ ਅਨੰਦ ਆਇਆ, ਇਹ ਕਹਿਣ ਸੁਣਨ ਤੋਂ ਬਾਹਰ ਹੈ। ਜਿਸ ਥਾਂ ਵਾਹਿਗੁਰੂ ਜੀ ਇਸ ਸਰੀਰ ਵਿਚ ਰਹਿੰਦੇ ਹਨ ਉਸੇ ਬਾਰੇ ਭਾਈ ਗੁਰਦਾਸ ਜੀ ਪ੍ਰਗਟ ਕਰਦੇ ਹੋਏ ਦਸਦੇ ਹਨ ਕਿ ਜੋ ਇਸ ਸਰੀਰ ਦੇ ਵਿਚ ਦਸਵੇਂ ਦੁਆਰ ਦਾ ਟਿਕਾਣਾ ਹੈ, ਉਸਨੂੰ ਵਰਨਣ ਕਰਨਾ ਅਤਿ ਕਠਿਨ ਹੈ ਕਿਉਂਕਿ ਉਸਦੇ ਬਰਾਬਰ ਦਾ ਕੋਈ ਹੋਰ ਟਿਕਾਣਾ ਹੈ ਹੀ ਨਹੀਂ।

ਦਸਮ ਦੁਆਰ ਉਹ ਸ੍ਰੋਤ ਹੈ, ਉਹ ਸਥਾਨ ਹੈ ਜਿਥੋਂ ਮਨ ਤੇ ਇੰਦ੍ਰੀਆਂ ਦੀਆਂ ਬਿਰਤੀਆਂ ਤਾਕਤ ਲੈ ਕੇ ਬਾਹਰਮੁਖ ਦੌੜਦੀਆਂ ਅਤੇ ਬਾਹਰ ਆਪਣੇ-ਆਪਣੇ ਪਦਾਰਥ ਤੱਕ ਗੰਮਤਾ ਪਾ ਕੇ ਪਿਛਾਹਾਂ ਆਪਣੇ ਅੰਦਰ ਉਕਤ ਕੇਂਦਰ ਵਲ ਮੁੜ-ਲਗਾਤਾਰ ਬਾਹਰਲੀ ਅੰਦਰਲੀ ਕਾਰਵਾਈ ਵਿਚ ਵਰਤਿਆ ਕਰਦੀਆਂ ਹਨ। ਓਥੋਂ ਸਤ੍ਹਾ ਮਿਲਦੀ ਹੈ ਅਤੇ ਇਹ ਜੀਵ ਉਹ ਸਤ੍ਹਾ ਪਾ ਕੇ ਆਪਣੇ ਸੁਭਾਅ ਮੁਤਾਬਿਕ ਕਰਮ ਕਰਦਾ ਹੈ -

*ਇਸ ਕਾ ਬਲੁ ਨਾਹੀ ਇਸੁ ਹਾਥ॥*
*ਕਰਨ ਕਰਾਵਨ ਸਰਬ ਕੋ ਨਾਥ॥*

*ਅੰਗ - ੨੭੭*

ਸੋ ਸਾਰੀਆਂ ਬਿਰਤੀਆਂ ਬਾਹਰਲੀ ਖਬਰ ਅੰਦਰ ਭੇਜਦੀਆਂ ਰਹਿੰਦੀਆਂ ਹਨ। ਜਦੋਂ ਜੀਵ ਘਾਲ ਕਮਾਈ ਕਰਕੇ ਦਸਮ ਦੁਆਰ ਵਿਚ ਸੁਰਤ ਨਾਲ ਪਹੁੰਚਦਾ ਹੈ ਤਾਂ ਇਸ ਅਸਥਾਨ ਤੇ ਜੋਤੀ ਦੇ ਦਰਸ਼ਨ ਹੁੰਦੇ ਹਨ ਜਿਸ ਨੂੰ ਉਨਮਨੀ ਜੋਤ ਕਿਹਾ ਗਿਆ ਹੈ। ਪਰਪੱਕ ਅਭਿਆਸ ਕਾਰਨ ਇਹ ਜੋਤੀ ਸਾਖਸ਼ਾਤਕਾਰ ਹੋ ਜਾਇਆ ਕਰਦੀ ਹੈ ਅਤੇ ਅੰਦਰ ਅਨਹਤ ਨਾਦ ਦੀ ਸਹਿਜ ਧੁਨ ਦੇ ਰੂਪ ਵਿਚ ਨਾਮ ਦੀ ਤਾਰ ਬੱਝ ਜਾਇਆ ਕਰਦੀ ਹੈ ਜਿਸਨੂੰ ਅਨਹਦ ਧੁਨੀ ਕਿਹਾ ਜਾਂਦਾ ਹੈ। ਇਸ ਧੁਨ ਵਿਚ ਸੁਰਤ ਇਕ ਸਾਰ ਜੁਟਦੀ ਹੈ ਅਤੇ ਇਸ ਜੀਵ ਦੀ ਸੁਰਤ ਅਦਭੁੱਤ ਰਸ ਨੂੰ ਅਨੁਭਵ ਕਰਿਆ ਕਰਦੀ ਹੈ। ਜਿਸ ਦੀ ਤੇਲ ਧਾਰਾ ਵਤ ਪ੍ਰਵਾਹਿਤ ਅਵਸਥਾ ਨੂੰ, ਅਪਾਰ ਨਿਝਰ ਧਾਰ, ਕਹਿ ਕੇ ਕਥਨ ਕੀਤਾ ਗਿਆ ਹੈ। ਇਹ ਜੀਵ ਇਸ ਅੰਮ੍ਰਿਤ ਵਾਲੇ ਜੋਤੀ ਸਰੂਪ ਅਕਾਲ ਪੁਰਖ ਵਿਚ ਸਮਾਅ ਜਾਇਆ ਕਰਦਾ ਹੈ। ਆਪੇ ਤੋਂ ਪਾਰ ਹੋ ਕੇ ਇਹ ਛੋਟਾ ਆਪਾ ਵੱਡੇ ਆਪੇ ਵਿਚ ਲੀਨ ਹੋ ਜਾਇਆ ਕਰਦਾ ਹੈ। ਆਪ ਜੀ ਨੇ ਸਪਸ਼ਟ ਕਰਦਿਆਂ ਫੁਰਮਾਨ ਕੀਤਾ ਹੈ-

***ਦਸਮ ਸਥਾਨ ਕੇ ਸਮਾਨ ਕੌਨ ਭੌਨ ਕਹੌਂ***
***ਗੁਰ ਮੁਖਿ ਪਾਵੈ ਸੁ ਤਉ ਅਨਤ ਨ ਪਾਵਈ॥***
***ਉਨਮਨੀ ਜੋਤਿ ਪਟੰਤਰ ਦੀਜੈ ਕਉਨ ਜੋਤਿ***
***ਦਯਾ ਕੈ ਦਿਖਾਵੈ ਜਾਹੀ ਤਾਹੀ ਬਨ ਆਵਈ॥***
***ਅਨਹਦ ਨਾਦ ਸਮਸਰ ਨਾਦ ਬਾਦ ਕਉਨ***
***ਸ੍ਰੀ ਗੁਰੂ ਸੁਨਾਵੈ ਜਾਂਹਿ ਸੋਈ ਲਿਵ ਲਾਵਈ॥***
***ਨਿਝਰ ਅਪਾਰ ਧਾਰ ਤੁੱਲ ਨ ਅੰਮ੍ਰਿਤਰਸ***
***ਅਪਿਉ ਪੀਆਵੈ ਜਾਂਹਿ ਤਾਹੀ ਮੈ ਸਮਾਵਈ॥***
***ਪੰਨਾ - 36 (ਕਬਿੱਤ ਸ੍ਵਯੇ ਭਾਈ ਗੁਰਦਾਸ ਜੀ)***

ਜਦੋਂ ਇਸ ਅਸਥਾਨ ਤੇ ਸੁਰਤੀ ਪਹੁੰਚਦੀ ਹੈ ਤਾਂ ਬ੍ਰਹਮ ਸ਼ਾਖਸ਼ਾਤਕਾਰ ਹੋ ਜਾਇਆ ਕਰਦਾ ਹੈ। ਦਰਸ਼ਨ ਦੇਖਦੇ ਹੀ ਨਾ ਸੁਧ ਰਹਿੰਦੀ ਹੈ ਕਿਉਂਕਿ ਐਸਾ ਝਲਕਾਰਾ ਵਜਦਾ ਹੈ ਅਤੇ ਅੰਦਰ ਐਨਾਂ ਰਸ ਤਾਰੀ ਹੋ ਜਾਂਦਾ ਹੈ ਅਤੇ ਇਕ ਅਕਹਿ ਰਸ ਅਕਹਿ ਅਨੰਦ ਇਸ ਜੀਵ ਨੂੰ ਅਨੁਭਵ ਹੁੰਦਾ ਹੈ ਕਿ ਕੁਝ ਵੀ ਯਾਦ ਨਹੀਂ ਰਹਿੰਦਾ। ਕੋਈ ਸੰਸਕਾਰ ਸੁਰਤ ਵਿਚ ਨਹੀਂ ਆਉਂਦਾ, ਬੁੱਧ ਬੁੱਝਣ ਵਾਲੀ ਸ਼ਕਤੀ ਐਥੇ ਗੁੰਮ ਹੋ ਜਾਇਆ ਕਰਦੀ ਹੈ। ਬੁਧੀ ਦੇ ਵਿਚੋਂ, ਥਹੁ ਲਾ ਲੈਣ ਦਾ ਬਲ ਅਲੋਪ ਹੋ ਜਾਇਆ ਕਰਦਾ ਹੈ। ਸੁਰਤ ਨੂੰ ਸੋਝੀ ਨਾ ਰਹੀ ਅਤੇ ਸੋਚ ਵਿਚਾਰ ਵਿਚ ਧਿਆਨ ਕਰਨ ਦੀ ਹਿੰਮਤ ਨਾ ਰਹੀ, ਗਿਆਨ ਵਿਚ ਗਿਆਨ ਨਾ ਰਿਹਾ, ਜੋ ਕੁਝ ਹੁਣ ਤਾਈਂ ਜਾਨਿਆ ਸੀ, ਉਹ ਸਾਰੇ ਦਾ ਸਾਰਾ ਗਿਆਨ ਉਠ ਗਿਆ ਅਤੇ ਗੱਲ ਦੀ ਤਹਿ ਵਿਚ ਪਹੁੰਚਣ ਅਥਵਾ ਪ੍ਰਵਿਰਤ ਹੋਣ ਵਾਲੀ ਜੋ ਸ਼ਕਤੀ ਸੀ ਉਸਦੀ ਗਤਿ ਨਾ ਰਹੀ। ਧੀਰਜ ਦਾ ਧੀਰਜ, ਹੰਗਤਾ ਦਾ ਹੰਗਤਾਪੁਣ (ਅਹੰਭਾਵ) ਚਲਾ ਗਿਆ, ਕੇਵਲ ਪਿਆਰ ਰਹਿ ਗਿਆ ਅਤੇ ਪ੍ਰਤਿਸ਼ਟਾ (ਮਨੁੱਖੀ ਗੌਰਵਤਾ ਦੀ ਮਨੌਤ) ਲਤ ਪਤ, ਲੜਖੜਾ, ਖੁਆਰ ਹੋ ਗਈ। ਇਕ ਅਦਭੁੱਤ ਰਸ ਵਿਚ ਲੀਨ ਹੋ ਗਿਆ। ਅਚੰਭੇ ਤੋਂ ਵੀ ਅਚੰਭਾ ਸਰੂਪ, ਅਸਚਰਜ ਹੈਰਾਨੀ ਵਿਚ ਪਾਉਣ ਵਾਲੀ ਦਸ਼ਾ ਤੋਂ ਵੀ ਅਤਿਅੰਤ ਕਰਕੇ ਚਮਤਕਾਰ ਵਾਲੀ ਦਸ਼ਾ ਵਿਚ ਲੀਨ ਹੋ ਗਈ। ਇਹ ਅਭੇਦ ਅਵਸਥਾ ਦਾ ਜੋ ਅਨੰਦ ਹੈ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਦੋਂ ਵਾਹਿਗੁਰੂ ਜੀ ਦਾ ਮਿਲਾਪ ਹੋਇਆ ਉਹ ਦਸਮ ਦੁਆਰ ਵਿਚ ਹੀ ਪ੍ਰਗਟ ਹੋ ਗਏ, ਤਾਂ ਮਹਾਨ ਅਨੰਦ ਦੀ ਪ੍ਰਾਪਤੀ ਹੋਈ। ਇਹ ਮਹਾਨ ਕ੍ਰਿਪਾ ਗੁਰੂ ਰੂਪ ਸੰਤਾਂ ਨੇ ਕੀਤੀ। ਹੁਣ ਅਨੁਭਵ ਦੀ ਸੇਜ ਉਤੇ ਰੌਣਕਾਂ ਲਗ ਗਈਆਂ। ਅਨੇਕ ਕਿਸਮ ਦੇ ਪ੍ਰਕਾਸ਼, ਅਨੇਕ ਕਿਸਮ ਦੀਆਂ ਸੰਗੀਤਕ ਲਹਿਰਾਂ ਦੇ ਵਾਜੇ ਵਜ ਰਹੇ ਹਨ ਅਤੇ ਸਾਰੇ ਦੁਖਾਂ ਦਾ ਖਾਤਮਾ ਹੋ ਗਿਆ ਹੈ। ਭਾਈ ਗੁਰਦਾਸ ਜੀ ਇਸ ਅਵਸਥਾ ਦਾ ਵਰਨਣ ਕਰਦੇ ਹੋਏ ਫੁਰਮਾਨ ਕਰਦੇ ਹਨ -

***ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ***
***ਬੁਧਿ ਕੀ ਨ ਬੁਧਿ ਰਹੀ***
***ਮਤਿ ਮੈਂ ਨ ਮਤਿ ਹੈ॥***
***ਸੁਰਤਿ ਮੈਂ ਨ ਸੁਰਤਿ ਅਉ***
***ਧਯਾਨ ਮੈਂ ਨ ਧਯਾਨ ਰਹਯੋ***
***ਗਯਾਨ ਮੈ ਨ ਗਯਾਨ ਰਹਯੋ***
***ਗਤਿ ਮੈਂ ਨ ਗਤਿ ਹੈ॥***
***ਧੀਰਜ ਕੋ ਧੀਰਜ ਗਰਬ ਕੋ ਗਰਬ ਗਯੋ***
***ਰਤਿ ਮੈਂ ਨ ਰਤਿ ਰਹੀ ਪਤਿ ਰਤਿ ਪਤਿ ਹੈ॥***
***ਅਦਭੁਤ ਪਰਮਦਭੁਤ ਬਿਸਮੈ ਬਿਸਮ***
***ਅਸਚਰਜੈ ਅਸਚਰਜ ਅਤਿ ਅਤਿ ਹੈ।।***
***ਪੰਨਾ-34 (ਕਬਿੱਤ ਸ੍ਵਯੇ ਭਾਈ ਗੁਰਦਾਸ ਜੀ)***

ਹੁਣ ਹਿਰਦੇ ਰੂਪ ਸੇਜ ਸੁਹਾਵੀ ਹੋ ਗਈ, ਦੁਖਾਂ ਦਾ ਖਾਤਮਾ ਹੋ ਗਿਆ। ਜਨਮਾਂ-ਜਨਮਾਂਤਰਾਂ ਦੀ ਲੱਗੀ ਹੋਈ ਪ੍ਰਭੂ ਦੇ ਮਿਲਾਪ ਦੀ ਇਛਿਆ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੋ ਗਈ ਕਿਉਂਕਿ ਸਮਰੱਥ ਗੁਰੂ ਨੇ ਉਹ ਘਰ ਦਿਖਾ ਦਿਤਾ, ਜਿਥੇ ਮੇਰੇ ਪ੍ਰਭੂ ਦਾ ਸਦੀਵ ਹੀ ਵਾਸਾ ਹੈ। ਸਮਰੱਥ ਗੁਰੂ ਦੀ ਇਹੀ ਨਿਸ਼ਾਨੀ ਹੋਇਆ ਕਰਦੀ ਹੈ -

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ॥*
*ਪੰਚ ਸਬਦ ਧੁਨਿਕਾਰ ਧੁਨਿ*
*ਤਹ ਬਾਜੈ ਸਬਦੁ ਨੀਸਾਣੁ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥*
*ਤਾਰ ਘੋਰ ਬਾਜਿੰਤ੍ਰ ਤਹ*
*ਸਾਚਿ ਤਖਤਿ ਸੁਲਤਾਨੁ॥*
*ਸੁਖਮਨ ਕੈ ਘਰਿ ਰਾਗੁ ਸੁਨਿ*
*ਸੁੰਨਿ ਮੰਡਲਿ ਲਿਵ ਲਾਇ॥*
*ਅਕਥ ਕਥਾ ਬੀਚਾਰੀਐ*
*ਮਨਸਾ ਮਨਹਿ ਸਮਾਇ।।*
*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ॥*
*ਅਜਪਾ ਜਾਪੁ ਨ ਵੀਸਰੈ*
*ਆਦਿ ਜੁਗਾਦਿ ਸਮਾਇ॥*
*ਸਭਿ ਸਖੀਆ ਪੰਚੇ ਮਿਲੇ*
*ਗੁਰਮਖਿ ਨਿਜ ਘਰਿ ਵਾਸੁ॥*
*ਸਬਦੁ ਖੋਜਿ ਇਹੁ ਘਰੁ ਲਹੈ*
*ਨਾਨਕੁ ਤਾ ਕਾ ਦਾਸੁ॥* **ਅੰਗ - ੧੨੯੧**

ਹੁਣ ਸਾਰੀਆਂ ਸੰਗਣਾਂ-ਸਾਥਣਾਂ ਜੀਵ ਰੂਪ ਇਸਤ੍ਰੀ ਨਾਲ ਮਿਲ ਕੇ ਵਾਦੀ-ਏ-ਨੂਰ ਵਿਚ ਮੰਗਲ ਗਾ ਰਹੀਆਂ ਹਨ। ਸਾਰੀਆਂ ਸੁਰਤੀਆਂ-ਬਿਰਤੀਆਂ, ਕਰਮ ਇੰਦ੍ਰੀਆਂ ਮਿਲ ਕੇ ਇਸ ਨਿਜ ਘਰੁ ਦੇ ਗੁਣ ਗਾ ਰਹੀਆਂ ਹਨ-

*ਸਭਿ ਸਖੀਆ ਪੰਚੇ ਮਿਲੇ*
*ਗੁਰਮੁਖਿ ਨਿਜ ਘਰਿ ਵਾਸੁ॥*
*ਸਬਦੁ ਖੋਜਿ ਇਹੁ ਘਰੁ ਲਹੈ*
*ਨਾਨਕੁ ਤਾ ਕਾ ਦਾਸੁ॥* **ਅੰਗ - ੧੨੯੧**

ਇਹ ਜੀਵ ਆਤਮਾ ਹੈਰਾਨ ਹੋ ਗਈ ਕਿ ਵਾਹਿਗੁਰੂ ਜੀ ਵਰਗਾ ਤਾਂ ਹੋਰ ਕੋਈ ਹੈ ਹੀ ਨਹੀਂ ਜਿਨ੍ਹਾਂ ਨੇ ਮੇਰਾ ਹਲਤ ਵੀ ਸਵਾਰ ਦਿਤਾ ਅਤੇ ਦਰਗਾਹ ਵਿਚ ਨਿਹਚਲ ਥਾਂ ਬਖਸ਼ ਦਿਤੀ। ਹੁਣ ਸੰਸਾਰ ਦੇ ਭਿਆਨਕ ਸਾਗਰ ਵਿਚ ਗੋਤੇ ਖਾਣ ਲਈ ਜੰਮਣ ਮਰਨ ਦਾ ਚੱਕਰ ਹੀ ਬੰਦ ਕਰ ਦਿਤਾ। ਜਿਹਬਾ ਮੇਰੀ ਇਕ ਹੈ, ਤੇਰੇ ਗੁਣਾਂ ਦਾ ਸ਼ੁਮਾਰ ਨਹੀਂ, ਮੈਂ ਕਿਵੇਂ ਤੇਰੇ ਗੁਣ ਗਾਵਾਂ। ਵਾਹਿਗੁਰੂ ਜੀ ਨੂੰ ਨਿਤ ਹੀ ਸਲਾਹੁਣਾ ਉਚਿਤ ਹੈ ਭਾਵੇਂ ਉਸਨੂੰ ਇਕ ਤਿਲ ਜਿੰਨੀ ਵੀ ਤਮ੍ਹਾ ਨਹੀਂ ਹੈ, ਉਸਦੇ ਗੁਣ ਗਾਉਣ ਨਾਲ ਜੀਵ ਦਾ ਹੀ ਭਲਾ ਹੈ -

*ਮਿਲਿ ਸਹੀਆ ਮੰਗਲੁ ਗਾਵਹੀ*
*ਗੀਤ ਗੋਵਿੰਦ ਅਲਾਇ॥*
*ਹਰਿ ਜੇਹਾ ਅਵਰੁ ਨ ਦਿਸਈ*
*ਕੋਈ ਦੂਜਾ ਲਵੈ ਨ ਲਾਇ॥*
*ਹਲਤੁ ਪਲਤੁ ਸਵਾਰਿਓਨੁ*
*ਨਿਹਚਲ ਦਿਤੀਅਨੁ ਜਾਇ॥।*
*ਸੰਸਾਰ ਸਾਗਰ ਤੇ ਰਖਿਅਨੁ*
*ਬਹੁੜਿ ਨ ਜਨਮੈ ਧਾਇ॥*
*ਜਿਹਵਾ ਏਕ ਅਨੇਕ ਗੁਣ*
*ਤਰੇ ਨਾਨਕ ਚਰਣੀ ਪਾਇ॥*
*ਫਲਗੁਣਿ ਨਿਤ ਸਲਾਹੀਐ*
*ਜਿਸ ਨੋ ਤਿਲੁ ਨ ਤਮਾਇ॥*

**ਅੰਗ - ੧੩੬**

ਨਾਮ ਦੀ ਮਹਿਮਾ ਦਸਦੇ ਹੋਏ ਆਪ ਫੁਰਮਾਨ ਕਰਦੇ ਹਨ ਕਿ ਜਿਸ-ਜਿਸ ਨੇ ਵੀ ਨਾਮ ਆਪਣੇ ਧਿਆਨ ਵਿਚ ਵਸਾ ਲਿਆ ਹੈ, ਉਸ ਦੇ ਦੋਹਾਂ ਜਹਾਨਾਂ ਦੇ ਕਾਰਜ ਵਾਹਿਗੁਰੂ ਜੀ ਆਪ ਪੂਰਾ ਕਰਦੇ ਹਨ। ਪੂਰਾ ਗੁਰੂ ਅਰਾਧਣ ਨਾਲ ਦਰਗਾਹ ਵਿਚ ਖਰੇ ਸਮਝ ਕੇ ਆਦਰ ਮਿਲਦਾ ਹੈ, ਸਾਰੇ ਸੁਖਾਂ ਦਾ ਖਜ਼ਾਨਾ ਵਾਹਿਗੁਰੂ ਜੀ ਦੀ ਯਾਦ ਵਿਚ ਸੰਮਿਲਤ ਹੈ ਅਤੇ ਉਨ੍ਹਾਂ ਦੀ ਯਾਦ ਹਿਰਦੇ ਵਿਚ ਵਸਾਉਣ ਨਾਲ ਮਹਾਂ ਭਿਆਨਕ ਭਵਜਲ ਤਰ ਜਾਈਦਾ ਹੈ। ਭਗਤੀ ਕਰਕੇ, ਹਰੀ ਦੇ ਗੁਣ ਗਾ ਕੇ, ਸਰਵਣ, ਸਿਮਰਨ, ਅਰਦਾਸ ਕਰਕੇ ਸਾਨੂੰ ਪ੍ਰੇਮਾ ਭਗਤੀ ਪ੍ਰਾਪਤ ਹੋ ਜਾਂਦੀ ਹੈ ਤਾਂ ਮਾਇਆ ਮੁੜ ਕੇ ਆਪਣੀ ਅੱਗ ਵਿਚ ਜਾਲ ਨਹੀਂ ਸਕਦੀ। ਇਹ ਜੋ ਮਾਇਆ ਜਾਲ ਹੈ, ਇਸ ਦਾ ਮਿਥਿਆਪੁਣ ਪ੍ਰਗਟ ਹੋ ਕੇ ਸਦੀਵੀ ਇਕੋ ਵਾਹਿਗੁਰੂ ਜੀ ਹੀ ਹਰ ਥਾਂ ਦੇ ਉਤੇ ਦ੍ਰਿਸ਼ਟੀਗੋਚਰੇ ਹੁੰਦਾ ਹੈ। ਸੋ ਜਿਨ੍ਹਾਂ ਨੇ ਇਸ ਪ੍ਰਮੇਸ਼ਰ ਨੂੰ ਹਿਰਦੇ ਵਿਚ ਵਸਾ ਲਿਆ ਹੈ ਅਤੇ ਉਨ੍ਹਾਂ ਦੀ ਸੇਵਾ ਕਰਦੇ ਹਨ, ਉਨ੍ਹਾਂ ਉਪਰ ਵਾਹਿਗੁਰੂ ਜੀ ਦੀ ਨਦਰ ਹੋ ਜਾਇਆ ਕਰਦੀ ਹੈ। ਉਸ ਦੇ ਵਾਸਤੇ ਮਾਹ, ਦਿਵਸ, ਮਹੂਰਤ, ਵਿਘਨਕਾਰੀ ਨਹੀਂ ਹੁੰਦੇ, ਉਨ੍ਹਾਂ ਨੂੰ ਚੰਗੇ ਮੰਦੇ ਦਿਨ ਗਿਣਨ ਦੀ, ਜਾਚਣ ਦੀ ਕੋਈ ਲੋੜ ਨਹੀਂ ਹੁੰਦੀ। ਉਨ੍ਹਾਂ ਵਾਸਤੇ ਸਾਰੇ ਹੀ ਦਿਨ ਸ਼ੁਭ ਹੋਇਆ ਕਰਦੇ ਹਨ। ਜਿੰਨੇ ਵੀ ਵਿਘਨ ਹੁੰਦੇ ਹਨ ਉਹ ਸਾਰੇ ਦੇ ਸਾਰੇ ਉਨ੍ਹਾਂ ਨੂੰ ਲਗਦੇ ਹਨ ਜਿਨ੍ਹਾਂ ਨੇ ਪ੍ਰਭੂ ਪਿਆਰੇ ਨੂੰ ਭੁਲਾ ਕੇ ਜ਼ਿੰਦਗੀ ਦੇ ਅੰਧਕਾਰ ਵਿਚ ਧੱਕਾ ਖਾਧਾ ਹੈ। ਅਖੀਰ ਵਿਚ ਗੁਰੂ ਮਹਾਰਾਜ ਜੀ ਸਾਨੂੰ ਅਰਦਾਸ ਕਰਨ ਦੀ ਜਾਚ ਦਸਦੇ ਹੋਏ ਫੁਰਮਾਨ ਕਰਦੇ ਹਨ ਕਿ ਹੇ ਵਾਹਿਗੁਰੂ

*(ਬਾਕੀ ਪੰਨਾ 40 ਤੇ)*

# ਅਗੰਮ ਅਗੋਚਰ ਦਾ ਮਾਰਗ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-34)*

ਇਕ ਵਾਰੀ ਮੇਰੇ ਦੀਵਾਨ ਇਕ ਪਿੰਡ ਵਿਚ ਲੱਗੇ ਹੋਏ ਸਨ। ਅਚਾਨਕ ਰੌਲਾ ਪੈ ਗਿਆ ਕਿ ਦੱਸ ਮਹੀਨੇ ਦਾ ਬੱਚਾ ਖੇਲ੍ਹਦਾ-ਖੇਲ੍ਹਦਾ ਗੁੰਮ ਹੋ ਗਿਆ। ਜਦੋਂ ਮੈਨੂੰ ਪਤਾ ਲੱਗਿਆ ਤਾਂ ਮੈਂ ਸਭ ਨੂੰ ਕਿਹਾ ਕਿ ਮੀਲ ਦੋ ਮੀਲ ਅੰਦਰ ਘੇਰਾ ਪਾ ਲਵੋ ਅਤੇ ਉਸ ਘੇਰੇ ਨੂੰ ਛੋਟਾ ਕਰਦੇ ਤੁਰੇ ਆਓ। ਫਸਲਾਂ, ਖਰਲੇ, ਜੰਗਲ, ਬੇਲੇ ਸਭ ਦੇਖ ਲਓ। ਇਸ ਤਰ੍ਹਾਂ ਕਰਦੇ-ਕਰਦੇ ਜਦੋਂ ਘੇਰਾ ਬਹੁਤ ਛੋਟਾ ਹੋ ਗਿਆ ਤਾਂ ਕੀ ਦੇਖਿਆ ਕਿ ਨਾਲ ਲਗਦੇ ਫਾਰਮ ਵਿਚ ਜੋ ਡੇਰਾ ਸੀ, ਉਸ ਦੀ ਜਦੋਂ ਤਲਾਸ਼ੀ ਲਈ ਗਈ ਤਾਂ ਬੱਚੇ ਦਾ ਮੂੰਹ ਬੰਨ੍ਹ ਕੇ ਮੰਜੇ ਦੇ ਹੇਠਾਂ ਸੁੱਟ ਕੇ ਭਾਰੀ ਚੀਜ਼ ਨਾਲ ਬੰਨ੍ਹਿਆ ਹੋਇਆ ਸੀ ਮੰਜੇ ਦੇ ਉਤੇ double bed ਦੀ ਚਾਦਰ ਪਾਈ ਹੋਈ ਸੀ। ਜਦੋਂ ਸਾਡੇ ਸਿੰਘਾਂ ਨੇ ਚਾਦਰ ਚੁਕੀ ਤਾਂ ਬੱਚਾ ਪੂਰੇ ਜ਼ੋਰ ਨਾਲ ਰੋ ਰਿਹਾ ਸੀ। ਪਰ ਉਸ ਦੀ ਅਵਾਜ਼ ਬਾਹਰ ਨਹੀਂ ਆ ਰਹੀ ਸੀ। ਉਸੇ ਘਰ ਦੇ ਸਾਮ੍ਹਣੇ ਇਕ ਮਾਈ ਜੋ ਤੰਤਰ ਵਿਦਿਆ ਦੀ ਜਾਣੂੰ ਸੀ, ਬੈਠੀ ਹੱਥ ਵਿਚ ਮਾਲਾ ਲਈ ਭਜਨ ਕਰਦੀ ਐਉਂ ਪ੍ਰਤੀਤ ਦਿੰਦੀ ਸੀ ਜਿਵੇਂ ਕੋਈ ਪ੍ਰਮੇਸ਼ਰ ਦੀ ਪਿਆਰੀ ਬੈਠੀ ਹੋਵੇ। ਉਸ ਨੂੰ ਵੀ ਨਾਲ ਹੀ ਫੜ ਲਿਆ। ਜਦੋਂ ਉਸ ਨੂੰ ਚਾਹਟਾ ਛਕਾਇਆ ਗਿਆ ਤਾਂ ਉਸ ਨੇ ਦੱਸਿਆ ਕਿ ਇਨ੍ਹਾਂ ਦੇ ਘਰ ਓਲਾਦ ਨਹੀਂ ਸੀ ਤਾਂ ਮੈਂ ਇਨ੍ਹਾਂ ਨੂੰ ਕਿਹਾ ਕਿ ਕਿਸੇ ਦਾ ਜੇਠਾ ਪੁੱਤਰ ਲਿਆਓ। ਮੈਂ ਮੰਤਰ ਪੜ੍ਹ ਕੇ ਉਸ ਦੇ ਹੱਥ, ਪੈਰ, ਬਾਹਵਾਂ, ਲੱਤਾਂ ਕੱਟਾਂਗੀ ਅਤੇ ਸ਼ਾਹ ਰਗ ਕੱਟ ਕੇ ਖ਼ੂਨ ਦਾ ਬਰਤਨ ਭਰਾਂਗੀ। ਉਸ ਖ਼ੂਨ ਨੂੰ ਪਾਣੀ ਦੀ ਬਾਲਟੀ ਵਿਚ ਪਾ ਕੇ ਮੰਤਰੇ ਹੋਏ ਜਲ ਨਾਲ ਤੂੰ ਇਸ਼ਨਾਨ ਕਰ ਲਵੇਂਗੀ ਤਾਂ ਤੇਰੇ ਘਰ ਉਸੇ ਪੁੱਤਰ ਦੀ ਰੂਹ ਆ ਕੇ ਜਨਮ ਲਵੇਗੀ।

ਅਜਿਹੇ ਕੇਸ ਇਕ ਨਹੀਂ ਹੁੰਦੇ ਸੈਂਕੜੇ ਹੁੰਦੇ ਹਨ ਅਤੇ ਅਜਿਹੇ ਅਪਰਾਧ ਹੁੰਦੇ ਹੀ ਰਹਿੰਦੇ ਹਨ। ਸੋ ਅਜਿਹਾ ਕਰਮ ਕਰਕੇ ਵੀ ਪੁੱਤਰ ਪ੍ਰਾਪਤ ਕਰਨ ਤੋਂ ਸੰਕੋਚ ਨਹੀਂ ਕੀਤਾ ਜਾਂਦਾ ਪਰ ਪੁੱਤਰ ਇਕ ਸੈਕਿੰਡ ਵਿਚ ਆਪਣੀ ਪਤਨੀ ਦੇ ਸਿੱਖੇ ਸਿਖਾਏ ਮਾਤਾ ਪਿਤਾ ਨੂੰ ਛੱਡ ਦਿੰਦਾ ਹੈ। ਕੈਸਾ ਅਕ੍ਰਿਤਘਣ ਪੁਤਰ ਹੈ।

ਦੁਨੀਚੰਦ ਦਾ ਪਿਤਾ ਕਹਿਣ ਲੱਗਿਆ ਕਿ ਬੇਟਾ! ਤੂੰ ਨੇਕ ਪੁੱਤਰ ਹੈਂ, ਮੇਰੇ ਨਮਿਰਤ ਸਰਾਧ ਕਰਦਾ ਸੀ। ਭਾਵੇਂ ਤੈਨੂੰ ਨਹੀਂ ਪਤਾ ਸੀ ਕਿ ਮੈਨੂੰ ਤੇਰਾ ਕੀਤਾ ਹੋਇਆ ਸਰਾਧ ਪਹੁੰਚਦਾ ਹੈ ਜਾਂ ਨਹੀਂ ਪਹੁੰਚਦਾ ਪਰ ਤੂੰ ਪਿਤਰ ਦੰਡ ਭਰਦਾ ਹੀ ਰਿਹਾ ਹੈਂ। ਗੁਰੂ ਨਾਨਕ ਪਾਤਸ਼ਾਹ ਤੈਨੂੰ ਸੁਮੱਤ ਬਖਸ਼ਣਗੇ। ਤੇਰੇ ਘਰ ਪ੍ਰਭੂ ਆਪ ਆਏ ਹੋਏ ਹਨ, ਤੂੰ ਉਨ੍ਹਾਂ ਦਾ ਹੁਕਮ ਮੰਨੀਂ।

ਦੁਨੀਚੰਦ ਗੁਰੂ ਨਾਨਕ ਪਾਤਸ਼ਾਹ ਦੇ ਪਾਸ ਆਇਆ। ਆਪ ਨੇ ਕਿਹਾ ਕਿ ਪਿਤਰਾਂ ਦੇ ਨਮਿਤ ਓਹੀ ਅੰਨ ਪਹੁੰਚਦਾ ਹੈ ਜੋ ਭਜਨ ਕਰਨ ਵਾਲੇ ਨਿਸ਼ਕਾਮ ਪੁਰਸ਼ ਦੇ ਮੁੱਖ ਵਿਚ ਪਹੁੰਚਦਾ ਹੈ। ਅੱਜਕਲ੍ਹ ਦੇ ਅਜਿਹੇ ਪੁੱਤਰ ਹਨ ਜੋ ਆਪਣੇ ਮਾਤਾ ਪਿਤਾ ਦੇ ਨਮਿਤ ਕੁਝ ਨਹੀਂ ਕਰਦੇ।

ਸੋ ਇਹ ਬਚਨ ਇਸ ਲਈ ਲਿਖੇ ਹਨ ਕਿ ਪੁੱਤਰ ਵਾਸ਼ਨਾ ਆਦਮੀ ਨੂੰ ਕਿੰਨਾ ਨੀਵਾਂ ਲੈ ਜਾਂਦੀ ਹੈ ਅਤੇ ਪੁੱਤਰ ਪ੍ਰਾਪਤੀ ਤੋਂ ਬਾਅਦ ਜੋ ਦੁਖ ਪਹੁੰਚਦਾ ਹੈ ਉਸ ਦਾ ਕੋਈ ਅੰਦਾਜ਼ਾ ਹੀ ਨਹੀਂ ਲਗ ਸਕਦਾ। ਕਿਉਂਕਿ ਨਾ ਤਾਂ ਮਾਤਾ ਪਿਤਾ ਪੁੱਤਰ ਉਪਰ ਕੋਈ ਕਾਨੂੰਨੀ ਕਾਰਵਾਈ ਕਰ ਸਕਦੇ ਹਨ, ਨਾ ਆਪਣੇ ਪੁੱਤਰ ਨੂੰ ਕੋਈ ਨੁਕਸਾਨ ਪਹੁੰਚਾ ਸਕਦੇ ਹਨ। ਉਹ ਆਪ ਦੁਖੀ ਰਹਿ ਕੇ ਵੀ ਆਪਣੇ ਪੁੱਤਰਾਂ ਦਾ ਭਲਾ ਹੀ ਮੰਗਦੇ ਹਨ।

ਪੁੱਤਰ ਵਾਸ਼ਨਾ ਵਿਚ ਕੋਈ ਸੁਖ ਨਹੀਂ ਹੈ। ਇਸਦਾ ਇਹ ਮਤਲਬ ਨਹੀਂ ਕਿ ਅਸਾਡੇ ਪੁੱਤਰ ਪਰਿਵਾਰ ਦਾ ਵਾਧਾ ਹੀ ਨਾ ਹੋਵੇ। ਜੇ ਵਾਹਿਗੁਰੂ ਜੀ ਸੁਮੱਤ ਦੇ ਦੇਣ ਅਤੇ ਪੁੱਤਰ ਆਪਣੇ ਫਰਜ਼ ਪਹਿਚਾਣ ਲੈਣ ਤਾਂ ਮਾਤਾ ਪਿਤਾ ਵੀ ਸੁਖੀ ਰਹਿੰਦੇ ਹਨ ਅਤੇ ਪਰਿਵਾਰ ਵੀ ਸੁਖੀ ਰਹਿੰਦਾ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਰਿਸ਼ਤੇਦਾਰ, ਪੁੱਤਰ, ਧੀਆਂ ਇਹ ਸਭ ਪਿਛਲੇ ਜਨਮਾਂ ਦੇ ਸੰਜੋਗੀ ਹੋਇਆ ਕਰਦੇ ਹਨ ਪਰ ਆਪਣਾ-ਆਪਣਾ ਜੀਵਨ ਲੰਘਾਉਣ ਪਿਛੋਂ ਇਸ ਤਰ੍ਹਾਂ ਅੱਡ-ਅੱਡ ਹੋ ਜਾਂਦੇ ਹਨ ਜਿਸ ਤਰ੍ਹਾਂ ਹੜ੍ਹ ਆਉਣ ਤੇ ਘੁੰਮਣ ਘੇਰੀਆਂ ਵਿਚ ਆਇਆ ਰੇਤਾ ਇਕ ਥਾਂ ਤੋਂ ਉਠ ਕੇ ਮੀਲਾਂ ਦੂਰ ਜਾ ਟਿਕਦਾ ਹੈ -

***ਮਾਤ ਪਿਤਾ ਬਨਿਤਾ ਸੁਤ ਬੰਧਪ***

*ਇਸਟ ਮੀਤ ਅਰੁ ਭਾਈ॥*
*ਪੂਰਬ ਜਨਮ ਕੇ ਮਿਲੇ ਸੰਜੋਗੀ*
*ਅੰਤਹਿ ਕੋ ਨ ਸਹਾਈ॥ ਅੰਗ- ੭੦੦*

ਹੁਣ ਤਕ ਦੋ ਵਾਸ਼ਨਾਵਾਂ ਦਾ ਜ਼ਿਕਰ ਕੀਤਾ ਹੈ - ਪੁੱਤਰ ਵਾਸ਼ਨਾ ਅਤੇ ਧਨ ਵਾਸ਼ਨਾ ਦਾ। ਇਨ੍ਹਾਂ ਨੂੰ ਮਲਨ ਵਾਸ਼ਨਾ ਆਖਿਆ ਜਾਂਦਾ ਹੈ। ਇਨ੍ਹਾਂ ਵਾਸ਼ਨਾਵਾਂ ਕਰਕੇ ਜੀਵ ਜਨਮ ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ। ਉਹ ਆਪਣੇ ਆਪ ਨੂੰ ਪਛਾਣਦਾ ਹੀ ਨਹੀਂ ਹੈ ਕਿਉਂਕਿ ਇਹ ਜੀਵ ਵਾਹਿਗੁਰੂ ਦੀ ਅੰਸ ਹੈ, ਇਹ ਸਰੀਰ ਨਹੀਂ ਹੈ, ਇਹ ਵੀ ਜੀਵ ਵਾਸ਼ਨਾ ਕਰਕੇ ਆਪਣੇ ਸਰੂਪ ਨੂੰ ਭੁੱਲ ਗਿਆ ਹੈ।

ਬਹੁਤ ਸਾਰਿਆਂ ਨੂੰ ਸਾਸ਼ਤਰ ਵਾਸ਼ਨਾ ਹੋ ਜਾਂਦੀ ਹੈ ਅਤੇ ਉਹ ਦੁਨੀਆਂ ਭਰ ਦੀਆਂ ਪੁਸਤਕਾਂ ਪੜ੍ਹਦੇ ਰਹਿੰਦੇ ਹਨ। ਉਨ੍ਹਾਂ ਦੇ ਮਨ ਵਿਚ ਇਹ ਖਿਆਲ ਹੁੰਦਾ ਹੈ ਕਿ ਮੈਂ ਸਭ ਤੋਂ ਵੱਡਾ ਵਿਦਵਾਨ ਹੋਵਾਂ ਅਤੇ ਮੇਰਾ ਨਾਮ ਦੁਨੀਆਂ ਉਤੇ ਮਸ਼ਹੂਰ ਹੋਵੇ। ਲੋਕ ਵਾਸ਼ਨਾ ਅਨੁਸਾਰ ਹਰ ਵਕਤ ਮਨ ਵਿਚ ਸਮਾਇਆ ਰਹਿੰਦਾ ਹੈ ਕਿ ਲੋਕੀ ਮੇਰੀ ਉਸਤਤ ਕਰਨ ਅਤੇ ਮੇਰੀ ਨਿੰਦਿਆ ਨਾ ਕਰਨ ਅਤੇ ਮੈਨੂੰ ਸਾਰੇ ਬਹੁਤ ਚੰਗਾ ਕਹਿਣ ਪਰ ਕੁਦਰਤ ਦਾ ਐਸਾ ਅਸੂਲ ਹੈ ਕਿ ਨਾ ਹੀ ਸਾਰੇ ਲੋਕ ਕਿਸੇ ਨੂੰ ਬਹੁਤ ਚੰਗਾ ਆਖਦੇ ਹਨ, ਨਾ ਹੀ ਸਾਰੇ ਲੋਕ ਕਿਸੇ ਨੂੰ ਬੁਰਾ ਆਖਦੇ ਹਨ। ਆਪੋ ਆਪਣੇ ਖਿਆਲ ਹੋਇਆ ਕਰਦੇ ਹਨ। ਵਾਹਿਗੁਰੂ ਜੀ ਨੇ ਸੰਸਾਰ ਵਿਚ ਕੋਈ ਐਸਾ ਨਿਯਮ ਨਹੀਂ ਬਣਾਇਆ ਕਿ ਸਾਰੇ ਲੋਕ ਹੀ ਉਸਤਤ ਕਰਨ, ਐਸਾ ਵੀ ਨਹੀਂ ਹੈ ਕਿ ਸਾਰੇ ਲੋਕ ਨਿੰਦਿਆ ਕਰਨ। ਗੁਰੂ ਮਹਾਰਾਜ ਜੀ ਨੇ ਨਿੰਦਿਆ ਤੇ ਉਸਤਤ ਦੋਹਾਂ ਨੂੰ ਤਿਆਗ ਕੇ ਨਿਰਵਾਣ ਪਦ ਦੀ ਖੋਜ ਕਰਨ ਲਈ ਤਾਕੀਦ ਕੀਤੀ ਹੈ -

*ਉਸਤਤਿ ਨਿੰਦਾ ਦੋਊ ਤਿਆਗੈ*
*ਖੋਜੈ ਪਦੁ ਨਿਰਬਾਨਾ॥ ਅੰਗ - ੨੧੯*

ਜੋ ਸਤਿਪੁਰਸ਼ ਹੋਇਆ ਕਰਦੇ ਹਨ ਜਿਨ੍ਹਾਂ ਦੇ ਅੰਦਰ ਪ੍ਰਭੂ ਦੀ ਜੋਤ ਇਕ ਰਸ ਜਗਦੀ ਹੈ ਅਤੇ ਜਿਨ੍ਹਾਂ ਦੇ ਅੰਦਰ ਅਨਹਦ ਸ਼ਬਦਾਂ ਦੀ ਧੁਨਕਾਰ ਗੁੰਜ਼ਾਰਾਂ ਪਾਉਂਦੀ ਹੈ, ਉਨ੍ਹਾਂ ਦੀ ਪ੍ਰਭੂ ਨਾਲ ਬਣ ਆਉਂਦੀ ਹੈ ਉਹ ਉਸਤਤ, ਨਿੰਦਾ ਦੇ ਚੱਕਰ ਵਿਚ ਨਹੀਂ ਪੈਂਦੇ। ਭਾਵੇਂ ਸਾਰੇ ਲੋਕ ਉਨ੍ਹਾਂ ਦੀ ਨਿੰਦਾ ਕਰਨ ਤਾਂ ਉਨ੍ਹਾਂ ਦਾ ਕੁਝ ਘਟਦਾ ਨਹੀਂ, ਭਾਵੇਂ ਸਾਰੇ ਲੋਕ ਉਨ੍ਹਾਂ ਦੀ ਉਸਤਤਿ ਕਰਨ ਤਾਂ ਉਨ੍ਹਾਂ ਦਾ ਕੁਝ ਵਧਦਾ ਨਹੀਂ। ਜੇ ਲੋਕ ਉਨ੍ਹਾਂ ਨੂੰ ਸਲਾਹੁੰਦੇ ਹਨ ਤਾਂ ਕੀ ਵਡੱਤਣ ਹੈ, ਜੇ ਲੋਕ ਨਿੰਦਦੇ ਹਨ ਤਾਂ ਕੀ ਘਟਦਾ ਹੈ। ਘਟਦਾ ਉਸ ਸਮੇਂ ਹੈ ਜਦੋਂ ਪ੍ਰਭੂ ਦੀ ਪ੍ਰਕਾਸ਼ਮਈ ਜੋਤ ਅੰਦਰ ਮੱਧਮ ਪੈ ਜਾਵੇ ਤਾਂ ਜਿੰਨਾਂ ਦੁਖ ਉਸਦਾ ਹੁੰਦਾ ਹੈ ਉਸ ਦਾ ਕੋਈ ਵਰਣਨ ਨਹੀਂ ਕਰ ਸਕਦਾ।

*ਜਿਉ ਮਛੁਲੀ ਬਿਨੁ ਪਾਣੀਐ*
*ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ*
*ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ*
*ਸਨਮੁਖ ਉਠਿ ਧਾਵੈ।।*
*ਭਵਰੁ ਲੋਭੀ ਕੁਸਮ ਬਾਸੁ ਕਾ*
*ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ॥ ਅੰਗ - ੭੦੮*

ਇਸ ਕਰਕੇ ਸੰਤ ਉਸਤਤ ਤੇ ਨਿੰਦਿਆਂ ਤੋਂ ਉਤੇ ਹੁੰਦੇ ਹਨ। ਉਨ੍ਹਾਂ ਦਾ ਤਾਂ ਇਕੋ ਨਿਸ਼ਾਨਾ ਹੁੰਦਾ ਹੈ ਕਿ ਉਸਤਤਿ ਤੇ ਨਿੰਦਾ ਦੋਨੋਂ ਬਹੁਤ ਭਾਰੀਆਂ ਰੁਕਾਵਟਾਂ ਹਨ। ਉਸਤਤਿ ਆਦਮੀ ਅੰਦਰ ਅਭਿਮਾਨ ਪੈਦਾ ਕਰਦੀ ਹੈ ਅਤੇ ਨਿੰਦਾ ਹੀਣਤਾ ਪੈਦਾ ਕਰਦੀ ਹੈ। ਇਹ ਦੋਨੋਂ ਘਟੀਆ ਕਿਸਮ ਦੇ ਜੀਵਨ ਹਨ। ਸੰਤਾਂ ਨੂੰ ਸੋਝੀ ਹੁੰਦੀ ਹੈ। ਉਹ ਸਿਰਫ ਅੰਦਰ ਤਕਦੇ ਹਨ ਕਿ ਕੀ ਪ੍ਰਭੂ ਨਾਲ ਬਣੀ ਹੋਈ ਹੈ ਜਾਂ ਲਿਵ ਟੁੱਟ ਗਈ ਹੈ। ਉਨ੍ਹਾਂ ਨੂੰ ਪ੍ਰਭੂ ਨਾਲੋਂ ਲਿਵ ਟੁੱਟਣ ਦਾ ਦੁੱਖ ਹੋਇਆ ਕਰਦਾ ਹੈ ਕਿਉਂਕਿ ਜੀਵਨ ਉਨਾਂ ਚਿਰ ਹੀ ਹੈ ਜਦੋਂ ਤਕ ਪ੍ਰਭੂ ਨਾਲ ਬਣ ਆਵੇ। ਜੇ ਵਿਸਰ ਜਾਵੇ ਤਾਂ ਉਨ੍ਹਾਂ ਨੂੰ ਸਾਰਾ ਖਾਣਾ, ਪੀਣਾ ਹਰਾਮ ਲਗਦਾ ਹੈ। ਸੰਸਾਰ ਵਿਚ ਉਹੀ ਜੀਉਂਦਾ ਹੈ ਜਿਸ ਦੇ ਅੰਦਰ ਪ੍ਰਕਾਸ਼ ਹੋ ਗਿਆ। ਮਰਿਆ ਓਹੀ ਹੈ ਜਿਸ ਦੇ ਅੰਤਰ ਆਤਮੇ ਜੋਤ ਵਿਗਾਸ ਨਹੀਂ ਹੈ -

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ।।*
*ਨਾਨਕ ਅਵਰੁ ਨ ਜੀਵੈ ਕੋਇ॥*
*ਜੇ ਜੀਵੈ ਪਤਿ ਲਥੀ ਜਾਇ॥*
*ਸਭੁ ਹਰਾਮੁ ਜੇਤਾ ਕਿਛੁ ਖਾਇ॥*
*ਅੰਗ - ੧੪੨*

ਸੋ ਲੋਕ-ਵਾਸ਼ਨਾ ਦਾ ਸਾਧੂਆਂ ਉਪਰ ਕੋਈ ਵੀ ਅਸਰ ਨਹੀਂ ਹੁੰਦਾ ਉਹ ਤਾਂ ਇਹੋ ਹੀ ਕਹਿੰਦੇ ਹਨ ਕਿ-

*ਲੋਕਨ ਕੀ ਚਤੁਰਾਈ ਉਪਮਾ*
*ਤੇ ਬੈਸੰਤਰਿ ਜਾਰਿ॥*
*ਕੋਈ ਭਲਾ ਕਹਉ ਭਾਵੈ ਬੁਰਾ ਕਹਉ*
*ਹਮ ਤਨੁ ਦੀਓ ਹੈ ਢਾਰਿ॥*
*ਅੰਗ - ੫੨੮*

ਪਹਿਲਾਂ ਹੀ ਇਸ ਲਾਈਨ ਤੇ ਖੜ੍ਹੇ ਹੋ ਜਾਂਦੇ ਹਨ ਜਿਸ ਤੋਂ ਅੱਗੇ ਕੁਝ ਕਿਹਾ ਹੀ ਨਹੀਂ ਜਾ ਸਕਦਾ। ਜੋ ਇਸ ਤਰ੍ਹਾਂ ਕਰਦੇ ਹਨ, ਉਨਾਂ ਨੂੰ ਆਪਣੇ ਮਿਤਰਾਂ ਦੀ ਸ਼੍ਰੇਣੀ ਵਿਚ ਗਿਣਦੇ ਹਨ –

***ਕਬੀਰ ਸਭ ਤੇ ਹਮ ਬੁਰੇ***
***ਹਮ ਤਜਿ ਭਲੋ ਸਭੁ ਕੋਇ॥***
***ਜਿਨਿ ਐਸਾ ਕਰਿ ਬੂਝਿਆ***
***ਮੀਤੁ ਹਮਾਰਾ ਸੋਇ॥ ਅੰਗ – ੧੩੬੪***

ਇਕ ਵਾਰੀ ਐਸਾ ਜ਼ਿਕਰ ਆਉਂਦਾ ਹੈ ਨਾਮਦੇਵ ਜੀ ਭਜਨ ਬੰਦਗੀ ਤੋਂ ਵਿਹਲੇ ਹੋ ਕੇ ਮਾਨਵਤਾ ਦੇ ਭਲੇ ਹਿਤ ਜਿਥੇ ਆਪਣੇ ਪ੍ਰਵਚਨਾਂ ਨਾਲ ਰੂਹਾਨੀਅਤ ਦੇ ਪਾਂਧੀਆਂ ਨੂੰ ਸੇਧ ਦਿੰਦੇ ਸਨ, ਨਾਮ ਜਪਾਉਂਦੇ ਸਨ, ਪ੍ਰਭੂ ਨਾਲ ਮਿਲਾਪ ਦੀ ਜੁਗਤੀ ਦਸਦੇ ਸਨ ਉਥੇ ਆਪ ਗੁਰਬਾਣੀ ਦੇ ਅਨੁਸਾਰ–

***ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥***
***ਅੰਗ – ੬੨***

ਆਪਣੇ ਇਰਦ ਗਿਰਦ ਦੇ ਰਹਿਣ ਵਾਲੇ ਬੱਚਿਆਂ ਨੂੰ ਵਿਦਿਆ ਵੀ ਦੇ ਦਿਆ ਕਰਦੇ ਹਨ। ਪਹਿਲੇ ਸਮਿਆਂ ਵਿਚ ਗੁਰਦੁਆਰਿਆਂ, ਮੰਦਰਾਂ, ਮਸਜਿਦਾਂ ਵਿਚ ਰੂਹਾਨੀ ਵਿਦਿਆ ਦਿਤੀ ਜਾਂਦੀ ਸੀ ਅਤੇ ਰੂਹਾਨੀ ਉਪਦੇਸ਼ਾਂ ਨੂੰ ਅੱਛੀ ਤਰ੍ਹਾਂ ਸਮਝਿਆ, ਸਮਝਾਇਆ ਜਾਂਦਾ ਸੀ, ਉਸ ਪੜ੍ਹਾਈ ਦਾ ਅਸਰ ਬੱਚਿਆਂ ਉਤੇ ਜੀਵਨ ਭਰ ਰਹਿੰਦਾ ਸੀ। ਉਨ੍ਹਾਂ ਨੂੰ ਰੂਹਾਨੀ ਸੂਝ ਪ੍ਰਾਪਤ ਹੋਣ ਕਰਕੇ ਸੁਖ ਸ਼ਾਂਤੀ ਪ੍ਰਾਪਤ ਹੋਇਆ ਕਰਦੀ ਸੀ। ਅੱਜਕਲ੍ਹ ਦੇ ਗੁਸਤਾਖ ਬੱਚੇ ਜੋ ਮਾਂ ਬਾਪ ਦੀ ਇਜ਼ਤ ਨਹੀਂ ਕਰਦੇ, ਇਹ ਚਲਨ ਉਸ ਸਮੇਂ ਦੇ ਬੱਚਿਆਂ ਵਿਚ ਨਹੀਂ ਸੀ ਹੁੰਦੇ। ਜਦੋਂ ਅਸੀਂ ਰੂਹਾਨੀ ਸਿਧਾਂਤਾਂ ਨੂੰ ਸਮਝ ਜਾਂਦੇ ਹਾਂ ਤਾਂ ਕਿਸੇ ਮਜ਼ਹਬ ਦਾ ਆਪਸ ਵਿਚ ਵੈਰ ਵਿਰੋਧ ਨਹੀਂ ਰਹਿੰਦਾ। ਬੋਲੀ ਦਾ ਫਰਕ ਹੋਵੇ ਤਾਂ ਹੋਵੇ ਪਰ ਪ੍ਰਭੂ ਨੂੰ ਮਿਲਣ ਦਾ ਜੋ ਰਸਤਾ ਹੈ ਉਹ ਇਕੋ ਹੈ। ਹਰੇਕ ਅੰਦਰ ਇਕੋ ਜਿਹਾ ਹੀ ਅਸਰ ਹੁੰਦਾ ਹੈ। ਜਗਿਆਸੂ ਜਦੋਂ ਸੰਤਾਂ ਦੇ ਦਰਸ਼ਨ ਕਰਕੇ ਪ੍ਰਭੂ ਨੂੰ ਮਿਲਣ ਦੀ ਲੋਚਾ ਕਰਦੇ ਹਨ ਤਾਂ ਸੰਤ ਉਸ ਨੂੰ ਮੰਤਰ ਦਿੰਦੇ ਹਨ ਅਤੇ ਉਸ ਨੂੰ ਅਭਿਆਸ ਦੇ ਸੁਖੈਨ ਤਰੀਕਿਆਂ ਦੀ ਜਾਣਕਾਰੀ ਕਰਾਉਂਦੇ ਹਨ। ਉਹ ਮੰਤਰ ਭਾਵੇਂ ਵੱਖੋ–ਵੱਖਰੇ ਹੋਣ ਪਰ ਉਨ੍ਹਾਂ ਦਾ ਅਸਰ ਇਕੋ ਜਿਹਾ ਹੀ ਹੁੰਦਾ ਹੈ। ਮੰਤਰ ਪ੍ਰਭੂ ਦਾ ਹੀ ਹੈ, ਬੋਲੀ ਆਪੋ ਆਪਣੀ ਹੈ। ਜਦੋਂ ਲਿਵ ਲਗਦੀ ਹੈ ਅਤੇ ਜੋਤਿ ਵਿਗਾਸ ਵਿਚ ਹੁੰਦੀ ਹੈ ਤਾਂ ਹਿੰਦੂ, ਈਸਾਈ, ਮੁਸਲਮਾਨ, ਸਿੱਖ ਦੇ ਅੰਦਰ ਇਕੋ ਜੇਹੀ ਅਨਹਦ ਝੁਨਕਾਰ, ਇਕੋ ਜੇਹੀ ਜੋਤਿ, ਇਕੋ ਜੇਹਾ ਵਿਸਮਾਦ ਹੁੰਦਾ ਹੈ। ਇਕੋ ਜਿਹੇ ਸਤਿ ਬਚਨ ਹੁੰਦੇ ਹਨ। ਕਟੜਾਂ, ਦੋਖੀਆਂ ਨੂੰ ਇਕੋ ਜਿਹੇ ਬੁਰੇ ਲਗਦੇ ਹਨ। ਐਨੀ ਕਟਰਤਾ ਦਾ ਦੁਖ ਮਹਿਸੂਸ ਕਰਦੇ ਹਨ। ਸਤਿਪੁਰਸ਼ਾਂ ਨੂੰ ਪੱਥਰ ਮਾਰ ਕੇ ਮਾਰ ਦਿੰਦੇ ਹਨ, ਖਲੜੀਆਂ ਉਤਾਰ ਦਿੰਦੇ ਹਨ। ਖੋਪਰੀਆਂ ਲਾਹ ਦਿੰਦੇ ਹਨ, ਚਰਖੜੀਆਂ ਤੇ ਚਾੜ੍ਹ ਦਿੰਦੇ ਹਨ। ਮਹਾਂਪੁਰਸ਼ ਅਤਿ ਦੇ ਸਬਰ, ਅਨੁਸ਼ਾਸ਼ਨ ਵਿਚ ਰਹਿੰਦੇ ਕੋਈ ਸਰਾਪ ਨਹੀਂ ਦਿੰਦੇ। ਸਦਾ ਹੀ ਉਨ੍ਹਾਂ ਦੀ ਅਰਦਾਸ ਹੁੰਦੀ ਹੈ ਹੇ ਪ੍ਰਭੂ! ਤੇਰਾ ਨਾਮ ਇਨ੍ਹਾਂ ਅੰਧਿਆਂ ਨੂੰ ਪ੍ਰਾਪਤ ਹੋਵੇ ਜਿਸ ਤੋਂ ਸਰਬੱਤ ਦਾ ਭਲਾ ਹੋਵੇ। ਰੱਬ ਭੀ ਇਕੋ ਹੈ ਉਸ ਦੇ ਪਿਆਰੇ ਭੀ ਇਕੋ ਅਨੁਭਵ ਰਖਦੇ ਹਨ।

ਜਿਵੇਂ ਕਿ ਇਕ ਸੇਠ ਆਪਣੇ ਕਰਮਚਾਰੀਆਂ ਨੂੰ ਕਹਿਣ ਲੱਗਿਆ ਕਿ ਮੈਂ ਮਾਰੂਥਲਾਂ ਵਲ ਜਾ ਰਿਹਾ ਹਾਂ ਉਥੇ ਤਰਬੂਜ਼ਾਂ ਦੀ ਕਾਸ਼ਤ ਹੁੰਦੀ ਹੈ। ਤੁਸੀਂ ਦੱਸੋ ਮੈਂ ਤੁਹਾਡੇ ਵਾਸਤੇ ਕਿਹੜਾ ਫਲ ਲੈ ਕੇ ਆਵਾਂ? ਉਸ ਵੇਲੇ ਆਪੋ ਆਪਣੀ ਬੋਲੀ ਵਿਚ ਕਿਹਾ ਕਿ ਮੇਰੇ ਵਾਸਤੇ ਤਰਬੂਜ਼ ਲੈ ਆਉਣਾ, ਦੂਸਰੇ ਨੇ ਕਿਹਾ ਕਿ ਮੈਂ ਤਾਂ ਮਤੀਰਾ ਮੰਗਾਉਣਾ ਹੈ, ਤੀਸਰੇ ਨੇ ਕਿਹਾ ਕਿ ਮੈਨੂੰ water melon ਚਾਹੀਦਾ ਹੈ। ਚੌਥੇ ਨੇ ਕਿਹਾ ਕਿ ਮੈਨੂੰ ਹਿੰਦਵਾਨਾ ਚਾਹੀਦਾ ਹੈ। ਇਸ ਤਰ੍ਹਾਂ ਅੱਡੋ–ਅੱਡ ਬੋਲੀਆਂ ਵਾਲਿਆਂ ਨੇ ਨਾਮ ਲਿਖਾ ਦਿਤੇ ਤੇ ਇਸੇ ਖਿਆਲ ਵਿਚ ਰਹੇ ਕਿ ਸੇਠ ਜੀ ਅੱਡੋ–ਅੱਡ ਫਲ ਲਿਆ ਕੇ ਦੇਣਗੇ। ਪਰ ਜਦੋਂ ਮਤੀਰਾ ਆ ਗਿਆ, ਉਸ ਵੇਲੇ ਸਾਰੇ ਹੈਰਾਨ ਹੋ ਗਏ ਕਿ ਪਹਿਲਾਂ ਤਾਂ ਅਸੀਂ ਸਮਝਦੇ ਸੀ ਕਿ ਸਾਰੇ ਫਲ ਅੱਡੋ–ਅੱਡ ਹੋਣਗੇ। ਪਰ ਇਹ ਤਾਂ ਇਕੋ ਫਲ ਦੇ ਵੱਖਰੇ–ਵੱਖਰੇ ਨਾਮ ਹਨ।

ਇਸ ਤਰ੍ਹਾਂ ਨਾਲ ਚਾਹੇ ਕੋਈ ਇਸਲਾਮ ਧਰਮ ਦਾ ਬੰਦਾ ਹੈ, ਚਾਹੇ ਹਿੰਦੂ ਧਰਮ ਦਾ ਹੈ, ਚਾਹੇ ਕੋਈ ਸੰਤ ਮਤ ਨੂੰ ਧਾਰਨ ਕਰਨ ਵਾਲਾ ਹੈ, ਚਾਹੇ ਉਹ ਵੇਦਾਂ ਦੇ ਮਤ ਨੂੰ ਧਾਰਨ ਕਰਨ ਵਾਲਾ ਹੈ ਪਰ ਜੋ ਸਮਰੱਥ ਗੁਰੂ ਮੰਤਰ ਦਿੰਦਾ ਹੈ ਉਸ ਦੇ ਜਾਪ ਦਾ ਅਸਰ ਜੋ ਹੈ ਉਹ ਇਕੋ ਹੀ ਹੁੰਦਾ ਹੈ। ਗੁਰ ਨਾਨਕ ਪਾਤਸ਼ਾਹ ਜੀ ਫੁਰਮਾਨ ਕਰਦੇ ਹਨ –

***ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ॥***
***ਅੰਗ – ੧੧੬੮***

ਸੋ ਜਦੋਂ ਅਸੀਂ ਮੰਤਰ ਦੀ ਆਰਾਧਨਾ ਕਰਦੇ ਹਾਂ ਤਾਂ ਅਸਾਡੇ ਅੰਦਰ ਧੁਨ ਪੈਦਾ ਹੁੰਦੀ ਹੈ ਤਾਂ ਉਸ ਧੁਨ ਦੇ ਪਿਛੇ ਵਾਹਿਗੁਰੂ ਜੀ ਦੀ ਹਸਤੀ ਦਾ ਪੂਰਨ ਵਿਸ਼ਵਾਸ਼

ਹੋਇਆ ਕਰਦਾ ਹੈ। ਭਾਵੇਂ ਉਸ ਨੂੰ ਕੋਈ ਅੱਲਾਹ ਕਹਿੰਦਾ ਹੈ, ਚਾਹੇ ਰਾਮ ਕਹਿੰਦੈ, ਚਾਹੇ ਰਹੀਮ ਕਹਿੰਦਾ ਹੈ, ਚਾਹੇ ਵਾਹਿਗੁਰੂ ਕਹਿੰਦਾ ਹੈ, ਚਾਹੇ ਕੁਝ ਵੀ ਕਹੇ ਉਹ ਹਸਤੀ ਇਕੋ ਹੀ ਹੈ, ਜਿਸ ਦਾ ਕੋਈ ਰੂਪ, ਰੰਗ, ਰੇਖ, ਭੇਖ ਨਹੀਂ ਹੈ। ਪਰ ਉਹ ਸਦਾ ਹੈ ਜਿਸ ਦਾ ਪਰਾਪੂਰਬਲਾ ਨਾਮ 'ਸਤਿਨਾਮੁ' ਹੈ। ਸਭਨਾਂ ਅੰਦਰ ਇਕੋ ਜਿਹੀ ਜੋਤ ਜਗਦੀ ਹੈ, ਇਕੋ ਜਿਹੀਆਂ ਧੁਨਾਂ ਸੁਣਾਈ ਦਿੰਦੀਆਂ ਹਨ, ਜਦੋਂ ਅਗਿਆਨ ਦਾ ਨਾਸ਼ ਹੁੰਦਾ ਹੈ ਉਸ ਸਮੇਂ ਇਕੋ ਇਕ ਅਨੁਭਵ ਸਭ ਨੂੰ ਪ੍ਰਾਪਤ ਹੁੰਦਾ ਹੈ ਭਾਵੇਂ ਉਹ ਸੂਫੀ ਪੀਰ ਹੋਵੇ, ਸੰਤ ਹੋਵੇ, ਸੰਨਿਆਸੀ ਹੋਵੇ, ਆਚਾਰੀਆ ਹੋਵੇ, ਉਦਾਸੀ ਹੋਵੇ, ਨਿਰਮਲਾ ਹੋਵੇ, ਕੁਝ ਵੀ ਹੋਵੇ ਅੰਦਰਲੀ ਪ੍ਰਾਪਤੀ ਇਕੋ ਹੋਇਆ ਕਰਦੀ ਹੈ। ਸੋ ਸੰਤ ਉਪਰਲੀ ਵਾਹ-ਵਾਹ ਨੂੰ ਪਸੰਦ ਨਹੀਂ ਕਰਿਆ ਕਰਦੇ ਕਿਉਂਕਿ ਇਹ ਧੋਖਾ ਦਿੰਦੀ ਹੈ। ਅੰਨੇ ਬੰਦੇ ਸੰਤਾਂ ਦਾ ਸਤਿਕਾਰ ਕਰਦੇ ਹਨ ਪਰ ਉਨ੍ਹਾਂ ਨੂੰ ਇਹ ਪਤਾ ਹੀ ਨਹੀਂ ਕਿ ਇਸ ਨੂੰ ਸੰਤ ਦਾ ਪਦ ਪ੍ਰਾਪਤ ਹੋ ਗਿਆ ਹੈ ਜਾਂ ਐਵੇਂ ਢੌਂਗ ਕਰਿਆ ਹੋਇਆ ਹੈ। ਉਨ੍ਹਾਂ ਦੇ ਨੇਤਰ ਅੰਨੇ ਹਨ ਉਹ ਨਹੀਂ ਜਾਣ ਸਕਦੇ ਕਿ ਇਸ ਦੇ ਅੰਦਰੋਂ ਅਗਿਆਨ ਦਾ ਲੇਸ਼ ਮਾਤਰ ਵੀ ਖਤਮ ਹੋ ਗਿਆ ਹੈ, ਕੀ ਇਸ ਦੇ ਅੰਨੇ ਨੇਤਰ ਇਕੋ ਪ੍ਰਭੂ ਨੂੰ ਵੇਖ ਰਹੇ ਹਨ? ਸੰਤ ਨੂੰ ਜੋ ਪ੍ਰਭੂ ਵਲੋਂ ਦਾਤ ਮਿਲਦੀ ਹੈ, ਉਹ ਹੈ ਕਿ ਉਹ ਆਪਣਾ ਸਰੂਪ ਹਿਰਦੇ ਵਿਚ ਵਸਾ ਦਿੰਦਾ ਹੈ। ਉਸ ਦੇ ਅੰਦਰ ਆਤਮਕ ਅਨੰਦ ਦੀਆਂ ਲਹਿਰਾਂ ਵਜਦ ਪੈਦਾ ਕਰਦੀਆਂ ਹਨ। ਉਸ ਦੇ ਅੰਦਰ ਆਤਮ ਅਨੰਦ ਦਾ ਸੰਗੀਤ ਮਹਿਵੀਅਤ (ਲਿਵ) ਦੇ ਮੰਡਲ ਵਿਚ ਲੈ ਜਾਂਦਾ ਹੈ। ਸੋ ਅਸਲੀ ਸਾਧੂਆਂ ਨੂੰ ਨਿੰਦਿਆਂ, ਉਸਤਤ ਦੀ ਕੋਈ ਪ੍ਰਵਾਹ ਨਹੀਂ ਹੋਇਆ ਕਰਦੀ।

ਨਾਮਦੇਵ ਜੀ ਬੱਚਿਆਂ ਨੂੰ ਰੂਹਾਨੀ ਤਾਲੀਮ ਦੇ ਰਹੇ ਸਨ। ਉਸ ਸਮੇਂ ਰਿਵਾਜ ਸੀ ਕਿ ਬੱਚਿਆਂ ਨੂੰ ਬੀਬੀਆਂ ਵਾਂਗੂੰ ਗਹਿਣਿਆਂ ਨਾਲ ਸਜਾ ਦਿੰਦੇ ਸਨ। ਮੈਂ ਵੀ ਦੇਖਿਆ ਹੈ ਕਿ ਸਾਡੇ ਮਾਤਾ ਪਿਤਾ ਹੱਥਾਂ ਪੈਰਾਂ ਵਿਚ ਛਣਕਣ ਵਾਲੇ ਸ਼ੁਕਲੇ ਅਤੇ ਪੰਜੇਬਾਂ ਆਦਿ ਗਹਿਣੇ ਪਾ ਦਿਆ ਕਰਦੇ ਸਨ ਅਤੇ ਸਿਰ ਉਤੇ ਵੀ ਸੋਨੇ ਦੇ ਗਹਿਣੇ ਗੁੰਦ ਦਿਆ ਕਰਦੇ ਸਨ।

ਸੋ ਇਸ ਤਰ੍ਹਾਂ ਦੇ ਨਾਲ ਗਹਿਣਿਆਂ ਨਾਲ ਸਜਾਇਆ ਹੋਇਆ ਬੱਚਾ, ਸੇਠ ਨਾਮਦੇਵ ਜੀ ਪਾਸ ਲੈ ਕੇ ਆਇਆ। ਤਾਂ ਨਾਮਦੇਵ ਜੀ ਨੂੰ ਬੇਨਤੀ ਕੀਤੀ ਕਿ ਆਪ ਕ੍ਰਿਪਾ ਕਰਕੇ ਇਸ ਬੱਚੇ ਨੂੰ ਰੂਹਾਨੀ ਸੂਝ ਬਖਸ਼ੋ। ਉਸ ਵੇਲੇ ਨਾਮਦੇਵ ਜੀ ਪ੍ਰਭੂ ਧਿਆਨ ਵਿਚ ਪੂਰਨ ਤੌਰ ਤੇ ਮਸਤ ਸਨ, ਉਨ੍ਹਾਂ ਨੇ ਸੁਭਾਵਿਕ ਹੀ ਕਹਿ ਦਿਤਾ ਸੇਠ ਜੀ! ਛੱਡ ਜਾਓ। ਜਦੋਂ ਸੇਠ ਆਪਣੇ ਬੱਚੇ ਨੂੰ ਛੱਡ ਕੇ ਚਲਿਆ ਗਿਆ ਤਾਂ ਥੋੜ੍ਹੀ ਦੇਰ ਪਿਛੋਂ ਨਾਮਦੇਵ ਜੀ ਨੇ ਬੱਚੇ ਵਲ ਧਿਆਨ ਦਿਤਾ ਤਾਂ ਦੇਖਿਆ ਕਿ ਇਸ ਨੇ ਤਾਂ ਗਹਿਣੇ ਪਾਏ ਹੋਏ ਹਨ। ਜਦੋਂ ਇਹ ਵਾਪਸ ਜਾਣ ਸਮੇਂ ਇਕੱਲਾ ਹੋਵੇਗਾ ਤਾਂ ਇਸ ਨੂੰ ਕੋਈ ਫੜ ਕੇ ਹੀ ਨਾ ਲੈ ਜਾਵੇ ਅਤੇ ਗਹਿਣੇ ਉਤਾਰ ਕੇ ਇਸ ਨੂੰ ਕਿਸੇ ਖੂਹ ਵਿਚ ਹੀ ਨਾ ਸੁੱਟ ਦੇਵੇ। ਇਸੇ ਆਸ਼ੇ ਨਾਲ ਆਪ ਨੇ ਬੱਚੇ ਨੂੰ ਪਾਸ ਬੁਲਾਇਆ ਅਤੇ ਬੜਾ ਪਿਆਰ ਦਿਤਾ ਅਤੇ ਆਹਿਸਤਾ-ਆਹਿਸਤਾ ਗਹਿਣੇ ਲਾਹ ਕੇ ਪੋਟਲੀ ਬੰਨ੍ਹ ਲਈ।

ਜਦੋਂ ਛੁਟੀ ਹੋਈ ਤਾਂ ਉਹ ਬੱਚਾ ਹੋਰ ਬੱਚਿਆਂ ਨਾਲ ਘਰ ਚਲਿਆ ਗਿਆ। ਜਦੋਂ ਉਸ ਦੀ ਮਾਂ ਨੇ ਦੇਖਿਆ ਕਿ ਇਸ ਦੇ ਤਾਂ ਗਹਿਣੇ ਨਹੀਂ ਹਨ ਤਾਂ ਉਸ ਨੇ ਦੂਸਰੇ ਬੱਚਿਆਂ ਨੂੰ ਪੁਛਿਆ ਕਿ ਇਸ ਦੇ ਗਹਿਣੇ ਕਿਥੇ ਗਏ? ਤਾਂ ਉਨ੍ਹਾਂ ਨੇ ਦੱਸਿਆ ਕਿ ਭਗਤ ਜੀ ਨੇ ਲਾਹ ਲਏ ਹਨ। ਸੋ ਬਿਨਾਂ ਵਿਚਾਰੇ ਉਸ ਦੀ ਮਾਂ ਨੇ ਪੜੌਸਣ ਨੂੰ ਜਾ ਕੇ ਕਹਿ ਦਿਤਾ ਕਿ ਭੈਣ! ਨਾਮਦੇਵ ਨੂੰ ਸਾਰੇ ਭਗਤ-ਭਗਤ ਕਹਿੰਦੇ ਹਨ, ਪਰ ਉਹ ਭਗਤ ਨਹੀਂ ਉਹ ਤਾਂ ਠਗਤ ਹੈ, ਜਦੋਂ ਕਿਸੇ ਨਾਲ ਵਾਹ ਪੈਂਦਾ ਹੈ ਤਾਂ ਪਤਾ ਲਗਦਾ ਹੈ ਕਿ ਕੋਈ ਕਿਹੋ ਜਿਹਾ ਹੈ। ਉਸ ਨੇ ਮੇਰੇ ਬੱਚੇ ਦੇ ਸਾਰੇ ਕੀਮਤੀ ਗਹਿਣੇ ਲਾਹ ਲਏ ਹਨ। ਮੈਨੂੰ ਤਾਂ ਪੂਰਾ ਸ਼ੱਕ ਹੈ ਕਿ ਹੁਣ ਉਸ ਨੇ ਗਹਿਣੇ ਵਾਪਸ ਨਹੀਂ ਕਰਨੇ। ਪੜੌਸਣ ਨੇ ਗੱਲ ਸੁਣੀ ਤਾਂ ਉਸ ਦੇ ਢਿੱਡ ਵਿਚ ਇਹ ਗੱਲ ਪਚੀ ਨਾ, ਉਸ ਨੇ ਦੂਜੀ ਪੜੌਸਣ ਕੋਲ ਜਾ ਕੇ ਦੱਸਿਆ। ਉਸ ਨੇ ਹੋਰ ਅੱਗੇ ਗੱਲ ਕਰ ਦਿਤੀ, ਇਸ ਤਰ੍ਹਾਂ ਸ਼ਾਮ ਤਕ ਸਾਰੇ ਸ਼ਹਿਰ ਵਿਚ ਇਹ ਗੱਲ ਧੁੰਮ ਗਈ ਕਿ ਨਾਮਦੇਵ ਜੀ ਭਗਤ ਨਹੀਂ ਹਨ ਉਹ ਤਾਂ ਠੱਗ ਹੈ, ਸੇਠ ਦੇ ਬੱਚੇ ਦੇ ਗਹਿਣੇ ਉਨ੍ਹਾਂ ਨੇ ਲਾਹ ਲਏ ਹਨ।

ਜਦੋਂ ਸੇਠ ਘਰ ਆਇਆ ਤਾਂ ਉਸ ਦੀ ਪਤਨੀ ਨੇ ਰੋਟੀ ਪਾਣੀ ਕੁਝ ਨਹੀਂ ਬਣਾਇਆ ਸੀ ਅਤੇ ਅਫਸੋਸ ਵਿਚ ਬੈਠੀ ਹੈ। ਸੇਠ ਨੇ ਕਾਰਨ ਪੁਛਿਆ ਤਾਂ ਉਸ ਨੇ ਸੇਠ ਨੂੰ ਕਿਹਾ ਕਿ ਚੰਗਾ, ਤੁਸੀਂ ਮੇਰੇ ਬੱਚੇ ਨੂੰ ਉਸ ਠੱਗ ਪਾਸ ਪੜ੍ਹਨ ਲਾਇਆ ਹੈ ਉਸ ਨੇ ਮੇਰੇ ਬੱਚੇ ਦੇ ਸਾਰੇ ਗਹਿਣੇ ਲਾਹ ਲਏ ਹਨ, ਹੁਣ ਉਸ ਨੇ ਕੀ ਦੇਣੇ

ਹਨ? ਸੇਠ ਨੇ ਕਿਹਾ ਕਿ ਤੂੰ ਆਪਣੇ ਮਨ ਨੂੰ ਕਾਇਮ ਰੱਖ। ਮੈਂ ਸਵੇਰੇ ਨਾਮਦੇਵ ਕੋਲ ਜਾਵਾਂਗਾ ਤੇ ਗਹਿਣੇ ਲੈ ਕੇ ਆਵਾਂਗਾ। ਜੇ ਉਸ ਨੇ ਫੇਰ ਵੀ ਨਾ ਦਿਤੇ ਤਾਂ ਮੈਂ ਪੰਜ-ਦਸ ਬੰਦੇ ਪੰਚਾਇਤ ਦੇ ਰੂਪ ਵਿਚ ਲੈ ਕੇ ਨਾਮਦੇਵ ਨੂੰ ਮਿਲਾਂਗਾ। ਜੇ ਫੇਰ ਵੀ ਨਾ ਦਿਤੇ ਤਾਂ ਤੈਨੂੰ ਪਤਾ ਹੀ ਕਿ ਕਿੰਨੇ ਗੁੰਡੇ ਮੇਰੇ ਨਾਲ ਹਨ। ਜਦੋਂ ਤਕ ਉਹ ਗਹਿਣੇ ਨਹੀਂ ਦਿੰਦਾ, ਮੈਂ ਵੀ ਉਸ ਦਾ ਪਿੱਛਾ ਛੱਡਣ ਵਾਲਾ ਨਹੀਂ।

ਦੂਸਰੇ ਦਿਨ ਸੇਠ ਨਾਮਦੇਵ ਜੀ ਕੋਲ ਗਿਆ। ਤਾਂ ਨਾਮਦੇਵ ਜੀ ਨੇ ਦੂਰੋਂ ਹੀ ਦੇਖ ਕੇ ਉਸ ਦੇ ਮਨ ਦੀ ਗੱਲ ਨੂੰ ਜਾਣ ਲਿਆ। ਆਪ ਦੂਰੋਂ ਹੀ ਕਹਿਣ ਲੱਗੇ ਕਿ ਸੇਠ ਜੀ! ਜੇ ਬੱਚੇ ਨੂੰ ਮੇਰੇ ਪਾਸ ਭੇਜਣਾ ਹੈ ਤਾਂ ਗਹਿਣੇ ਪਾ ਕੇ ਨਾ ਭੇਜਣਾ। ਤੁਹਾਨੂੰ ਪਤਾ ਹੀ ਹੈ ਕਿ ਕਿੰਨੇ ਚੋਰ, ਸਾਧੂਆਂ ਦੇ ਭੇਖ ਬਣਾ ਕੇ ਫਿਰਦੇ ਹਨ। ਜੇ ਉਹ ਤੁਹਾਡੇ ਪੁਤਰ ਨੂੰ ਚੁਕ ਕੇ ਲੈ ਗਏ ਅਤੇ ਗਹਿਣੇ ਲਾਹ ਕੇ ਕਿਤੇ ਮਾਰ ਕੇ ਸੁੱਟ ਦਿਤਾ ਫੇਰ ਇਸ ਦਾ ਜ਼ਿੰਮੇਵਾਰ ਕੌਣ ਹੋਵੇਗਾ? ਤੁਸੀਂ ਤਾਂ ਮੈਨੂੰ ਹੀ ਦੋਸ਼ ਦੇਣਾ ਹੈ। ਸੇਠ ਬਹੁਤ ਸ਼ਰਮਿੰਦਾ ਹੋਇਆ। ਨਾਮਦੇਵ ਜੀ ਨੇ ਕਿਹਾ ਕਿ ਆਹ ਲਓ, ਆਪਣੇ ਗਹਿਣੇ। ਹੁਣ ਸੇਠ ਢਿੱਲਾ ਜਿਹਾ ਹੋ ਗਿਆ। ਆਇਆ ਤਾਂ ਬੜੇ ਰੋਹਬ ਨਾਲ ਸੀ ਪਰ ਹੁਣ ਸ਼ਰਮਿੰਦਾ ਹੋਇਆ ਜਾਂਦਾ ਹੈ। ਜਾ ਕੇ ਘਰਵਾਲੀ ਨੂੰ ਕਿਹਾ ਕਿ ਤੂੰ ਐਵੇਂ ਰੌਲਾ ਪਾ ਦਿਤਾ। ਨਾਮਦੇਵ ਜੀ ਨੇ ਤਾਂ ਸਾਡੇ ਬੱਚੇ ਦੀ ਜਾਨ ਬਚਾਈ ਹੈ। ਉਸ ਨੇ ਜਦੋਂ ਸੇਠ ਦੀ ਸਾਰੀ ਗੱਲ ਸੁਣੀ ਤਾਂ ਉਹ ਉਸੇ ਵੇਲੇ ਪੜੋਸਣ ਕੋਲ ਗਈ ਉਸ ਨੂੰ ਜਾ ਕੇ ਕਹਿਣ ਲੱਗੀ ਕਿ ਭੈਣ! ਨਾਮਦੇਵ ਜੀ ਤਾਂ ਬਹੁਤ ਚੰਗੇ ਹਨ, ਉਨ੍ਹਾਂ ਨੇ ਤਾਂ ਸਾਡੇ ਬੱਚੇ ਦੀ ਜਾਨ ਬਚਾਈ ਹੈ। ਉਸ ਪੜੋਸਣ ਨੇ ਅਗਲੀ ਪੜੋਸਣ ਨੂੰ ਜਾ ਕੇ ਦਸਿਆ ਤਾਂ ਇਸ ਤਰ੍ਹਾਂ ਕਰਦੇ-ਕਰਦੇ ਸ਼ਾਮ ਤਕ ਸਾਰੀ ਗੱਲ ਸਾਰੇ ਸ਼ਹਿਰ ਵਿਚ ਫੈਲ ਗਈ ਕਿ ਨਾਮਦੇਵ ਜੀ ਤਾਂ ਬਹੁਤ ਚੰਗੇ ਹਨ। ਐਵੇਂ ਉਨ੍ਹਾਂ ਉਪਰ ਗਲਤ ਗੱਲ ਦਾ ਦੋਸ਼ ਲਾਇਆ ਹੈ।

ਇਹ ਗੱਲ ਕਿਸੇ ਪ੍ਰੇਮੀ ਨੇ ਨਾਮਦੇਵ ਜੀ ਨੂੰ ਆ ਕੇ ਦੱਸੀ ਕਿ ਪਰਸੋਂ ਤੁਹਾਡੀ ਬਹੁਤ ਨਿੰਦਿਆ ਹੁੰਦੀ ਸੁਣੀ ਸੀ ਪਰ ਅੱਜ ਆਪ ਨੂੰ ਸਾਰੇ ਭਗਤ ਆਖ ਰਹੇ ਹਨ। ਤਾਂ ਉਸ ਸਮੇਂ ਨਾਮਦੇਵ ਜੀ ਸੁਆਹ ਦੇ ਢੇਰ ਦੇ ਨੇੜੇ ਬੈਠੇ ਸਨ। ਦੋ ਮੁੱਠੀਆਂ ਭਰ ਲਈਆਂ। ਇਕ ਮੁੱਠੀ ਸੱਜੇ ਪਾਸੇ ਸੁੱਟ ਕੇ ਫੁਰਮਾਇਆ ਕਿ ਇਹ ਨਿੰਦਕਾਂ ਦੇ ਸਿਰ ਵਿਚ ਅਤੇ ਖੱਬੇ ਪਾਸੇ ਸੁੱਟ ਕੇ ਫੁਰਮਾਇਆ ਕਿ ਇਹ ਉਸਤਤਿ ਕਰਨ ਵਾਲਿਆਂ ਦੇ ਸਿਰ ਵਿਚ। ਨਾ ਨਿੰਦ ਸਾਨੂੰ ਡਰਾਉਂਦੀ ਹੈ, ਨਾ ਬੁਰੀ ਲਗਦੀ ਹੈ। ਨਿੰਦਕ ਸਾਡੇ ਕਪੜੇ ਧੋਂਦਾ ਹੈ। ਸਫਾਈ ਕਰਨ ਵਾਲਾ ਤਾਂ ਝਾੜੂ ਨਾਲ ਸਫਾਈ ਕਰਦਾ ਹੈ ਪਰ ਨਿੰਦਿਆ ਕਰਨ ਵਾਲਾ ਇਹ ਉਪਕਾਰ ਕਰਦਾ ਹੈ ਕਿ ਉਹ ਮੂੰਹ ਨਾਲ ਮੈਲ ਚੁਕਦਾ ਹੈ। ਐਸੇ ਉਪਕਾਰੀ ਨੂੰ ਕਿਵੇਂ ਬੁਰਾ ਕਹੀਏ। ਉਹ ਤਾਂ ਅਸਾਡਾ ਮਿਤਰ ਹੈ, ਉਹ ਤਾਂ ਅਸਾਡੇ ਜੀਵਨ ਦਾ ਪਹਿਰੇਦਾਰ ਹੈ।

*ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ॥*
*ਨਿੰਦਾ ਜਨ ਕਉ ਖਰੀ ਪਿਆਰੀ॥*
*ਨਿੰਦਾ ਬਾਪੁ ਨਿੰਦਾ ਮਹਤਾਰੀ॥ ਰਹਾਉ॥*
*ਨਿੰਦਾ ਹੋਇ ਤ ਬੈਕੁੰਠਿ ਜਾਈਐ॥*
*ਨਾਮੁ ਪਦਾਰਥੁ ਮਨਹਿ ਬਸਾਈਐ॥*
*ਰਿਦੈ ਸੁਧ ਜਉ ਨਿੰਦਾ ਹੋਇ॥*
*ਹਮਰੇ ਕਪਰੇ ਨਿੰਦਕੁ ਧੋਇ॥*
*ਨਿੰਦਾ ਕਰੈ ਸੁ ਹਮਰਾ ਮੀਤੁ॥*
*ਨਿੰਦਕ ਮਾਹਿ ਹਮਾਰਾ ਚੀਤੁ॥*
*ਨਿੰਦਕੁ ਸੋ ਜੋ ਨਿੰਦਾ ਹੋਰੈ॥*
*ਹਮਰਾ ਜੀਵਨੁ ਨਿੰਦਕੁ ਲੋਰੈ॥*
*ਨਿੰਦਾ ਹਮਰੀ ਪ੍ਰੇਮ ਪਿਆਰੁ॥*
*ਨਿੰਦਾ ਹਮਰਾ ਕਰੈ ਉਧਾਰੁ॥*
*ਜਨ ਕਬੀਰ ਕਉ ਨਿੰਦਾ ਸਾਰੁ॥*
*ਨਿੰਦਕੁ ਡੂਬਾ ਹਮ ਉਤਰੇ ਪਾਰਿ॥*

*ਅੰਗ - ੩੩੯*

ਅਤੇ ਨਾਲ ਹੀ ਫੁਰਮਾਇਆ ਕਿ ਉਸਤਤਿ ਕਰਨ ਵਾਲਾ ਸਾਧੂਆਂ ਨੂੰ ਰਸਤੇ ਤੋਂ ਭਟਕਾਉਣ ਵਾਲਾ ਹੋਇਆ ਕਰਦਾ ਹੈ। ਜਗਿਆਸੂ ਅਜੇ ਆਪਣੇ ਮਾਰਗ ਤੇ ਪਹੁੰਚਿਆ ਨਹੀਂ ਹੁੰਦਾ, ਉਹ ਉਸਤਤਿ ਦੇ ਢੇਰ ਲਾ ਦਿੰਦੇ ਹਨ। ਜਿਸ ਨਾਲ ਜਗਿਆਸੂ ਆਪਣੇ ਰਸਤੇ ਤੋਂ ਭਟਕ ਜਾਂਦਾ ਹੈ। ਫੋਕੀ ਵਡਿਆਈ ਉਸ ਨੂੰ ਕਿਸੇ ਕਿਨਾਰੇ ਤੇ ਪਹੁੰਚਣ ਨਹੀਂ ਦਿੰਦੀ। ਇਸੇ ਕਰਕੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਨਿੰਦਿਆ, ਉਸਤਤਿ ਦਾ ਤਿਆਗ ਕਰਕੇ ਨਿਰਵਾਣ ਪਦ ਦੀ ਪ੍ਰਾਪਤੀ ਕਰੋ। ਜਦੋਂ ਤਕ ਸਾਰੇ ਭਰਮਾਂ ਦਾ ਨਾਸ਼ ਨਹੀਂ ਹੁੰਦਾ, ਅੰਦਰ ਜੋਤ ਦਾ ਪ੍ਰਕਾਸ਼ ਨਹੀਂ ਹੁੰਦਾ ਉਦੋਂ ਤਕ ਲਗਨ ਨਾਲ ਅੱਗੇ ਵਧਦੇ ਤੁਰੇ ਜਾਓ। ਸੋ ਇਸ ਲੋਕ ਲਾਜ ਵਿਚ ਪ੍ਰਭੂ ਦੇ ਪਿਆਰੇ ਨਹੀਂ ਆਇਆ ਕਰਦੇ।

*'ਚਲਦਾ..........।"*

# ਭਗਤ ਰਵਿਦਾਸ ਜੀ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਸ਼ਾਨ –.......................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ – ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ – ੨੮੯*

*ਧਾਰਨਾ – ਲੇਖੇ ਵਿਚ ਲਾ ਲਓ ਜੀ,*
*ਜਨਮ ਤੁਮਾਰੇ ਲੇਖੇ।*

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥ ੧ ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥*
*ਕਾਰਨ ਕਵਨ ਅਬੋਲ ॥ ਰਹਾਉ ॥*
*ਬਹੁਤ ਜਨਮ ਬਿਛੁਰੇ ਥੇ ਮਾਧਉ*
*ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ਅੰਗ– ੬੯੪*

*ਧਾਰਨਾ – ਮੈਨੂੰ ਚਿਰ ਭਇਆ ਦਰਸ਼ਨ ਦੇਖੇ,*
*ਆਸਾ ਲਗ ਜੀਵਾਂ ਵਾਹਿਗੁਰੂ।*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ।

ਅੱਜ ਸਾਰਾ ਸੰਸਾਰ ਜਿੰਨਾ ਵੀ ਗੁਰਸਿੱਖ ਹੈ, ਇਕ ਮਹਾਂਪੁਰਸ਼ਾਂ ਦੀ ਯਾਦ ਮਨਾ ਰਹੇ ਨੇ। ਛੁੱਟੀ ਹੈ ਅੱਜ ਇਸੇ ਕਰਕੇ। ਗੌਰਮਿੰਟਾਂ ਨੇ ਵੀ ਮਹਿਸੂਸ ਕਰ ਲਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਨੇ ਤਾਂ ਕਿੰਨੇ ਸੌ ਸਾਲ ਪਹਿਲਾਂ ਉੱਚੀ ਪਦਵੀ ਦੇ ਦਿਤੀ ਸੀ। ਜਾਤ ਪਾਤ ਨੂੰ ਖੰਡਨ ਹੀ ਕਰ ਦਿਤਾ ਸੀ। ਇਹਨਾਂ ਲੋਕਾਂ ਨੂੰ ਹੁਣ ਜਾਗ ਆਈ ਹੈ। ਮਹਾਰਾਜ ਨੇ ਤਾਂ ਆਉਂਦੇ ਹੀ ਇਹ ਨਾਅਰਾ ਦਿਤਾ ਸੀ –

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥*
*ਨਾਨਕੁ ਤਿਨ ਕੈ ਸੰਗਿ ਸਾਥਿ*
*ਵਡਿਆ ਸਿਉ ਕਿਆ ਰੀਸ ॥ ਅੰਗ– ੧੫*

ਅਹੰਕਾਰੀਆਂ ਨਾਲ ਸਾਡਾ ਕੀ ਤੁਅੱਲਕ। ਨੀਵੇਂ ਥਾਵਾਂ 'ਤੇ ਪਾਣੀ ਖੜ੍ਹਦੈ –

*ਫਰੀਦਾ ਗਰਬੁ ਜਿਨ੍ਹਾ ਵਡਿਆਈਆ*
*ਧਨਿ ਜੋਬਨਿ ਆਗਾਹ ॥*
*ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥*
*ਅੰਗ– ੧੩੮੩*

ਟਿੱਬਿਆਂ ਤੇ ਵੀ ਕਦੇ ਪਾਣੀ ਰੁਕਿਐ, ਨਦੀ ਵਿਚ ਦੇਖੋ ਕਿਵੇਂ ਦੌੜਿਆ ਆਉਂਦੈ। ਟਿਕਦਾ ਨਹੀਂ ਹੈ, ਇਹਨੇ ਟਿਕਣੈ ਨੀਵਿਆਂ ਖੇਤਾਂ 'ਚ ਜਾ ਕੇ। ਉਚਿਆਂ ਤੋਂ ਤਾਂ ਰੁੜ੍ਹ ਜਾਂਦੈ। ਅਭਿਮਾਨੀ ਬੰਦਿਆਂ ਦੇ ਹਿਰਦਿਆਂ 'ਚ ਪਾਰਬ੍ਰਹਮ ਪ੍ਰਮੇਸ਼ਰ ਦਾ ਪਿਆਰ ਨਹੀਂ ਟਿਕ ਸਕਦਾ। ਗਿਆਨ ਨਹੀਂ ਟਿਕ ਸਕਦਾ। ਇਹ ਟਿਕੇਗਾ ਕਿੱਥੇ? ਮਹਾਰਾਜ ਕਹਿੰਦੇ, ਜਿਹੜੇ ਸਾਰਿਆਂ ਨਾਲੋਂ ਛੋਟੇ ਨੇ। ਕਹਿੰਦੇ, ਉਹਨਾਂ ਤੋਂ ਵੀ ਛੋਟੇ, ਉਹਨਾਂ ਤੋਂ ਵੀ ਛੋਟੇ ਅਖੀਰਲੇ ਦਰਜੇ ਦੇ ਛੋਟੇ, ਮੈਂ ਉਥੇ ਰਹਿਨਾਂ। ਉਹਨਾਂ ਨਾਲ ਰਹਿਨਾਂ। ਬੜੀ ਵੱਡੀ ਪਦਵੀ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਦਿਤੀ, ਲੋਕਾਂ ਦਾ ਜਿਹੜਾ ਵਿਸ਼ਵਾਸ਼ ਸੀ ਜਾਤ-ਪਾਤ ਦਾ ਬਣਿਆ ਹੋਇਆ ਉਹਨੂੰ ਖੇਰੂੰ-ਖੇਰੂੰ ਕਰ ਦਿਤਾ। ਭਗਤ ਰਵਿਦਾਸ ਜੀ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਐਸਾ ਫੁਰਮਾਨ ਆਉਂਦੈ –

*ਧਾਰਨਾ – ਤਿਨ ਤਿਆਗੀ ਮਾਇਆ ਜੀ,*
*ਰਵਿਦਾਸ ਢੋਵੰਤਾ ਢੋਰ ਨੀਤ।*

*ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥*
*ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥*
*ਅੰਗ– ੪੮੭*

ਮਹਾਰਾਜ ਕਹਿੰਦੇ, ਮਰੇ ਹੋਏ ਡੰਗਰ ਢੋਣ ਵਾਲੀ ਜਾਤੀ ਦੇ ਵਿਚੋਂ ਇਕ ਮਹਾਂਪੁਰਸ਼ ਸਾਰੇ ਸੰਸਾਰ ਦੇ ਉਤੇ ਪ੍ਰਗਟ ਹੋਇਆ –

*ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥*
*ਅੰਗ– ੪੮੭*

ਉਹਨੇ ਪ੍ਰਮੇਸ਼ਰ ਦਾ ਦਰਸ਼ਨ ਸ਼ਾਖਸ਼ਾਤ ਰੂਪ-ਰੰਗ, ਰੇਖ-ਭੇਖ ਤੋਂ ਜੋ ਨਿਆਰਾ ਹੈ, ਆਪਣੀ ਖੁਸ਼ੀ

ਦੇ ਨਾਲ ਉਹਨੇ ਆਪਣੇ ਰੂਪ ਵਿਚ ਰੂਪਧਾਰੀ ਹੋ ਕੇ ਦਰਸ਼ਨ ਦਿਤੇ। ਸੋ ਉਹਦੀ ਮਹਿਮਾ ਮਹਾਰਾਜ ਵਰਨਣ ਕਰਦੇ ਨੇ ਕਿ –

*ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥*
*ਸਾਧ ਕੀ ਉਪਮਾ ਰਹੀ ਭਰਪੂਰਿ ॥ ਅੰਗ- ੨੭੨*

ਤਿੰਨਾਂ ਗੁਣਾਂ ਤੋਂ ਉੱਚੀ, ਮਾਇਆ ਦਾ ਲੇਸ਼ ਨਹੀਂ ਸੀ, ਨਾ ਜੜ੍ਹ ਮਾਇਆ ਦਾ ਤੇ ਨਾ ਚੇਤਨ ਮਾਇਆ ਦਾ।

ਰਵਿਦਾਸ ਜੀ ਨੇ ਚੁਰਸਤੇ ਦੇ ਉਤੇ ਝੌਂਪੜੀ ਪਾ ਲਈ ਤੇ ਉਹਦੇ ਪਿਛਲੇ ਪਾਸੇ ਹੀ ਰਹਿਣ ਦਾ ਬੰਦੋਬਸਤ ਸੀ ਉਹਨਾਂ ਦਾ। ਅਗਲੇ ਪਾਸੇ ਥੋੜ੍ਹਾ ਜਿਹਾ ਥਾਂ ਲੈ ਕੇ ਕੋਈ ਪੰਜ-ਸੱਤ ਫੁੱਟ, ਉਹਦੇ ਪਿਛਲੇ ਪਾਸੇ ਪੜਦਾ ਕਰਕੇ ਰਹਿੰਦੇ ਸਨ ਝੌਂਪੜੀ ਦੇ ਤੇ ਪੰਜ-ਸੱਤ ਫੁੱਟ ਜਿਹੜੀ ਜਗ੍ਹਾ ਸੀ, ਉਥੇ ਆਸਣ ਲਾ ਲੈਂਦੇ ਸੀ ਬੋਰੀ 'ਤੇ ਬੈਠ ਕੇ, ਆਉਂਦਿਆਂ ਜਾਂਦਿਆਂ ਦੇ ਜੋੜੇ ਗੰਢਦੇ ਰਹਿੰਦੇ ਸੀ। ਮਾਂ-ਬਾਪ ਆਪ ਦੇ ਚੜ੍ਹਾਈ ਕਰ ਗਏ ਸੀ। ਘਰਵਾਲੀ ਐਸੀ ਨੇਕ ਆਈ, ਸਾਰੀ ਉਹਨਾਂ ਦੀ ਬਾਣੀ ਦੇ ਅੰਦਰ ਕਿਤੇ ਵੀ ਐਸਾ ਅੱਖਰ ਨਹੀਂ ਆਇਆ ਕਿ ਜਿਥੇ ਉਹਦੀ ਨਿੰਦਾ ਕਰਨ ਜਾਂ ਉਹਨੂੰ ਮਾਇਆ ਨਾਗਣੀ ਕਹਿਣ। ਉਹ ਸਾਹ ਦੇ ਵਿਚ ਸਾਹ ਸੀ। ਉਹਦੀ ਮਰਜ਼ੀ ਦੇ ਨਾਲ ਮਰਜ਼ੀ ਰਲੀ ਹੋਈ ਸੀ। ਕਦੇ ਸ਼ਿਕਾਇਤ ਨਹੀਂ ਸੀ ਕਰਦੀ। ਕਦੇ ਭੁੱਖ ਦਾ ਦੁਖ ਕਿਸੇ ਨੂੰ ਨਹੀਂ ਸੀ ਦਸਦੀ। ਪਤੀਵਰਤਾ ਇਸਤ੍ਰੀ ਖੁਸ਼ੀ-ਖੁਸ਼ੀ ਉਹਨਾਂ ਦੀ ਸੇਵਾ ਕਰਦੀ ਸੀ ਤੇ ਆਪ ਦੇ ਪਾਸ ਸਾਧੂ ਲੰਘਦੇ ਸੀ। ਗੰਗਾ ਨੂੰ ਰਸਤਾ ਜਾਂਦਾ ਸੀ। ਜੋੜੇ ਟੁੱਟ ਜਾਂਦੇ ਸੀ ਲੰਮੇ ਸਫਰ ਕਰਨ ਤੋਂ ਬਾਦ। ਕਿਸੇ ਨੇ ਹੱਥ ਵਿਚ ਚੁੱਕਿਆ ਹੋਇਐ, ਕੋਈ ਉਵੇਂ ਜਿਵੇਂ ਤੁਰਿਆ ਆਉਂਦੈ। ਜਦੋਂ ਦੇਖਣਾ ਕਿ ਆਹ ਜੋੜੇ ਗੰਢਣ ਵਾਲਾ ਆ ਗਿਆ ਤਾਂ ਉਹਨਾਂ ਨੇ ਜੋੜੇ ਗੰਢਾਉਣੇ। ਆਪ ਮੰਗਦੇ ਨਹੀਂ ਸੀ ਕੋਈ ਵੀ ਚੀਜ਼ ਕਿ ਇਹਦੇ ਚਾਰ ਆਨੇ ਦੇ ਜਾਂ ਆਨਾ ਦੇ ਜਾਂ ਦੋ ਆਨੇ ਦੇ, ਪੈਸਾ ਦੇ, ਧੇਲਾ ਦੇ, ਜਾਂ ਕੌਡੀ ਦੇ। ਕੋਈ ਚੀਜ਼ ਨਹੀਂ ਸੀ ਮੂੰਹ ਤੋਂ ਕਹਿੰਦੇ। ਜੋ ਕੁਛ ਉਹਨੇ ਰੱਖ ਦਿਤਾ। ਇਸ ਤਰ੍ਹਾਂ ਹੀ ਕਹਿੰਦੇ ਸੀ ਕਿ ਜਿਹੜਾ ਕੁਛ ਦੇਣਾ ਦੇ ਦੇ ਭਾਈ, ਇਥੇ ਰੱਖ ਦੇ। ਸਾਧੂ-ਮਹਾਂਪੁਰਸ਼ ਜੇ ਦਿੰਦੇ ਵੀ ਸੀ ਤਾਂ ਉਹਨੂੰ ਕਹਿੰਦੇ ਸੀ ਨਾ ਮਹਾਂਪੁਰਸ਼ੋ ਸੇਵਾ ਦਾ ਵੀ ਮੈਨੂੰ ਮੌਕਾ ਦਿਓ ਨਾ। ਭਾਵੇਂ ਮੇਰੀ ਕਿਰਤ ਹੈ, ਇਹਦੇ ਵਿਚੋਂ ਰਿਜ਼ਕ ਆਉਂਦੈ, ਪਰ ਮੈਂ ਤੁਹਾਡੀ ਸੇਵਾ ਕਿਵੇਂ ਕਰਾਂਗਾ। ਇਹ ਤਾਂ ਪ੍ਰਮੇਸ਼ਰ ਨੇ ਮੈਨੂੰ ਮਹਾਂਪੁਰਸ਼ਾਂ ਦੀ ਸੇਵਾ ਕਰਨ ਲਾਇਆ ਹੋਇਐ।

ਇਕ ਮਹਾਂਪੁਰਸ਼ ਨੇ ਅੰਤਰ ਧਿਆਨ ਹੋ ਕੇ ਦੇਖਿਆ ਕਿ ਇਹ ਤਾਂ ਬਹੁਤ ਵੱਡੇ ਸਾਧੂ ਨੇ। ਛੁਪੇ ਬੈਠੇ ਨੇ ਇਹ ਤੇ ਮਾਇਆ ਨੂੰ ਦਰਵਾਜ਼ੇ 'ਤੇ ਆਉਣ ਨਹੀਂ ਦਿੰਦੇ। ਦੂਰ ਰਖਦੇ ਨੇ। ਨਹੀਂ ਤਾਂ –

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥*

*ਅੰਗ– ੬੪੯*

ਸੰਤਾਂ ਦੇ, ਸਾਧੂਆਂ ਦੇ ਮਾਇਆ ਤਰਲੇ ਮਾਰਦੀ ਹੈ। ਬਾਕੀਆਂ ਨੂੰ ਤਾਂ ਇਹ ਖਾ ਜਾਂਦੀ ਹੈ –

*ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥*
*ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥*

*ਅੰਗ– ੫੧੦*

ਉਹਨੂੰ ਹੀ ਖਾ ਜਾਂਦੀ ਹੈ, ਜਿਹੜਾ ਇਹਦੀ ਸੇਵਾ ਕਰਦੈ। ਪਰ ਸਾਧੂ ਜਿਹੜੇ ਨੇ ਉਹ ਨੇੜੇ ਨਹੀਂ ਆਉਣ ਦਿੰਦੇ ਮਾਇਆ ਨੂੰ, ਨਾ ਚੇਤਨ ਨੂੰ, ਨਾ ਜੜ੍ਹ ਨੂੰ। ਕਿਸੇ ਕਿਸਮ ਦੀ ਮਾਇਆ ਨੂੰ ਨੇੜੇ ਨਹੀਂ ਆਉਣ ਦਿੰਦੇ। ਨਾ ਅਗਿਆਨ ਵਾਲੀ ਮਾਇਆ ਹੈ ਪ੍ਰਮੇਸ਼ਰ ਤੋਂ ਭੁਲਾਉਣ ਵਾਲੀ ਉਹਨੂੰ ਆਉਣ ਦਿੰਦੇ ਨੇ। ਮਹਾਰਾਜ ਕਹਿੰਦੇ, ਉਹ ਤਾਂ ਮਾਇਆ ਜਿਹੜੀ ਹੈ ਤਰਲੇ ਲੈਂਦੀ ਹੈ। ਉਹਦੇ ਬਾਰੇ ਐਸਾ ਫੁਰਮਾਨ ਆਉਂਦੈ –

*ਧਾਰਨਾ – ਦਾਸੀ ਹੋ ਕੇ ਕਾਰ ਕਮਾਵੇ,*
*ਮਾਇਆ ਸਾਧੂਆਂ ਦੀ।*

ਇਸ ਮਾਇਆ ਨੇ ਸਵਰਗ ਲੋਕ ਨੂੰ ਵੀ ਜਿੱਤ ਲਿਆ। ਦੁਨੀਆਂ ਨੂੰ ਵੀ ਜਿੱਤ ਲਿਆ, ਸਾਧਕਾਂ ਨੂੰ ਜਿੱਤ ਲਿਆ। ਸਿੱਧਾ ਨੂੰ ਜਿੱਤ ਲਿਆ, ਸਾਰੇ ਸੰਸਾਰ ਨੂੰ ਜਿੱਤ ਲਿਆ। ਮਹਾਰਾਜ ਫੁਰਮਾਨ ਕਰਦੇ ਨੇ ਕਿ

*ਜੀਤਿ ਜੀਤਿ ਜੀਤੇ ਸਭਿ ਥਾਨਾ ਸਗਲ ਭਵਨ ਲਪਟਹੀ ॥*

*ਅੰਗ – ੪੯੯*

ਧਰਮ ਅਸਥਾਨਾਂ ਦੇ ਵਿਚ ਲਿਪਟੀ ਪਈ ਹੈ। ਕਿੰਨੀਆਂ ਲੜਾਈਆਂ ਹੁੰਦੀਆਂ ਨੇ ਧਰਮ ਅਸਥਾਨਾਂ 'ਤੇ। ਸਾਧੂ ਨਹੀਂ ਜਾਂਦੇ। ਸਾਧੂਆਂ ਨੂੰ ਪਤੈ ਕਿ ਇਥੇ ਮਾਇਆ ਦਾ ਪ੍ਰਭਾਵ ਹੈ, ਇਥੇ ਤਾਂ ਇਕ ਦੂਜੇ ਦੇ ਸਾਫੇ ਲਾਹੁੰਦੇ ਨੇ। ਗਾਲ੍ਹਾਂ ਕੱਢਦੇ ਨੇ, ਨਿੰਦਿਆ ਕਰਦੇ ਨੇ। ਰਸ ਤੋਂ ਹੀਣੇ ਲੋਕ। ਫੇਰ ਵੱਡੇ-ਵੱਡੇ ਪ੍ਰਬੰਧਕ ਬਣੇ ਬੈਠੇ ਰਹਿੰਦੇ ਨੇ। ਉਹ ਮਾਇਆ ਨੇ ਜਿੱਤ ਲਿਆ ਥਾਂ ਸਾਰਾ ਕਿਉਂਕਿ ਉਥੇ ਲਿਪਟ ਗਈ ਜਾ ਕੇ –

*ਕਹੁ ਨਾਨਕ ਸਾਧ ਤੇ ਭਾਗੀ ਹੋਇ ਚੇਰੀ ਚਰਨ ਗਹੀ ॥*

*ਅੰਗ – ੪੯੯*

ਚਰਨਾਂ ਦੀ ਦਾਸੀ ਬਣ ਕੇ ਸੇਵਾ ਕਰਦੀ ਹੈ।

*ਗਿਆਨੀ ਕੀ ਹੋਇ ਵਰਤੀ ਦਾਸਿ ॥*
*ਕਰ ਜੋੜੇ ਸੇਵਾ ਕਰੇ ਅਰਦਾਸਿ ॥ ਅੰਗ- ੩੭੦*

ਹੱਥ ਜੋੜ ਕੇ ਖੜ੍ਹੀ ਰਹਿੰਦੀ ਹੈ ਅਰਦਾਸਾਂ ਕਰਦੀ ਹੈ, ਮੈਨੂੰ ਕਿਤੇ ਲਾ ਦਿਓ -

*ਜੋ ਤੂੰ ਕਹਹਿ ਸੁ ਕਾਰ ਕਮਾਵਾ ॥*
*ਜਨ ਨਾਨਕ ਗੁਰਮੁਖ ਨੇੜਿ ਨ ਆਵਾ ॥ ਅੰਗ- ੩੭੦*

ਇਹਨਾਂ 'ਤੇ ਮੇਰਾ ਬਲ ਨਹੀਂ ਚਲਦਾ। ਬਾਕੀ ਸੰਸਾਰ 'ਤੇ ਚਲਦੈ।

ਸੋ ਰਵਿਦਾਸ ਜੀ ਨਹੀਂ ਵੜਨ ਦਿੰਦੇ ਮਾਇਆ ਨੂੰ। ਜੋ ਸਹਿਜ ਨਾਲ ਆਉਂਦੀ ਹੈ, ਉਹਦੇ ਨਾਲ ਚੌਥਾ ਹਿੱਸਾ ਧਰਮ ਕਾਰਜਾਂ ਵਾਸਤੇ ਲਾਉਂਦੇ ਨੇ। ਕਿੰਨਾ ਕੁ ਹੋਣੇ, ਪੈਸਾ ਕੌਡੀ-ਕੌਡੀ ਜੋੜ ਕੇ ਕਿਤੇ ਹੀ ਬਣਦਾ ਹੋਣੈ ਦੋ ਚਾਰ ਆਨੇ। ਉਹਦਾ ਰਾਸ਼ਨ ਲੈ ਆਉਣਾ, ਸਾਧੂਆਂ ਨੂੰ ਛਕਾਉਂਦੇ ਸੀ, ਆਪ ਭੁੱਖੇ ਰਹਿ ਲੈਣਾ। ਘਰਵਾਲੀ ਕੋਈ ਬਾਤ ਨਹੀਂ ਸੀ ਕਹਿੰਦੀ। ਸੇਵਾ ਕਰਕੇ ਪ੍ਰਸੰਨ ਰਹਿੰਦੇ ਸੀ। ਐਸੀ ਹਾਲਤ ਮਹਾਂਪੁਰਸ਼ਾਂ ਨੇ ਦੇਖ ਕੇ ਰਵਿਦਾਸ ਜੀ ਨੂੰ ਇਕ ਪੱਥਰ ਦੇ ਦਿਤਾ ਜਿਸਨੂੰ ਪਾਰਸ ਕਹਿੰਦੇ ਨੇ। ਉਹਦੇ ਵਿਚ ਇਹ ਸਿਫਤ ਹੁੰਦੀ ਹੈ ਕਿ ਅੱਠ ਧਾਤਾਂ ਨੂੰ ਉਹ ਸੋਨਾ ਬਣਾ ਦਿੰਦੈ। ਜਦੋਂ ਉਹਦੇ ਨਾਲ ਛੋਹਿਆ ਜਾਵੇ, ਸੋਨਾ ਬਣ ਜਾਂਦੈ। ਬੁਨਿਆਦੀ ਤੱਤ ਬਦਲ ਦਿੰਦੈ ਉਹਦੇ ਵਿਚ, ਇਹ ਸਿਫਤ ਹੈ। ਉਹਨੇ ਰਵਿਦਾਸ ਜੀ ਨੂੰ ਕੁਛ ਦੇਣਾ ਚਾਹਿਆ, ਆਪ ਜੀ ਨੇ ਕਿਹਾ, ਨਹੀਂ ਮਹਾਰਾਜ! ਮੈਨੂੰ ਤਾਂ ਸੇਵਾ ਬਖਸ਼ੋ ਤੁਸੀਂ, ਸਾਧੂ ਹੋਂ। ਮੇਰਾ ਵੀ ਉਧਾਰ ਹੋ ਜਾਵੇ। ਮਹਾਤਮਾ ਪੂਰਨ ਸੀ ਕਹਿਣ ਲੱਗੇ, ਰਵਿਦਾਸ ਜੀ! ਆਹ ਸੂਆ ਤੇ ਰੰਬੀ ਦੇ ਦਿਓ ਮੈਨੂੰ, ਪੱਥਰ ਕੱਢਿਆ ਤੇ ਕੱਢ ਕੇ ਉਹਨਾਂ ਨੇ ਉਪਰ ਲਾ ਦਿਤਾ। ਪੀਲਾ ਰੰਗ ਹੋ ਗਿਆ, ਰਵਿਦਾਸ ਜੀ ਨੂੰ ਮੋੜ ਦਿਤਾ। ਉਹ ਜਦੋਂ ਚਮੜਾ ਕੱਟਣ ਲੱਗੇ ਉਹ ਮੁੜ ਗਿਆ ਕਿਉਂਕਿ ਸੋਨਾ ਨਰਮ ਹੁੰਦੈ, ਲੋਹਾ ਸਖਤ ਹੁੰਦੈ। ਕਹਿੰਦੇ, ਆਹ ਕੀ ਕਰ ਦਿਤਾ ਸੰਤ ਜੀ ਤੁਸੀਂ? ਮੇਰੇ ਕੋਲ ਤਾਂ ਆਹੀ ਦੋ ਚੀਜ਼ਾਂ ਸੀ ਜਿਹਦੇ ਨਾਲ ਮੈਂ ਸੇਵਾ ਕਰਦਾ ਸੀ। ਇਹ ਦੋਵੇਂ ਖਰਾਬ ਹੋ ਗਈਆਂ।

ਸੰਤ ਕਹਿੰਦੇ, ਰਵਿਦਾਸ ਜੀ! ਆਹ ਤਾਂ ਚਾਹੇ ਤੁਸੀਂ ਸੌ ਲੈ ਲਓ, ਇਕ ਵੇਚ ਕੇ। ਸੋਨਾ ਬਣ ਗਿਆ ਇਹਦਾ। ਕਹਿੰਦੇ, ਆਹ ਪੱਥਰ ਹੈ, ਇਹਨੂੰ ਪਾਰਸ ਕਹਿੰਦੇ ਨੇ। ਇਹ ਮਿਲਦਾ ਨਹੀਂ ਕਿਤੇ, ਜਾਂ ਬਹੁਤ ਵੱਡੇ ਬਾਦਸ਼ਾਹਾਂ ਦੇ ਕੋਲ ਹੁੰਦੈ ਜਾਂ ਵੱਡੇ ਮਹਾਤਮਾ ਦੇ ਕੋਲ ਹੁੰਦੈ। ਦੋ ਨੂੰ ਹੀ ਇਹ ਰਾਹ ਦਿੰਦੈ, ਤੀਜੇ ਨੂੰ ਇਹ ਰਾਹ ਨਹੀਂ ਦਿੰਦਾ। ਪਛਾਣ ਨਹੀਂ ਦਿੰਦਾ। ਗੁਪਤ ਹੋ ਜਾਂਦੈ। ਲੱਭਦਾ ਨਹੀਂ, ਨਹੀਂ ਤਾਂ ਸਾਰਾ ਸੰਸਾਰ ਅਮੀਰ ਬਣ ਜਾਵੇ। ਸਾਧੂਆਂ ਦੀ ਸੇਵਾ ਕਰਨ ਵਾਸਤੇ ਪ੍ਰਗਟ ਹੁੰਦੈ, ਬਾਦਸ਼ਾਹਾਂ ਦੇ ਰਾਜ ਚਲਾਉਣ ਵਾਸਤੇ ਪ੍ਰਗਟ ਹੁੰਦੈ। ਸੋ ਇਹ ਤੁਸੀਂ ਲੈ ਲਓ, ਆਏ ਗਏ ਸਾਧੂ ਨੂੰ ਪ੍ਰਸ਼ਾਦਾ ਵੀ ਛਕਾਇਆ ਕਰੋ ਤੇ ਘਰ ਸੋਹਣਾ ਬਣਾ ਲਓ। ਕਾਰੋਬਾਰ ਵਧੀਆ ਕਰ ਲਓ, ਘਰ 'ਚ ਨੌਕਰ ਚਾਕਰ ਰਖ ਲਓ, ਆਪ ਪ੍ਰਮੇਸ਼ਰ ਦਾ ਭਜਨ ਹੀ ਕਰਿਆ ਕਰੋ ਤੇ ਮੈਂ ਜਾਣਾ ਹੈ ਯਾਤਰਾ। ਇਕ ਸਾਲ ਤੋਂ ਬਾਅਦ ਮੈਂ ਆਵਾਂਗਾ ਤੇ ਤੁਸੀਂ ਓਨੀਂ ਦੇਰ ਇਸ ਤੋਂ ਕਾਰਜ ਲੈ ਲਵੋ, ਫੇਰ ਮੈਂ ਲੈ ਜਾਵਾਂਗਾ। ਉਹ ਜੋੜੇ ਗੰਢਣ 'ਚ ਵਿਅਸਥ ਨੇ। ਕਹਿਣ ਲੱਗੇ ਕਿ ਮੈਂ ਕਿੱਥੇ ਰੱਖਾਂ? ਕਹਿੰਦੇ, ਇਥੇ ਰੱਖ ਦਿਓ ਕਿਤੇ ਛੱਪਰ 'ਚ। ਉਹਨੇ ਲੀਰ 'ਚ ਵੇੜ੍ਹਿਆ ਛੱਪਰ ਦੇ ਵਿਚ ਰੱਖ ਦਿਤਾ। ਉਤੇ ਫੇਰ ਸਰਕੜਾ ਲਾ ਦਿਤਾ। ਚਲੇ ਗਏ ਮਹਾਤਮਾ ਤੇ ਸਾਲ ਤੋਂ ਬਾਅਦ ਜਦੋਂ ਆਏ। ਉਥੇ ਆ ਕੇ ਸੋਚਦੇ ਨੇ ਵੱਡੇ-ਵੱਡੇ ਮੰਦਰ ਬਣ ਗਏ ਹੋਣੇ ਨੇ, ਬੜਾ ਭਾਰਾ ਆਸ਼ਰਮ ਬਣ ਗਿਆ ਹੋਣੈ। ਬਹੁਤ ਸੇਵਾਦਾਰ, ਚੇਲੇ ਆ ਗਏ ਹੋਣੇ ਨੇ ਤੇ ਲੰਗਰ ਚਲਦੇ ਹੋਣੇ ਨੇ। ਰਿਹਾਇਸ਼ ਦੇ ਸਾਰੇ ਸਾਧਨ ਹੋ ਚੁੱਕੇ ਹੋਣੇ ਨੇ ਪਰ ਉਥੇ ਕੀ ਦੇਖਦੇ ਨੇ ਕਿ ਝੌਂਪੜੀ ਪਹਿਲਾਂ ਨਾਲੋਂ ਵੀ ਟੁੱਟੀ ਹੋਈ ਹੈ। ਸਾਲ ਭਰ 'ਚ ਸਰਕੜਾ ਹੀ ਨਹੀਂ ਪੁਆਇਆ। ਹੈਰਾਨ ਹੋ ਗਏ ਕਿ ਹੋ ਸਕਦਾ ਹੈ ਕਿ ਪਾਰਸ ਗੁਆ ਦਿਤਾ ਹੋਵੇ ਇਹਨੇ। ਆ ਕੇ ਪੁੱਛਿਆ ਕਿ ਰਵਿਦਾਸ ਜੀ! ਮੈਂ ਤੁਹਾਨੂੰ ਪਾਰਸ ਦੇ ਕੇ ਗਿਆ ਸੀ। ਉਹ ਵਰਤੋਂ 'ਚ ਨਹੀਂ ਲਿਆਂਦਾ? ਕਹਿੰਦੇ, ਸਾਡੇ ਤਾਂ ਕੋਈ ਕੰਮ ਦਾ ਨਹੀਂ ਹੈ। ਅਸੀ ਕੀ ਲੈਣੈ, ਪਰਾਲਬਧ ਅਨੁਸਾਰ ਮਿਹਨਤ ਕਰਕੇ ਜੋ ਆਉਂਦੈ ਉਹ ਅਸੀਂ ਲਈ ਜਾਂਦੇ ਹਾਂ। ਉਹਦੇ ਵਿਚੋਂ ਤਿਲ ਫੁਲ ਅਸੀਂ ਸੇਵਾ ਵਿਚ ਵੀ ਲਾ ਦਿੰਦੇ ਹਾਂ। ਬੜੇ ਖੁਸ਼ ਰਹਿੰਦੇ ਹਾਂ, ਅਨੰਦ ਵਿਚ ਰਹਿੰਦੇ ਹਾਂ। ਇਹ ਕੀ ਕਰਨੈ ਅਸੀਂ। ਮਾਇਆ ਦੀ ਪ੍ਰਾਪਤੀ ਬਹੁਤੀ ਹੋ ਜਾਏ, ਮਹਾਰਾਜ ਕਹਿੰਦੇ, ਦੂਜੇ ਪਾਸੇ ਨਾਮ ਤੇ ਇਕ ਪਾਸੇ ਮਾਇਆ ਤੇ ਮਾਇਆ ਵੀ ਐਨੀ ਕਿ ਅੰਦਾਜ਼ਾ ਨਾ ਲਾਇਆ ਜਾ ਸਕੇ। ਜੇ ਬੰਦਾ ਮਾਇਆ 'ਚ ਫਸ ਕੇ ਨਾਮ ਨੂੰ ਭੁੱਲ ਜਾਵੇ, ਕਹਿੰਦੇ ਉਹ ਕੌਡੀ ਦੇ ਕੰਮ ਦੀ ਚੀਜ਼ ਨਹੀਂ ਹੈ। ਐਡੀ ਵਾਰਨਿੰਗ ਦਿਤੀ ਹੈ ਗੁਰੂ ਮਹਾਰਾਜ ਨੇ ਮਾਇਆ ਦੀ ਤੁਲਨਾ ਤੇ ਨਾਮ ਦੇ ਮੁਕਾਬਲੇ -

*ਧਾਰਨਾ - ਕਿਤੇ ਭੁੱਲ ਨਾ ਜਾਈਂ ਓ ਮਨਾਂ ਮੇਰਿਆ,*
*ਮੋਤੀਆਂ ਦੇ ਮੰਦਰ ਵੇਖ ਕੇ।*
*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥*

*ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*
*ਅੰਗ- ੧੪*

ਐਡੀ ਵੱਡ ਪ੍ਰਾਪਤੀ ਇਨਸਾਨ ਨੂੰ ਕਦੇ ਹੋ ਨਹੀਂ ਸਕਦੀ ਕਿ ਇੱਟਾਂ ਦੀ ਥਾਂ 'ਤੇ ਮੋਤੀ ਤੇ ਰਤਨ ਲਾ ਕੇ ਕੋਈ ਮਹਿਲ ਬਣਾ ਕੇ ਉਹਦੇ ਵਿਚ ਰਹੇ। ਮਹਾਰਾਜ ਕਹਿੰਦੇ, ਜੇ ਉਹਨਾਂ ਨੂੰ ਦੇਖ ਕੇ ਪ੍ਰਮੇਸ਼ਰ ਭੁੱਲਦੈ ਤਾਂ ਉਹ ਕਿਸੇ ਕੰਮ ਦੀ ਚੀਜ਼ ਨਹੀਂ ਹੈ ਕਿਉਂਕਿ ਨਾਮ ਦਾ ਮੁਕਾਬਲਾ ਸੰਸਾਰ ਦੀ ਕੋਈ ਚੀਜ਼ ਨਹੀਂ ਕਰ ਸਕਦੀ -

*ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥*
*ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥*
*ਅੰਗ- ੧੪*

ਭੋਗਾਂ ਦੀ ਦੁਨੀਆਂ ਹੈ ਮਹਾਰਾਜ ਕਹਿੰਦੇ, ਕੀ ਪਿਐ ਉਹਨਾਂ ਦੇ ਅੰਦਰ। ਸਜਾਵਟਾਂ ਹੀ ਸਜਾਵਟਾਂ ਖਾਲੀ ਨੇ, ਨਿ-ਰਸ ਨੇ, ਬੇ-ਜਿੰਦ ਨੇ। ਜੀਵਨ ਦਾ ਹੁਲਾਰਾ ਨਹੀਂ ਦੇ ਸਕਦੀਆਂ ਇਹ ਚੀਜ਼ਾਂ ਕਿਉਂਕਿ ਆਪ ਜੜ੍ਹ ਨੇ -

*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥*
*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥*
*ਅੰਗ- ੧੪*

ਲੋਕਾਂ ਦੀ ਵਾਹ-ਵਾਹ, ਲੋਕਾਂ ਦੀ ਮਹਿਮਾ ਕੁਛ ਨਹੀਂ ਦਿੰਦੀ। ਉਹਦੇ ਨਾਲੋਂ ਅੱਧੀ ਰੋਟੀ ਮਿਲ ਜਾਵੇ, ਆਦਮੀ ਦਾ ਪੇਟ ਤਾਂ ਭਰ ਜਾਂਦੈ। ਵਾਹਵਾ-ਵਾਹਵਾ ਵੀ ਕਦੇ ਆਦਮੀ ਨੂੰ ਰਜਾਉਂਦੀ ਹੈ? ਦੂਜਾ ਇਹ ਹੈ ਕਿ ਜਿੰਨੇ ਉਸਤਤ ਵਾਲੇ ਹੋਣਗੇ, ਓਨੇ ਨਿੰਦਿਆ ਵਾਲੇ ਵੀ, ਬਰਾਬਰ ਸੰਤੁਲਨ ਰਖਦੈ ਰੱਬ। ਇਹ ਨਹੀਂ ਕਿ ਸਾਰੀ ਦੁਨੀਆਂ ਕਿਸੇ ਨੂੰ ਚੰਗਾ ਕਹੇ। ਲੋਕ ਵਾਸ਼ਨਾ ਚੀਜ਼ ਹੀ ਗਲਤ ਹੈ। ਸਤਿ ਦੇ ਮਾਰਗ 'ਤੇ ਚੱਲੋ -

*ਕੋਈ ਭਲਾ ਕਹਉ ਭਾਵੈ ਬੁਰਾ ਕਹਉ*
*ਹਮ ਤਨੁ ਦੀਓ ਹੈ ਢਾਰਿ ॥* *ਅੰਗ- ੫੨੮*

ਅਸੀਂ ਤਾਂ ਤਨ ਡਾਰ ਦਿਤਾ ਕਿ ਸਾਨੂੰ ਇਸ ਗੱਲ ਦੀ ਪਰਵਾਹ ਨਹੀਂ ਕਿ ਕੋਈ ਬੁਰਾ ਕਹਿੰਦੇ ਨੇ ਕਿ ਭਲਾ ਕਹਿੰਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ, ਕਿੰਨੀਆਂ ਹੀ ਸ਼ਕਤੀਆਂ ਆ ਜਾਣ, ਲੋਕ ਭਾਉ ਰੱਖਣ, ਕੋਈ ਬਾਤ ਨਹੀਂ ਹੈ ਜੇ ਭੁੱਲਦਾ ਹੈ, ਨਾਮ ਦੇ ਮੁਕਾਬਲੇ ਤੇ ਕੀ ਚੀਜ਼ ਹੈ ਤੁੱਛ ਹੈ ਇਹ। ਫੇਰ ਜਿਹੜੀ ਰਾਜਸੀ ਸ਼ਕਤੀ ਵਾਸਤੇ ਅਸੀਂ ਪਾਗਲ ਹੋਏ ਫਿਰਦੇ ਹਾਂ, ਇਕ ਦੂਜੇ ਨੂੰ ਧੋਖੇ ਦਿੰਦੇ ਹਾਂ। ਜੀਵਨ ਤੋਂ ਗਿਰਦੇ ਹਾਂ, ਪ੍ਰਮੇਸ਼ਰ ਤੋਂ ਸਦਾ ਭੁੱਲੇ ਰਹਿੰਦੇ ਹਾਂ। ਤਮੋ ਗੁਣ ਤੇ ਰਜੋ ਗੁਣ ਦੇ ਵਿਚ ਸਾਡਾ ਵਾਸ ਹੋ ਕੇ ਜੀਵਨ ਬਤੀਤ ਹੋ ਜਾਂਦੈ। ਮਹਾਰਾਜ ਕਹਿੰਦੇ, ਉਹ ਹੈ ਕੀ -

*ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥*
*ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*
*ਅੰਗ- ੧੪*

ਕਿਉਂਕਿ ਇਸ ਚਿੱਤ ਨੂੰ ਜਿਹੜਾ ਕਮਲ ਫੁੱਲ ਪੁੱਠਾ ਹੋਇਆ-ਹੋਇਆ ਹੈ ਸਾਡਾ, ਉਲਟਿਆ ਹੋਇਐ ਉਹਨੂੰ ਸਿੱਧਾ ਕਰਨ ਦੀ ਸ਼ਕਤੀ ਨਹੀਂ ਰਖਦੀ। ਸਿੱਧਾ ਇਹਨੂੰ ਨਾਮ ਕਰਦੈ -

*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ ॥* *ਅੰਗ- ੧੨੯੧*

ਰਸ ਦੇ ਵਿਚ ਭਰ ਗਿਆ, ਮਨ ਉਥੇ ਹੀ ਠਹਿਰ ਗਿਆ।

*ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥*
*ਅੰਗ- ੧੨੯੧*

ਸੋ ਮਹਾਰਾਜ ਕਹਿੰਦੇ, ਨਾਮ ਨੂੰ ਨਾ ਭੁੱਲ, ਨਾਮ ਸਭ ਤੋਂ ਵੱਡੀ ਚੀਜ਼ ਹੈ -

*ਧਾਰਨਾ - ਜਲ ਬਲ ਜਾਵੇ ਜਿਉੜਾ ਨਾਮ ਤੋਂ ਬਿਨਾਂ।*

*ਹਰਿ ਬਿਨੁ ਜੀਉ ਜਲਿ ਬਲਿ ਜਾਉ ॥*
*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥*
*ਅੰਗ- ੧੪*

ਸੋ ਇਕ ਪਾਸੇ ਮਾਇਆ ਹੈ, ਇਕ ਪਾਸੇ ਨਾਮ ਹੈ। ਮਹਾਰਾਜ ਕਹਿੰਦੇ, ਨਾਮ ਤੋਂ ਬਗੈਰ ਕੋਈ ਚੀਜ਼ ਦੁਨੀਆਂ ਦੀ ਉਹਦੀ ਤੁਲਨਾ ਨਹੀਂ ਕਰ ਸਕਦੀ।

ਸੋ ਰਵਿਦਾਸ ਜੀ ਕਹਿਣ ਲੱਗੇ, ਮਹਾਤਮਾ ਜੀ! ਮੈਨੂੰ ਤਾਂ ਲੋੜ ਨਹੀਂ ਪਾਰਸ ਦੀ। ਜਿਹਨੂੰ ਲੋੜ ਹੋਵੇ ਉਹ ਇਹ ਚੀਜ਼ਾਂ ਲੈ ਸਕਦੈ। ਭੁੱਖ ਹੈ ਜਿਹਦੇ ਅੰਦਰ, ਆਪਣੀ ਭੁੱਖ ਦੂਰ ਕਰਨ ਵਾਸਤੇ, ਮਾਇਆ ਦੇ ਅੰਬਾਰ ਲਾ ਸਕਦੈ ਪਰ ਪਿਆਰਿਆ! ਮੇਰੇ ਅੰਦਰ ਤਾਂ ਨਾ ਭੁੱਖ ਹੈ ਕੋਈ। ਨਾ ਮੈਨੂੰ ਲੋੜ ਹੈ -

*ਲੋੜਾਂ ਵਾਲੀ ਦੁਨੀਆਂ ਸਾਰੀ ਬੇਲੋੜੇ ਜਗ ਥੋੜੇ।*
*ਜੇ ਕਿਧਰੇ ਮਿਲ ਜਾਣ ਬੇਲੋੜ ਚੁੰਮ ਤਿਨਾ ਦੇ ਜੋੜੇ।*

ਜੇ ਬੇਲੋੜੇ ਲੱਭ ਜਾਣ ਫੇਰ ਤਾਂ ਉਹ ਬਹੁਤ ਵੱਡੇ ਨੇ, ਉਹਨਾਂ ਨੂੰ ਤਾਂ ਪ੍ਰਮੇਸ਼ਰ ਦੀ ਲੋੜ ਹੈ। ਕਹਿੰਦੇ, ਕਿੱਥੇ ਹੈ? ਸੰਭਾਲ ਕੇ ਅੰਦਰ ਰੱਖ ਦਿਤਾ ਤੁਸੀਂ। ਕਹਿੰਦੇ, ਅੰਦਰ ਤਾਂ ਮੇਰੇ ਕੋਲ ਹੈ ਹੀ ਨਹੀਂ ਕੋਈ। ਆਹੀ ਝੌਂਪੜੀ ਹੈ ਮੇਰੀ, ਇਹ ਵੀ ਮੇਰਾ ਥਾਉਂ ਨਹੀਂ ਹੈ, ਚੌਰਾਹਾ ਦੇਖ ਕੇ ਮੈਂ ਇਕ ਕਿਨਾਰੇ

ਬਹਿ ਗਿਆ। ਪਿੱਛੇ ਮੇਰੀ ਘਰਵਾਲੀ ਰਹਿੰਦੀ ਹੈ, ਇਥੇ ਪ੍ਰਸ਼ਾਦ ਪਾਣੀ ਛਕ ਲੈਂਦੇ ਹਾਂ ਤੇ ਰਹਿਣ ਬਸੇਰਾ ਕਰ ਲੈਂਦੇ ਹਾਂ ਤੇ ਆਹ ਮੂਹਰੇ ਜਿਹੜਾ ਹਿੱਸਾ ਹੈ ਮੇਰਾ ਤਾਂ ਆਹੀ ਹੈ, ਜਿਥੇ ਮੈਂ ਬੈਠਾ ਕੰਮ ਕਰਦਾ ਹਾਂ, ਹੋਰ ਤਾਂ ਕੋਈ ਗੁਪਤ ਥਾਂ ਹੈ ਨਹੀਂ। ਕਹਿੰਦੇ, ਫੇਰ ਪਾਰਸ ਕਿੱਥੇ ਹੈ? ਕਹਿੰਦੇ, ਮੈਂ ਤਾਂ ਦੇਖਿਆ ਨਹੀਂ, ਜਿਥੇ ਤੁਸੀਂ ਰੱਖ ਗਏ ਹੋ ਉਥੋਂ ਟੋਲ੍ਹ ਲਓ। ਸੋ ਉਸ ਵੇਲੇ ਉਹਨਾਂ ਨੇ ਟੋਲ੍ਹ ਲਿਆ। ਸੋ ਮਹਾਰਾਜ ਕਹਿੰਦੇ, ਮਰੇ ਹੋਏ ਪਸ਼ੂਆਂ ਨੂੰ ਢੋਣ ਵਾਲਾ -

*ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥*
*ਅੰਗ- ੪੮੭*

ਕਬੀਰ ਸਾਹਿਬ ਦਾ ਇਕ ਬੜਾ ਅਮੀਰ ਚੇਲਾ ਸੀ। ਪਠਾਣ ਸੀਗਾ ਤੇ ਆਪਣੀ ਅਮੀਰੀ ਦਾ ਥੋੜ੍ਹਾ ਉਹਨੂੰ ਮਾਣ ਰਹਿੰਦਾ ਸੀ। ਕਬੀਰ ਸਾਹਿਬ ਕਹਿਣ ਲੱਗੇ, ਖਾਨ ਸਾਹਿਬ! ਰਵਿਦਾਸ ਜੀ ਨੂੰ ਜਾਣਦੈਂ? ਕਹਿੰਦਾ, ਹਾਂ ਮਹਾਰਾਜ। ਦਰਸ਼ਨ ਕਰੇ ਨੇ? ਕਹਿੰਦਾ, ਦਰਸ਼ਨ ਤਾਂ ਮੈਂ ਤੁਹਾਡੇ ਕਰ ਲਏ, ਹੋਰ ਤਾਂ ਮੈਨੂੰ ਕੋਈ ਲੋਚਾ ਹੀ ਨਹੀਂ ਹੈ। ਕਹਿੰਦੇ, ਨਹੀਂ ਸਾਡਾ ਗੁਰ ਭਾਈ ਹੈ। ਜਾਹ ਦਰਸ਼ਨ ਕਰ ਆ ਉਹਨਾਂ ਦੇ। ਕਹਿਣ ਲੱਗੇ, ਇਕ ਮਰਿਯਾਦਾ ਹੈ ਸਾਧੂਆਂ ਕੋਲ ਖਾਲੀ ਹੱਥ ਜਾਣ ਵਾਲਾ ਖਾਲੀ ਮੁੜ ਆਉਂਦੈ ਤੇ ਸ਼ਰਧਾ ਭਾਵਨਾ ਨਾਲ ਲਿਜਾ ਕੇ ਭੇਟਾ ਕਰਨ ਵਾਲਾ ਕੁਛ ਲੈ ਆਉਂਦੈ ਉਥੇ। ਉਹਨਾਂ ਨੂੰ ਲੋੜ ਨਹੀਂ ਹੁੰਦੀ, ਉਹ ਕੇਵਲ ਭਾਵਨਾ ਦੇਖਦੇ ਨੇ ਕਿ ਇਹਦੀ ਭਾਵਨਾ ਕੀ ਹੈ। ਇਹ ਵੀ ਜਾਣਦੇ ਨੇ ਕਿ ਇਹ ਸਾਨੂੰ ਧੋਖਾ ਦੇ ਰਿਹੈ। ਸਾਧੂਆਂ ਨੂੰ ਪਤਾ ਹੁੰਦੈ। ਸੋ ਉਹ ਘਰ ਤੋਂ ਖਾਨਦਾਨੀ ਹੀਰਾ ਪਿਆ ਸੀ, ਜਿਹਨੂੰ ਕਦੇ ਬਾਹਰ ਨਹੀਂ ਸੀ ਕੱਢਦੇ, ਉਹਨੇ ਕਿਹਾ ਕਿ ਮੇਰੇ ਗੁਰਦੇਵ ਦੇ ਇਹ ਗੁਰ ਭਾਈ ਨੇ ਤੇ ਮੈਨੂੰ ਕੁਛ ਭੇਟਾ ਵੀ ਦੇਣੀ ਚਾਹੀਦੀ ਹੈ ਤਾਂਕਿ ਉਹਨਾਂ ਦੇ ਮਨ 'ਚ ਆਵੇ ਕਿ ਕਬੀਰ ਸਾਹਿਬ ਦੇ ਜਿਹੜੇ ਸ਼ਿਸ਼ ਨੇ ਉਹ ਬੜੇ ਧਨੀ ਆਦਮੀ ਨੇ। ਹੀਰਾ ਡੱਬੀ 'ਚ ਪਾ ਕੇ ਜੇਬ ਵਿਚ ਪਾ ਲਿਆ ਤੇ ਉਥੇ ਜਾ ਕੇ ਨਮਸ਼ਕਾਰ ਕਰੀ। ਨਾਲ ਕਹਿਣ ਲੱਗੇ, ਮਹਾਰਾਜ! ਮੈਨੂੰ ਕਬੀਰ ਸਾਹਿਬ ਨੇ ਆਪ ਦੇ ਦਰਸ਼ਨ ਕਰਨ ਭੇਜਿਆ ਹੈ। ਡੱਬੀ ਦੇ ਵਿਚੋਂ ਹੀਰਾ ਕੱਢਿਆ, ਹਥੇਲੀ 'ਤੇ ਰੱਖ ਲਿਆ, ਕਹਿਣ ਲੱਗਿਆ, ਆਹ ਲੈ ਲਓ। ਉਹ ਜੋੜੇ ਗੰਢੀ ਜਾਂਦੇ ਨੇ, ਧਿਆਨ ਹੀ ਨਹੀਂ ਦਿਤਾ। ਜ਼ਰਾ ਕੁ ਨਿਗ੍ਹਾ ਉੱਚੀ ਕਰੀ, ਫੇਰ ਗੰਢਣ ਲਗ ਗਏ, ਕਹਿਣ ਲੱਗੇ, ਅੱਛਾ! ਕਬੀਰ ਸਾਹਿਬ ਨੇ ਭੇਜਿਐ। ਕਹਿੰਦਾ, ਹਾਂ ਜੀ। ਹਾਲ ਚਾਲ ਪੁੱਛਣ ਲਗ ਗਏ। ਇਹ ਫੇਰ ਕਹਿਣ ਲੱਗਿਆ ਕਿ ਮਹਾਰਾਜ! ਮੈਂ ਤੁਹਾਡੀ ਭੇਟਾ ਲੈ ਕੇ ਆਇਆ। ਕਿਉਂਕਿ ਮੇਰੇ ਗੁਰੂਦੇਵ ਇਹ ਕਹਿੰਦੇ ਹੁੰਦੇ ਨੇ ਕਿ ਸਾਧੂਆਂ ਕੋਲ ਖਾਲੀ ਹੱਥ ਨਹੀਂ ਜਾਈਦਾ। ਖਾਲੀ ਹੱਥ ਜਾਣ ਵਾਲਾ ਖਾਲੀ ਆਉਂਦੈ। ਸੋ ਜੋ ਤੁਛ ਭੇਟਾ ਹੈ ਮੇਰੇ ਖਾਨਦਾਨ ਦੇ ਅੰਦਰ, ਇਹ ਖਾਨਦਾਨੀ ਹੀਰਾ ਹੈ ਬੜੀ ਕੀਮਤ ਹੈ ਇਸ ਦੀ। ਹਜ਼ਾਰਾਂ ਰੁਪਏ ਇਹਦੀ ਕੀਮਤ ਹੈ। ਜਣੇ-ਖਣੇ ਨੂੰ ਨਹੀਂ ਇਹ ਮਿਲਦਾ, ਆਮ ਦੁਕਾਨਾਂ 'ਤੇ ਨਹੀਂ ਇਹ ਮਿਲਦਾ। ਇਹ ਮੈਂ ਤੁਹਾਡੀ ਭੇਟਾ ਲੈ ਕੇ ਆਇਆ ਹਾਂ, ਤੁਸੀਂ ਅੰਗੀਕਾਰ ਕਰੋ। ਉਹਨਾਂ ਨੇ ਫੇਰ ਕੋਈ ਜਵਾਬ ਨਹੀਂ ਦਿਤਾ। ਤੀਸਰੀ ਵਾਰੀ ਫੇਰ ਕਿਹਾ, ਰਵਿਦਾਸ ਜੀ ਨੇ ਉਹ ਹੀਰਾ ਫੜ ਲਿਆ। ਕਹਿਣ ਲੱਗਿਆ, ਮਹਾਰਾਜ ਇਹਨੂੰ ਸਾਂਭ ਕੇ ਰੱਖ ਲਓ। ਐਸਾ ਨਾ ਹੋਵੇ ਕਿ ਕੋਈ ਇਥੋਂ ਦੀ ਚੁੱਕ ਲਵੇ। ਉਹਨਾਂ ਨੇ ਜਿਥੇ ਜੋੜੇ ਗੰਢਦੇ ਸੀ, ਚਮੜਾ ਕੱਟਿਆ ਪਿਆ ਸੀ, ਉਥੇ ਰਖ ਦਿਤਾ। ਇਹਦੇ ਮਨ ਵਿਚ ਹੋ ਗਿਆ ਸ਼ੱਕ ਕਿ ਇਹਨਾਂ ਨੇ ਭੁੱਲ ਜਾਣੈ ਤੇ ਕਿਸੇ ਨੇ ਚੁੱਕ ਕੇ ਲੈ ਜਾਣੈ। ਇਹਨੇ ਫੇਰ ਕਿਹਾ ਕਿ ਮਹਾਰਾਜ! ਇਹ ਹੀਰਾ ਬਹੁਤ ਕੀਮਤੀ ਹੈ। ਇਸ ਤਰ੍ਹਾਂ ਰੱਖਣ ਵਾਲਾ ਨਹੀਂ ਹੈ ਤੇ ਤੁਸੀਂ ਕ੍ਰਿਪਾ ਕਰੋ ਇਸ ਨੂੰ ਸਾਂਭ ਲਓ। ਵੇਲੇ ਕੁਵੇਲੇ ਵੇਚ ਕੇ ਕੰਮ ਹੋ ਜਾਏਗਾ। ਮਕਾਨ ਵੀ ਬਣ ਜਾਏਗਾ ਆਪ ਦਾ, ਹੋਰ ਵੀ ਕੰਮ ਚੱਲ ਜਾਣਗੇ। ਇਸ ਤਰ੍ਹਾਂ ਨਾ ਰੱਖੋ ਤੁਸੀਂ। ਉਹ ਕਹਿੰਦੇ, ਤੇਰੇ ਵਲੋਂ ਤਾਂ ਪ੍ਰੇਮੀਆਂ ਆ ਗਿਆ ਨਾ, ਅਸੀਂ ਲੈ ਲਿਆ। ਹੁਣ ਤੂੰ ਕਾਹਨੂੰ ਸਾਨੂੰ ਅਗਾਂਹਾਂ ਗੱਲ ਬਾਤ ਦਸਦੈਂ। ਆਪੇ ਸਾਂਭਿਆ ਜਾਣੈ, ਉਹ ਪਚਰੇ ਇਕੱਠੇ ਕਰੇ ਵਿਚੇ ਹੀ ਹੀਰਾ ਲੈ ਲਿਆ ਮੁੱਠੀ 'ਚ, ਉਹ ਜਿਹੜਾ ਗਿੱਠ ਕੁ ਡੂੰਘਾ, ਚੌੜਾ ਟੋਆ ਪੁੱਟਿਆ ਸੀ, ਜਿਹਦੇ ਵਿਚ ਪੱਚਰਾਂ ਸੁੱਟੀ ਜਾਂਦੇ ਹੁੰਦੇ, ਉਹਦੇ ਵਿਚ ਸੁੱਟ ਦਿਤਾ। ਹੁਣ ਇਹ ਅਗਾਂਹਾਂ ਵਾਲੀ ਗੱਲ ਕਰਨੀ ਤਾਂ ਭੁੱਲ ਗਿਆ। ਮਨ ਵਿਚ ਹੀਰਾ ਬੈਠ ਗਿਆ ਕਿ ਗਿਆ ਇਹ ਤਾਂ। ਇਹ ਤਾਂ ਐਵੇਂ ਹੀ ਦੇ ਦਿਤਾ ਮੈਂ। ਅਨੰਦ ਹੀ ਨਹੀਂ ਆਇਆ। ਅੰਦਰੋਂ ਕਹਿਣ ਲੱਗਿਆ ਕਿ ਇਹ ਸਾਧ ਕਿਹੋ ਜਿਹੇ ਨੇ, ਕਿਹੋ ਜਿਹੀ ਟੁੱਟੀ ਹੋਈ ਹਾਲਤ ਹੈ, ਝੌਂਪੜੀ ਟੁੱਟੀ ਹੋਈ ਹੈ, ਕੱਪੜੇ ਵੀ ਕੋਈ ਬਹੁਤੇ ਸੋਹਣੇ ਨਹੀਂ ਪਾਏ ਹੋਏ ਤੇ ਮੈਂ ਕਹੀ ਜਾਂਦਾਂ ਕਿ ਇਹ ਹੀਰਾ ਬੇਅੰਤ ਕੀਮਤੀ ਹੈ, ਇਹਦੇ ਨਾਲ ਚਾਹੇ ਮਕਾਨ ਬਣਾ ਲਓ, ਚਾਹੇ ਕੁਛ ਕਰ ਲਓ, ਪਰ ਇਹਨਾਂ ਨੇ ਤਾਂ ਚੁੱਕ ਕੇ ਇਥੇ ਸੁੱਟ ਦਿਤਾ। ਨਿਰਾਸ਼ ਹੋ ਗਿਆ, ਦਿਲ ਟੁੱਟ ਗਿਆ। ਮੂੰਹ ਦੇ ਉਤੇ ਚਿੰਨ੍ਹ ਆ ਗਏ ਉਦਾਸੀ ਦੇ। ਉਦਾਸ ਚਿਹਰੇ ਨਾਲ ਕਬੀਰ ਸਾਹਿਬ ਕੋਲ ਚਲਿਆ ਗਿਆ।

ਕਬੀਰ ਸਾਹਿਬ ਕਹਿਣ ਲੱਗੇ, ਖਾਨ ਸਾਹਿਬ! ਮਿਲ ਆਏ ਰਵਿਦਾਸ ਜੀ ਨੂੰ?

ਕਹਿੰਦਾ, ਹਾਂ ਜੀ।

ਕਹਿੰਦੇ, ਢਿੱਲਾ ਬੋਲਦੈਂ? ਸਾਧਾਂ ਦੇ ਦਰਸ਼ਨ ਕਰਕੇ ਤਾਂ ਖੇੜਾ ਵਸ ਜਾਂਦੈ ਅੰਦਰ। ਆਦਮੀ ਦਾ ਪੈਰ ਨਹੀਂ ਲਗਦਾ ਕਿਉਂਕਿ ਨਵੀਂ ਜ਼ਿੰਦਗੀ ਦੇ ਨਾਲ ਸਬੰਧ ਪੈਦਾ ਹੁੰਦੈ। ਉਹਨਾਂ 'ਚ ਕਰੰਟ ਹੁੰਦੀ ਹੈ ਜੀਵਨ ਕਰੰਟ। ਉਹਨਾਂ ਦੀ ਨਿਗ੍ਹਾ ਵਿਚ, ਉਹਨਾਂ ਦੇ ਬੋਲਣ ਵਿਚ, ਉਹਨਾਂ ਦੇ ਛੋਹਣ ਵਿਚ, ਜ਼ਿੰਦਗੀ ਰੁਮਕਦੀ ਹੈ ਤੇ ਤੂੰ ਐਨਾ ਉਦਾਸ ਕਿਉਂ ਹੈ? ਸੰਤਾਂ ਦੇ ਦਰਸ਼ਨ ਕਰਕੇ ਤੇ ਦੂਸਰਾ ਸੰਤਾਂ ਦੇ ਦਰਸ਼ਨ ਭਾਗਾਂ ਨਾਲ ਹੁੰਦੇ ਨੇ। ਵੱਡੇ ਭਾਗ ਹੋਣ ਤਾਂ ਹੁੰਦੇ ਨੇ। ਤੈਨੂੰ ਤਾਂ ਖੁਸ਼ੀ ਚਾਹੀਦੀ ਹੈ।

ਕਹਿੰਦਾ, ਮਹਾਰਾਜ! ਕਾਹਦੀ ਖੁਸ਼ੀ, ਮੈਂ ਜਾਣਿਆ ਕਿ ਸੰਤ ਤੁਹਾਡੇ ਵਰਗੇ ਹੀ ਨੇ। ਕਹਿੰਦੇ, ਕੀ ਗੱਲ, ਅਗਾਂਹਾਂ ਗੱਲ ਨਾ ਕਰੀਂ। ਕਹਿੰਦਾ, ਮਹਾਰਾਜ! ਉਹ ਤਾਂ ਐਵੇਂ ਹੀ ਨੇ।

ਕਹਿੰਦੇ, ਗੱਲ ਕੀ ਹੋਈ?

ਕਹਿੰਦਾ, ਹੀਰਾ ਲੈ ਗਿਆ ਮਹਾਰਾਜ ਮੈਂ ਉਹਨਾਂ ਲਈ, ਹਜ਼ਾਰਾਂ ਰੁਪਏ ਦਾ ਸੀ। ਬਹੁਤ ਦੇਰ ਤੋਂ ਸਾਂਭ ਕੇ ਰੱਖਿਆ ਹੋਇਆ ਸੀ। ਮੈਂ ਉਹਨਾਂ ਨੂੰ ਕਿਹਾ ਵੀ, ਪਰ ਉਹਨਾਂ ਨੇ ਚੁੱਕ ਕੇ ਜਿਥੇ ਚਮੜੇ ਦੀਆਂ ਪੱਚਰਾਂ ਸੁੱਟਦੇ ਨੇ ਉਥੇ ਸੁੱਟ ਦਿਤਾ। ਉਹਦੀ ਸਫਾਈ ਕਰਨੀ ਹੈ ਸਵੇਰੇ, ਉਹਨਾਂ ਨੇ ਬਾਹਰ ਸੁੱਟ ਦੇਣੈ। ਕਿਸੇ ਹੋਰ ਦੇ ਹੱਥ ਚਲੇ ਜਾਣੈ।

ਕਹਿੰਦੇ, ਤੂੰ ਤਾਂ ਦੇ ਦਿਤਾ ਨਾ? ਚਾਹੇ ਉਹ ਕੁਛ ਕਰਨ।

ਕਹਿੰਦਾ, ਮਹਾਰਾਜ! ਕੋਈ ਚੰਗੇ ਥਾਂ ਲਗ ਜਾਂਦਾ ਤਾਂ ਸੀ। ਕਿਉਂਕਿ ਅਸੀਂ ਦਾਨ ਦੇਣ ਤੋਂ ਬਾਅਦ ਫੇਰ ਕਹਿੰਦੇ ਹਾਂ ਕਿ ਮੇਰਾ ਦਾਨ ਇਥੇ ਲੱਗੇ ਤੇ ਮੈਂ ਲੋਕਾਂ ਨੂੰ ਦੱਸੀ ਜਾਵਾਂ ਕਿ ਮੈਂ ਇਥੇ ਪੈਸੇ ਲਾਏ ਨੇ। ਇਥੇ ਲਾਏ ਨੇ।

ਇਕ ਵਾਰੀ ਅਸੀਂ ਝਾੜ ਸਾਹਿਬ ਗਏ ਹੋਏ ਸੀ। ਉਥੇ ਸੰਤ ਪਿਆਰਾ ਸਿੰਘ ਹੁੰਦੇ। ਉਸ ਇਲਾਕੇ ਦਾ ਕੋਈ ਲੈਫਟੀਨੈਂਟ ਸੀਗਾ। ਉਹਨੇ ਸੰਤਾਂ ਦਾ ਚੁਬਾਰਾ ਪੁਆ ਦਿਤਾ। ਦੀਵਾਨ ਲੱਗਿਆ ਹੋਇਆ ਸੀ ਬਹੁਤ ਵੱਡਾ, ਸੰਗਤਾਂ ਆਉਂਦੀਆਂ ਜਾਂਦੀਆਂ ਸੀ। ਉਹਦੇ ਪਿੰਡ ਦੇ, ਉਹਦੇ ਰਿਸ਼ਤੇਦਾਰ, ਮਿਲਣ-ਗਿਲਣ ਵਾਲੇ ਸਾਰੇ ਆ ਰਹੇ ਸੀ। ਉਹ ਹਰੇਕ ਨੂੰ ਖੜ੍ਹਾ ਕਰ ਲਿਆ ਕਰੇ ਤੇ ਉਂਗਲੀ ਚੁੱਕ ਕੇ ਕਹਿ ਦਿਆ ਕਰੇ ਕਿ ਆਹ ਚੁਬਾਰਾ ਮੈਂ ਪੁਆਇਐ। ਸੰਤ ਲੰਘੇ, ਸੁਣ ਲਿਆ ਉਹਨਾਂ ਨੇ। ਜਦੋਂ ਫੇਰ ਆਏ ਉਥੇ ਹੀ ਫੇਰ ਖੜ੍ਹਾ। ਉਹ ਫੇਰ ਆਪਣੇ ਰਿਸ਼ਤੇਦਾਰਾਂ ਨੂੰ ਕਹਿ ਰਿਹਾ ਸੀ ਕਿ ਆਹ ਚੁਬਾਰਾ ਮੈਂ ਪੁਆਇਐ ਸੰਤਾਂ ਦਾ। ਸੰਤ ਗਏ, 15-20 ਟੋਕਰੀਆਂ ਲੈ ਆਏ, ਗੈਂਤੀਆਂ ਲੈ ਲਈਆਂ, ਉਥੇ ਆ ਗਏ। ਆ ਕੇ ਕਹਿਣ ਲੱਗੇ ਕਿ ਆਹ ਚੁਬਾਰਾ ਢਾਹ ਦਿਓ। ਉਹ ਅੱਗੇ ਵਧਿਆ, ਕਹਿਣ ਲੱਗਿਆ ਕਿ ਮਹਾਰਾਜ! ਤੁਸੀਂ ਚੁਬਾਰਾ ਢਾਹੁੰਦੇ ਓਂ?

ਕਹਿੰਦੇ, ਦੇਖ ਤੂੰ ਦਾਨ ਦਿਤਾ ਹੈ ਬੜੀ ਮਿਹਨਤ ਨਾਲ। ਅਸੀਂ ਲੇਖੇ ਲਾਉਣੈ, ਅਸੀਂ ਬਰਬਾਦ ਨਹੀਂ ਕਰਨਾ। ਨਾਲ ਹੁਕਮ ਕਰ ਦਿਤਾ ਕਿ ਇਹਦੀਆਂ ਇੱਟਾਂ ਕੰਧ ਦੇ ਨਾਲ-ਨਾਲ ਚਿਣ ਦਿਓ, ਸਾਰੇ ਹੀ। ਇਕ ਤੋਂ ਵੱਧ ਨਹੀਂ ਰੱਖਣੀ, ਇਕ-ਇਕ ਲਾ ਦਿਓ ਸਾਰੇ। ਮਿੰਟਾਂ ਦੇ ਵਿਚ ਚੁਬਾਰਾ ਢੁਆ ਦਿਤਾ। ਚੁਬਾਰਾ ਢਾਹ ਕੇ ਜਿਹੜੀ ਬਾਹਰਲੇ ਪਾਸੇ ਦੀ ਚਾਰ-ਦੀਵਾਰੀ ਸੀ ਉਹਦੇ ਨਾਲ ਇੱਟਾਂ ਇਕ-ਇਕ, ਦੋ-ਦੋ ਕਰਕੇ ਸਿਰੇ ਤਕ ਲਾ ਦਿਤੀਆਂ। ਕਹਿੰਦੇ, ਲੈ ਹੁਣ ਕਹੀਂ ਕਿ ਮੇਰੇ ਵਾਲੀਆਂ ਇੱਟਾਂ ਕਿਥੇ ਲੱਗੀਆਂ ਹੋਈਆਂ ਨੇ।

ਆਦਮੀ ਦੇ ਮਨ ਵਿਚ ਦਾਨ ਦੇਣ ਤੋਂ ਬਾਅਦ ਵੀ ਇਹ ਖਿਆਲ ਰਹਿੰਦੈ ਕਿ ਮੇਰਾ ਦਿਤਾ ਹੋਇਆ ਦਾਨ ਇਥੇ ਲੱਗੇ ਤੇ ਨਾਲ ਇਹਦੇ ਮਾਰਬਲ ਦਾ ਪੱਥਰ ਲੈ ਕੇ ਉਹਦੇ ਉਤੇ ਲਿਖ ਦਿਤਾ ਜਾਵੇ ਤਾਂ ਕਿ ਮੈਂ ਜਿੰਨਾਂ ਚਿਰ ਜਿਉਂਦਾ ਹਾਂ, ਓਨਾਂ ਚਿਰ ਦਸਦਾ ਹੀ ਰਹਾਂ ਕਿ ਆਹ ਮੈਂ ਕਰਾਇਆ ਹੈ। ਮਹਾਰਾਜ ਕਹਿੰਦੇ ਜੇ ਇਹ ਭਾਵਨਾ ਆ ਜਾਵੇ ਤਾਂ -

*ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥*
*ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥*

*ਅੰਗ- ੧੪੨੮*

ਦਾਨ ਦਾ ਕੋਈ ਫਾਇਦਾ ਨਾ ਹੋਇਆ।

ਸੋ ਮਹਾਰਾਜ ਮੈਂ ਤਾਂ ਇਹ ਚਾਹੁੰਦਾ ਸੀ। ਰਵਿਦਾਸ ਜੀ ਦੇ ਕਈ ਘਰ ਬਣ ਜਾਣੇ ਸੀ ਉਸ ਹੀਰੇ ਨਾਲ। ਆਪ ਵੀ ਆਰਾਮ ਨਾਲ ਰਹਿੰਦੇ, ਆਏ ਗਏ ਸਾਧੂਆਂ ਨੂੰ ਵੀ ਕਿਤੇ ਲੰਗਰ ਬਣਾਉਂਦੇ, ਕਿਤੇ ਰਹਿਣ ਨੂੰ ਥਾਂ ਮਿਲਦਾ, ਮੰਜੇ ਖਰੀਦ ਲੈਂਦੇ, ਬਿਸਤਰੇ ਲੈ ਲੈਂਦੇ। ਇਹ ਤਾਂ ਉਹਨਾਂ ਨੇ ਪੱਚਰਾਂ ਵਿਚ ਸੁੱਟ ਦਿਤਾ, ਕੱਲ੍ਹ ਨੂੰ ਬਾਹਰ ਕੱਢ ਦੇਣੈ ਤੇ ਉਥੇ ਕਿਸੇ ਹੋਰ ਨੇ ਲੈ ਜਾਣੈ। ਮੇਰੀ ਚਿੰਤਾ ਤਾਂ ਵਧ ਗਈ ਸਗੋਂ ਸੰਤਾਂ ਦੇ ਦਰਸ਼ਨ ਕਰਕੇ ਤਾਂ ਘਟਣੀ ਚਾਹੀਦੀ

ਸੀ। ਮੈਨੂੰ ਤਾਂ ਰੋਗ ਲਗ ਗਿਆ ਚਿੰਤਾ ਦਾ।

ਕਹਿੰਦੇ, ਖਾਨ ਸਾਹਿਬ! ਇਸ ਤਰ੍ਹਾਂ ਕਿਉਂ ਕਰਦੈਂ। ਹਾਲੇ ਤਾਂ ਕੁਝ ਨਹੀਂ ਵਿਗੜਿਆ, ਹੁਣੇ ਆਇਆ ਹੈਂ ਨਾ।

ਕਹਿੰਦਾ, ਹਾਂ, ਸਿੱਧਾ ਹੀ ਤੁਹਾਡੇ ਕੋਲ ਆਇਆ ਹਾਂ।

ਕਹਿੰਦੇ, ਚਲ ਆਪਾਂ ਹੀਰਾ ਲਈਏ। ਕਬੀਰ ਸਾਹਿਬ ਤੇ ਖਾਨ ਦੋਵੇਂ ਇਕੱਠੇ ਹੋ ਕੇ ਰਵਿਦਾਸ ਜੀ ਕੋਲ ਜਾਂਦੇ ਨੇ। ਜਦੋਂ ਕਬੀਰ ਸਾਹਿਬ ਨੂੰ ਦੇਖਿਆ, ਉਠ ਕੇ ਖੜ੍ਹੇ ਹੋ ਗਏ ਰਵਿਦਾਸ ਜੀ। ਗਲ ਮਿਲੇ ਪਿਆਰ ਕੀਤਾ। ਗੁਰ ਭਾਈ ਜਦੋਂ ਮਿਲਦੇ ਨੇ ਪਿਆਰ ਨਾਲ ਮਿਲਦੇ ਨੇ। ਕਹਿੰਦੇ, ਧੰਨ ਭਾਗ ਤੁਸੀਂ ਆਪ ਹੀ ਆ ਕੇ ਦਰਸ਼ਨ ਦਿਤੇ। ਮੈਨੂੰ ਸੁਨੇਹਾ ਭੇਜ ਦਿੰਦੇ। ਕਬੀਰ ਸਾਹਿਬ ਕਹਿਣ ਲੱਗੇ, ਮੈਂ ਕਿਰਤ ਤੋਂ ਵਿਹਲਾ ਸੀ, ਕੱਪੜੇ ਲੀੜੇ ਬੁਣਨ ਤੋਂ ਤੇ ਮੈਂ ਕਿਹਾ, ਦਰਸ਼ਨ ਹੀ ਕਰ ਆਈਏ। ਤੁਹਾਨੂੰ ਮੈਂ ਬੁਲਾਉਂਦਾ ਤਾਂ ਕਈ ਜੋੜੇ ਤੁਹਾਡੇ ਸਾਮ੍ਹਣੇ ਪਏ ਨੇ, ਇਹ ਦੇਣੇ ਹੋਣੇ ਨੇ। ਆਹ ਖਾਨ ਸਾਹਿਬ ਤੁਹਾਡੇ ਕੋਲ ਆਏ ਸੀ? ਕਹਿੰਦੇ, ਹਾਂ ਜੀ। ਕਹਿੰਦੇ, ਇਹਨਾਂ ਨੇ ਹੀਰਾ ਭੇਟ ਕਰਿਆ ਸੀ ਆਪ ਨੂੰ? ਤੁਹਾਨੂੰ ਦਸਿਆ ਵੀ ਸੀਗਾ ਕਿ ਬਹੁਤ ਕੀਮਤੀ ਹੈ।

ਰਵਿਦਾਸ ਜੀ ਜਾਣਦੇ ਸੀ ਕਿ ਕਬੀਰ ਸਾਹਿਬ ਕਿਸ ਲਹਿਜੇ 'ਚ ਗੱਲ ਕਰ ਰਹੇ ਨੇ ਕਿ ਕੋਈ ਸਬਕ ਦੇਣੈ ਇਸ ਬੰਦੇ ਨੂੰ।

ਕਹਿੰਦੇ, ਦਸਿਆ ਤਾਂ ਸੀ ਮਹਾਰਾਜ।

ਕਹਿੰਦੇ, ਫੇਰ।

ਹੁਣ ਜੋ ਸੰਤਾਂ ਦੀ ਬਿਰਤੀ ਹੁੰਦੀ ਹੈ ਉਹ ਬਹੁਤੀ ਉੱਚੀ ਹੁੰਦੀ ਹੈ। ਉਹਨਾਂ ਦੀ ਦ੍ਰਿਸ਼ਟੀ ਦੇ ਅੰਦਰ ਸਮਾਨ ਬਿਰਤੀ ਹੁੰਦੀ ਹੈ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਮਿੱਟੀ ਤੇ ਸੋਨੇ ਨੂੰ ਸਮਝਦੇ ਸਮਾਨ ਸਾਧੂ।*

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥*

*ਅੰਗ- ੨੭੫*

ਭਾਈ ਗੜ੍ਹੀਆ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਨੇ ਬੁਲਾਇਆ। ਕਹਿਣ ਲੱਗੇ, ਭਾਈ ਗੜ੍ਹੀਆ! ਕਸ਼ਮੀਰ ਤੋਂ ਤਿੰਨ ਸਾਲ ਹੋ ਗਏ ਦਸਵੰਧ ਨਹੀਂ ਆਇਆ। ਤੁਸੀਂ ਜਾਓ ਜਾ ਕੇ ਦਸਵੰਧ ਲੈ ਆਓ। ਭਾਈ ਗੜ੍ਹੀਆ ਜੀ, ਦੋ ਚਾਰ ਸੇਵਕ ਨਾਲ ਨੇ, ਆਪ ਜਾਂਦੇ-ਜਾਂਦੇ ਪੀਰ ਦੌਲੇ ਸ਼ਾਹ ਦੇ ਕੋਲ ਠਹਿਰ ਗਏ। ਉਹ ਬਹੁਤ ਉੱਚ ਕੋਟੀ ਦਾ ਪੀਰ ਸੀ। ਜਦ ਉਹਨੂੰ ਪਤਾ ਲੱਗਿਆ ਕਿ ਗੁਰੂ ਛੇਵੇਂ ਪਾਤਸ਼ਾਹ ਪਾਸੋਂ ਆਏ ਨੇ, ਆ ਕੇ ਬੜਾ ਸਤਿਕਾਰ ਕੀਤਾ ਤੇ ਨਾਲ ਕਹਿਣ ਲੱਗੇ ਕਿ ਭਾਈ ਗੜ੍ਹੀਆ, ਕ੍ਰਿਪਾ ਕਰਕੇ ਕੁਝ ਦਿਨ ਠਹਿਰ ਜਾਓ। ਜਿਸ ਵਿਅਕਤੀ ਦੇ ਆਉਣ ਦੇ ਨਾਲ, ਆਪਣਾ ਭਲਾ ਤੇ ਸੰਗਤਾਂ ਦਾ ਭਲਾ ਹੁੰਦੈ, ਸੰਤ ਉਹਨੂੰ ਕਹਿ ਦਿੰਦੇ ਨੇ ਕਿ ਤੂੰ ਠਹਿਰ ਜਾ ਉਥੇ। ਉਹਦਾ ਭਲਾ ਚਾਹੁੰਦੇ ਹੁੰਦੇ ਨੇ ਕਿਉਂਕਿ ਪਰਉਪਕਾਰ ਉਹਨੇ ਕਰਨੈ। ਪਰਉਪਕਾਰ ਦੇ ਸਾਧਨ ਆਪ ਪੈਦਾ ਕਰ ਦਿੰਦੇ ਨੇ। ਆਪ ਦਾ ਨਹੀਂ ਹੁੰਦਾ ਕਿ ਅਸੀਂ ਬਿਮਾਰ ਹਾਂ, ਡਾਕਟਰ ਨੂੰ ਕਹਿ ਦਿਤਾ ਕਿ ਠਹਿਰ ਜਾ। ਉਹ ਭਲੇ ਵਾਸਤੇ ਹੁੰਦੈ। ਉਹਦਾ ਵੀ ਭਲਾ ਹੁੰਦੈ, ਉਹਦੀ ਸੇਵਾ ਥਾਂ ਪੈਣ ਲਗ ਜਾਂਦੀ ਹੈ ਤੇ ਸੰਸਾਰ ਦਾ ਵੀ ਭਲਾ ਹੁੰਦੈ। ਕਹਿਣ ਲੱਗੇ, ਤੁਸੀਂ ਸੁਖਮਨੀ ਸਾਹਿਬ ਦਾ ਪਾਠ ਮੈਨੂੰ ਤੇ ਮੇਰੇ ਮੁਰੀਦਾਂ ਨੂੰ ਸੁਣਾਓ। ਪੰਜ ਸੱਤ ਦਿਨ ਹਫਤਾ ਰਹਿ ਜਾਓ, ਬੜੇ ਅਸੀਂ ਧੰਨਵਾਦੀ ਹੋਵਾਂਗੇ ਤੇ ਅਸੀਂ ਸੁਖਮਨੀ ਸਾਹਿਬ ਸੁਣ ਲਵਾਂਗੇ।

ਸੋ ਉਸ ਵੇਲੇ ਭਾਈ ਗੜ੍ਹੀਆ ਜੀ ਉਹਦੀ ਬੇਨਤੀ ਮੰਨ ਕੇ ਹਫਤਾ ਭਰ ਠਹਿਰ ਗਏ। ਬੜਾ ਇਕੱਠ ਹੁੰਦਾ ਰਿਹਾ, ਸੰਗਤਾਂ ਵੀ ਆਉਂਦੀਆਂ ਰਹੀਆਂ। ਪੀਰ ਜੀ ਵੀ ਬੈਠਦੇ ਰਹੇ, ਨਾਲ ਉਹਨਾਂ ਦੇ ਮੁਰੀਦ ਵੀ ਬੈਠਦੇ ਰਹੇ। ਜਦੋਂ ਵਿਦਾ ਕਰਨ ਗਏ ਤਾਂ ਅਸੂਲ ਇਹ ਹੋਇਆ ਕਰਦੈ ਕਿ ਸਾਧੂ, ਸਾਧੂ ਨੂੰ ਜਦੋਂ ਵਿਦਾ ਕਰਦੈ, ਆਪਣੇ ਆਸਣ 'ਤੇ ਬੈਠਾ ਹੀ ਨਹੀਂ ਕਹਿੰਦਾ ਕਿ ਜਾਓ। ਉਹਨੂੰ ਛੱਡਣ ਆਉਣਾ ਪੈਂਦੈ, ਨਿਮਰਤਾ ਦਾ ਪ੍ਰਤੀਕ ਹੁੰਦੈ। ਜੇ ਬੈਠਾ ਹੀ ਕਹਿ ਦੇਵੇ ਕਿ ਜਾਓ ਜੀ, ਤਾਂ ਇਹ ਬੇਅਦਬੀ ਹੋਇਆ ਕਰਦੀ ਹੈ। ਉਸ ਵੇਲੇ ਉਠ ਕੇ ਕਹਿਣ ਲੱਗੇ, ਮੈਂ ਜੂਹ ਲੰਘਾ ਆਵਾਂ। ਨਾਲ ਚਲੇ ਜਾਂਦੇ ਨੇ ਬਚਨ ਕਰਦੇ ਨੇ ਤੇ ਭਾਈ ਗੜ੍ਹੀਆ ਦੇ ਅੱਡੀ ਤੋਂ ਬਗੈਰ ਜੁੱਤੀ ਪਾਈ ਹੋਈ ਸੀ। ਜਿਹਨੂੰ ਅਸੀਂ ਛਿੱਤਰ ਕਹਿੰਦੇ ਹਾਂ। ਅੱਡੀਆਂ ਮੁੜੀਆਂ ਹੋਈਆਂ ਸੀ। ਕੱਚਾ ਰਸਤਾ ਸੀ, ਉਹ ਮਿੱਟੀ ਚੁੱਕ ਕੇ ਮਾਰਦੀਆਂ ਸੀ, ਉਹ ਉਪਰ

ਤਕ ਆ ਜਾਂਦੀ ਸੀ। ਦੂਸਰਾ ਵਸਤਰਾਂ ਵਲ ਧਿਆਨ ਦਿਤਾ। ਵਸਤਰ ਵੀ ਕੋਈ ਸੋਹਣੇ ਨਹੀਂ, ਵਿਚੋਂ ਪਾਟੇ ਹੋਏ ਨੇ। ਸੂਈ ਨਾਲ ਸਿਉਂਤਾ ਹੋਇਆ। ਮਨ 'ਚ ਖਿਆਲ ਆਇਆ ਕਿ ਗੁਰੂ ਦੇ ਸਿੱਖ ਨੇ, ਰਜ਼ਾ 'ਚ ਰਾਜ਼ੀ ਰਹਿੰਦੇ ਨੇ। ਗੁਰੂ ਇਹਨਾਂ ਦੀਆਂ ਲੋੜਾਂ ਨੂੰ ਘੱਟ ਦੇਖਦੇ ਨੇ। ਹੋਵੇ ਨਾ ਤਾਂ ਮੈਂ ਕੁਛ ਦੇਵਾਂ ਇਹਨਾਂ ਦੀ ਭੇਟਾ।

ਕਹਿੰਦੇ, ਭਾਈ ਗੜ੍ਹੀਆ! ਵਸਤਰ ਤੁਹਾਡੇ ਬੜੇ ਜੀਰਣ ਹੋਏ-ਹੋਏ ਨੇ। ਜੋੜਾ ਵੀ ਮਸਤਾਨਾ ਹੀ ਹੈ। ਕਹਿੰਦੇ, ਕੋਈ ਨਹੀਂ ਸਮਾਂ ਲੰਘ ਰਿਹੈ।

ਧੰਨ ਨੇ ਉਹ ਪੁਰਸ਼ ਜਿਹੜੇ ਸੰਤੁਸ਼ਟ ਰਹਿੰਦੇ ਨੇ। ਡੇਰਿਆਂ 'ਚ ਤਾਂ ਜ਼ਰਾ ਕੁ ਕੱਪੜਾ ਨਾ ਮਿਲੇ, ਨੱਠ ਜਾਂਦੇ ਨੇ ਕਿ ਸਾਨੂੰ ਤਾਂ ਸਰਦੀ ਦਾ ਕੱਪੜਾ ਹੀ ਨਹੀਂ ਮਿਲਿਆ। ਹੋਰ ਹੀ ਚੀਜ਼ਾਂ ਬਣ ਗਈਆਂ। ਸਾਧੂਆਂ ਵਾਲੀ ਬਾਤ ਖਤਮ ਹੁੰਦੀ ਜਾਂਦੀ ਹੈ। ਉਹ ਬਿਰਤੀ ਨਹੀਂ ਰਹੀ, ਦੇਖ ਦਿਖਾਵਾ ਜਿਹਾ ਵਧ ਗਿਆ, ਬਹੁਤ ਜ਼ਿਆਦਾ। ਭਜਨ ਕਰਨ ਵਾਲਾ ਤਾਂ ਕੋਈ ਵਿਰਲਾ ਪੁਰਸ਼ ਹੈ।

ਕਹਿਣ ਲੱਗੇ ਕਿ ਕੋਈ ਨਹੀਂ, ਗੁਰੂ ਮਹਾਰਾਜ ਸਾਰਿਆਂ ਦੀਆਂ ਲੋੜਾਂ ਦਾ ਧਿਆਨ ਰਖਦੇ ਨੇ। ਦੇ ਦਿੰਦੇ ਨੇ ਜਦੋਂ ਲੋੜ ਪੈਂਦੀ ਹੈ।

ਕਹਿੰਦੇ, ਮੈਂ ਵੀ ਸੇਵਾ ਕਰਾਂ? ਔਹ ਡਲ੍ਹਾ ਚੁੱਕ ਲਓ। ਜਦੋਂ ਔਹ ਡਲ੍ਹਾ ਚੁੱਕ ਲਓ ਕਿਹਾ, ਉਹ ਮਿੱਟੀ ਦਾ ਡਲ੍ਹਾ ਸੋਨੇ ਦਾ ਬਣ ਗਿਆ। ਕਹਿੰਦੇ, ਇਹਦੇ ਨਾਲ ਜਿੰਨੇ ਵਸਤਰ ਸਵਾਉਣੇ ਨੇ, ਵਧੀਆ-ਵਧੀਆ ਸਵਾ ਲਿਓ। ਹੋਰ ਸੇਵਾ ਦੱਸੋ ਮੈਨੂੰ?

ਭਾਈ ਗੜ੍ਹੀਆ ਜੀ ਨੇ ਕਿਹਾ ਕਿ ਇਹਨੂੰ ਸਮਝ ਨਹੀਂ ਆਈ ਉੱਚੀ ਮੰਜ਼ਿਲ ਦੀ ਕਿ ਸਾਧੂਆਂ ਦੀ ਤਾਂ ਮਾਇਆ ਦਾਸੀ ਹੁੰਦੀ ਹੈ। ਫੁਰਨਾ ਕਰਨ ਦੀ ਦੇਰ ਹੈ, ਜਿੰਨਾ ਕਰ ਦਿਓ ਓਨਾ ਹੀ ਆ ਜਾਂਦੈ। ਬੇਪਰਵਾਹੀ ਨੂੰ ਸਮਝਦੇ ਨਹੀਂ ਸਾਧੂਆਂ ਦੀ। ਉਸ ਵੇਲੇ ਪਰਤਵਾਂ ਜਵਾਬ ਦਿਤਾ, ਕਹਿੰਦੇ, ਪੀਰ ਜੀ! ਕਿਹੜਾ ਡਲ੍ਹਾ ਚੁੱਕ ਲਵਾਂ? ਪੀਰ ਜੀ ਜਦੋਂ ਉਂਗਲੀ ਕਰਨ ਲੱਗਿਆ। ਕੀ ਦੇਖਦੈ, ਸਾਰਾ ਹੀ ਖੇਤ ਸੋਨੇ ਦਾ ਬਣਿਆ ਪਿਐ। ਉਸ ਵੇਲੇ ਨਮਸ਼ਕਾਰ ਕਰ ਦਿਤੀ। ਕਹਿਣ ਲੱਗਿਆ, ਭਾਈ ਗੜ੍ਹੀਆ! ਐਡਾ ਜ਼ਬਤ ਤੁਹਾਡੇ ਅੰਦਰ, ਤੁਸੀਂ ਤਾਂ ਸੋਨੇ ਤੇ ਮਿੱਟੀ ਨੂੰ ਬਰਾਬਰ ਸਮਝਦੇ ਹੋਂ। ਉਹਨਾਂ ਦੀ ਦ੍ਰਿਸ਼ਟੀ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ।

ਭਾਈ ਘਨੱਈਏ ਦੇ ਪਾਸ ਜਿਸ ਜਰਨੈਲ ਨੂੰ ਪਾਣੀ ਪਿਲਾ ਰਹੇ ਸੀ, ਜਦੋਂ ਗੁਰੂ ਨੇ ਬੁਲਾਇਆ, ਉਹਦਾ ਨਾਉਂ ਮੁਗਲ ਖਾਨ ਸੀ। ਉਹਨੇ ਪੁੱਛਿਆ ਕਿ ਤੂੰ ਕੌਣ? ਭਾਈ ਘਨੱਈਆ ਜੀ ਨੇ ਕਿਹਾ, ਮੈਂ ਗੁਰੂ ਦਸ਼ਮੇਸ਼ ਪਿਤਾ ਦਾ ਅਧਨਾ ਜਿਹਾ ਸਿੱਖ। ਕਹਿੰਦਾ, ਹੈਂ। ਮੈਨੂੰ ਗਲਤੀ ਨਾਲ ਤਾਂ ਨਹੀਂ ਪਾਣੀ ਪਿਲਾ ਰਿਹਾ। ਕਹਿੰਦਾ, ਨਹੀਂ ਗਲਤੀ ਕੋਈ ਨਹੀਂ ਹੈ।

ਕੀ ਨਾਉਂ ਹੈ?

ਕਹਿੰਦੇ, ਘਨੱਈਆ।

ਕਹਿੰਦੇ, ਘਨੱਈਆ ਮੈਂ ਮੁਗਲ ਜਰਨੈਲ ਹਾਂ, ਜਿਹਨੇ ਅੱਜ ਗੁਰੂ ਸਾਹਿਬ ਨੂੰ ਫੜਨਾ ਸੀ ਜਾਂ ਸ਼ਹੀਦ ਕਰਨਾ ਸੀ ਤੇ ਮੈਨੂੰ ਸੁਰਤ ਵਿਚ ਲਿਆ ਰਿਹਾ ਹੈਂ ਤੂੰ। ਗੁਰੂ ਬੁਰਾ ਨਹੀਂ ਮੰਨੇਗਾ? ਕਹਿੰਦੇ, ਸਾਡੇ ਗੁਰੂ ਦੇ ਦਿਲ ਵਿਚ ਵੈਰ ਨਹੀਂ। ਉਹ ਸਾਨੂੰ ਵੈਰ ਤੋਂ ਉਪਰ ਲਿਜਾ ਰਹੇ ਨੇ। ਸਾਡਾ ਕਿਸੇ ਨਾਲ ਵੈਰ ਨਹੀਂ ਹੈ -

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥ ਅੰਗ- ੧੨੯੯*

ਸਾਡੇ ਵਾਸਤੇ ਤਾਂ ਜਰਨੈਲ ਸਾਹਿਬ ਕੋਈ ਬੇਗਾਨਾ ਨਹੀਂ। ਸਾਨੂੰ ਤਾਂ ਸਭ ਪਰਮੇਸ਼ਰ ਦਾ ਰੂਪ ਨਜ਼ਰ ਆਉਂਦੈ।

ਕਹਿੰਦਾ, ਗੁਰੂ ਦੀ ਵੀ ਇਹੀ ਤਾਲੀਮ ਹੈ?

ਕਹਿੰਦੇ, ਹਾਂ। ਮੇਰੇ ਗੁਰੂ ਦੀ ਇਹੀ ਤਾਲੀਮ ਹੈ ਕਿ ਪ੍ਰਮੇਸ਼ਰ ਤੋਂ ਬਗੈਰ ਇਸ ਸੰਸਾਰ 'ਚ ਹੋਰ ਹੈ ਕੋਈ ਨਹੀਂ। ਫੇਰ ਕਹਿੰਦੇ, ਲੜਾਈਆਂ ਕਿਉਂ ਲੜਦੇ ਨੇ। ਕਹਿਣ ਲੱਗੇ, ਉਹ ਲੜਾਈ ਨਹੀਂ ਲੜਦੇ, ਤੁਸੀਂ ਚੜ੍ਹ-ਚੜ੍ਹ ਕੇ ਆਉਂਦੇ ਹੋਂ। ਉਹ ਜਵਾਬ ਦੇ ਦਿੰਦੇ ਨੇ। ਤੁਸੀਂ ਨਾ ਆਓ, ਤੁਹਾਡੇ ਕਿਸੇ ਇਕ ਇੰਚ ਦੇ ਉਤੇ ਵੀ ਉਹ ਕਬਜ਼ਾ ਨਹੀਂ ਕਰਦੇ। ਤੁਸੀਂ ਆਪ ਆਉਂਦੇ ਓ, ਉਹਦਾ ਉਹ ਜਵਾਬ ਦੇ ਦਿੰਦੇ ਨੇ। ਉਹਨਾਂ ਦੇ ਦਿਲ ਵਿਚ ਰਾਗ ਤੇ ਦ੍ਵੈਸ਼ ਨਹੀਂ ਹੈ।

ਗੱਲਾਂ ਕਰਦੇ ਹੀ ਸੀ, ਸਿੰਘਾਂ ਨੇ ਬੁਲਾ ਲਿਆ, ਗੁਰੂ ਦਸ਼ਮੇਸ਼ ਪਿਤਾ ਦੇ ਪਾਸ ਗਏ।

ਪੁੱਛਿਆ, ਭਾਈ ਘਨੱਈਆ! ਤੂੰ ਪਾਣੀ ਪਿਲਾਉਂਦਾ ਸੀ ਉਸ ਮੁਗਲ ਨੂੰ ਤੇ ਤੂੰ ਸਾਰਾ ਦਿਨ ਤੁਰਕ ਫੌਜ ਨੂੰ ਪਾਣੀ ਪਿਲਾਈ ਗਿਐਂ।

ਕਹਿੰਦਾ, ਨਾ ਮਹਾਰਾਜ! ਮੈਂ ਤਾਂ ਕਿਸੇ ਨੂੰ ਪਾਣੀ

ਨਹੀਂ ਪਿਲਾਇਆ।

ਉਹ ਕਹਿੰਦੇ, ਮਹਾਰਾਜ! ਮੁਗਲ ਖਾਨ ਨੂੰ ਪਾਣੀ ਪਿਲਾ ਰਿਹਾ ਸੀ ਜਦੋਂ ਅਸੀਂ ਗਏ ਹਾਂ।

ਗੁਰੂ ਮਹਾਰਾਜ ਕਹਿਣ ਲੱਗੇ, ਤੁਸੀਂ ਚੁੱਪ ਕਰੋ, ਅਸੀਂ ਆਪੇ ਪੁੱਛ ਲੈਂਦੇ ਹਾਂ। ਕਹਿੰਦੇ, ਤੂੰ ਫੇਰ ਪਹਾੜੀਆਂ ਨੂੰ ਪਾਣੀ ਪਿਲਾਉਂਦੈ?

ਕਹਿੰਦਾ, ਨਹੀਂ ਮਹਾਰਾਜ।

ਫੇਰ ਖਾਲਸੇ ਨੂੰ ਪਾਣੀ ਪਿਲਾਉਂਦੈ?

ਕਹਿੰਦਾ, ਨਹੀਂ ਮਹਾਰਾਜ।

ਕਹਿੰਦੇ, ਫੇਰ ਪਾਣੀ ਕੀਹਨੂੰ ਪਿਲਾ ਰਿਹੈਂ? ਸਵੇਰ ਤੋਂ ਲਗ ਜਾਨੈ ਮਸ਼ਕ ਚੁੱਕ ਕੇ, ਪਿਲਾਈ ਜਾਨੈ। ਕੀਹਨੂੰ ਪਾਣੀ ਪਿਲਾਉਂਦੈਂ?

ਕਹਿਣ ਲੱਗੇ, ਹੇ ਪਿਤਾ! ਜਦੋਂ ਮੈਂ ਅੰਨ੍ਹਾ ਸੀ ਮੈਨੂੰ ਦੂਜੇ ਨਜ਼ਰ ਆਉਂਦੇ ਸੀ। ਜਦੋਂ ਤੂੰ ਮੇਰੇ ਨੇਤਰਾ ਦੇ ਅੰਦਰ ਗਿਆਨ ਦਾ ਸੁਰਮਾ ਪਾ ਦਿਤਾ –

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥*

*ਅੰਗ– ੨੯੩*

ਹੁਣ ਤਾਂ ਪਾਤਸ਼ਾਹ ਮੇਰੇ ਨੇਤਰਾਂ ਨੂੰ ਗੈਰ ਦਿਸਦਾ ਹੀ ਨਹੀਂ। ਮੈਂ ਕੀ ਕਰਾਂ, ਨਹੀਂ ਦਿਸਦਾ ਮੈਨੂੰ। ਮੈਨੂੰ ਤਾਂ ਜੇ ਦਿਸਦਾ ਹੈ ਤਾਂ ਤੂੰ ਹੀ ਦਿਸਦਾ ਹੈਂ।

ਮਹਾਰਾਜ ਨੇ ਉਠ ਕੇ ਭਾਈ ਘਨੱਈਆ ਨੂੰ ਬੁੱਕਲ ਵਿਚ ਲੈ ਲਿਆ। ਕਹਿੰਦ, ਨਿਹਾਲ! ਨਿਹਾਲ! ਨਿਹਾਲ। ਭਾਈ ਘਨੱਈਆ ਤੂੰ ਗੁਰਸਿੱਖੀ ਸਮਝ ਲਈ। ਆਹ ਡੱਬੀ ਲੈ ਤੇ ਮਲ੍ਹਮਾਂ ਤੇ ਪੱਟੀਆਂ ਤੇ ਇਹ ਮੇਰੇ ਜ਼ਖਮ ਤੇ ਸਾਫ ਕਰਕੇ ਮਲ੍ਹਮ ਲਾਈਂ ਤੇ ਉਤੇ ਦੀ ਪੱਟੀ ਬੰਨ੍ਹ ਦੇਈਂ। ਸਾਰੇ ਹੈਰਾਨ ਹੋ ਗਏ ਕਿ ਅਸੀਂ ਤਾਂ ਸ਼ਿਕਾਇਤ ਲਾਈ ਸੀ।

ਮਹਾਰਾਜ ਕਹਿੰਦੇ, ਇਹ ਭਾਈ ਘਨੱਈਆ ਪੂਰਨ ਗੁਰਸਿੱਖੀ ਨੂੰ ਪ੍ਰਾਪਤ ਹੋ ਗਿਆ। ਗੁਰਸਿੱਖ ਦੇ ਅੰਦਰ ਕੋਈ ਵੈਰੀ ਨਹੀਂ ਹੈ। ਸਾਰੇ ਹੀ ਮਿੱਤਰ ਨੇ। ਜਿੰਨਾਂ ਚਿਰ ਵੈਰੀ ਤੇ ਮਿੱਤਰ ਭਾਸਦੈ ਓਨਾਂ ਚਿਰ ਕੋਈ ਤਰੱਕੀ ਨਹੀਂ ਹੋਈ –

*ਜਬ ਧਾਰੈ ਕੋਊ ਬੈਰੀ ਮੀਤੁ ॥*
*ਤਬ ਲਗੁ ਨਿਹਚਲੁ ਨਾਹੀ ਚੀਤੁ ॥* *ਅੰਗ– ੨੭੮*

ਜਿੰਨਾਂ ਚਿਰ ਵੈਰੀ ਮਿੱਤਰ ਮਨ 'ਚ ਧਾਰਦੈ, ਓਨਾਂ ਚਿਰ ਨਿਸਚਲ ਚਿੱਤ ਨਹੀਂ ਹੈ। ਦੂਸਰਾ ਇਹਨੇ ਜਿੰਨਿਆਂ ਨੂੰ ਪਾਣੀ ਪਿਲਾਇਐ, ਪਾਣੀ ਨਹੀਂ ਹੈ ਇਹ ਤਾਂ ਆਬ–ਏ–ਹਿਆਤ ਪਿਲਾ ਰਿਹੈ –

*ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥*

*ਅੰਗ– ੨੭੩*

ਉਹਨਾਂ ਨੂੰ ਸਾਧੂ ਬਣਾ ਰਿਹੈ। ਹੁਕਮ ਹੋ ਗਿਆ ਕਿ ਘਨੱਈਆ! ਹੁਣ ਤੁਸੀਂ ਜਾਓ, ਜਾ ਕੇ ਦੂਰ ਦੇ ਇਲਾਕਿਆਂ 'ਚ ਸਿੱਖੀ ਦਾ ਪ੍ਰਚਾਰ ਕਰੋ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿਧਾਂਤ ਦੱਸੋ।

ਉਹ ਬੰਨੂਘਾਟ ਵਲ ਆ ਜਾਂਦੇ ਨੇ। ਉਥੇ ਦੋ ਸੌ ਘੜਾ ਸਵੇਰੇ ਹੀ ਅੰਮ੍ਰਿਤ ਵੇਲੇ ਭਰ ਕੇ ਰੱਖ ਦਿੰਦੇ ਨੇ। ਆਇਆ–ਗਇਆਂ ਪਠਾਣਾਂ ਨੂੰ ਪਾਣੀ ਪਿਲਾਈ ਜਾਂਦੇ ਨੇ। ਸਰਹੱਦੀ ਇਲਾਕਾ ਹੈ। ਸਭ ਇਨ੍ਹਾਂ ਦੀ ਇਜ਼ਤ ਕਰਦੇ ਨੇ। ਜ਼ਿਆਦਾ ਮੁਸਲਮਾਨ ਨੇ ਉਥੇ, ਸਰਹੱਦੀ ਪਠਾਣ ਨੇ। ਸਾਰੇ ਇਹਨਾਂ ਦਾ ਸਤਿਕਾਰ ਦਿਲੋਂ ਕਰਦੇ ਨੇ ਕਿ ਕਿਥੋਂ ਥੱਲਿਓਂ ਨਦੀ 'ਚੋਂ ਪਾਣੀ ਭਰ ਕੇ ਲਿਆਉਂਦੇ ਨੇ। ਪਹਾੜੀ ਦੀ ਚੜ੍ਹਾਈ ਤੇ ਕਿੰਨਾਂ ਸਮਾਂ ਲਗਦੈ ਤੇ ਫੇਰ 200 ਘੜਾ ਰਖਦੇ ਨੇ। ਫੇਰ ਉਸ ਤੋਂ ਬਾਅਦ ਆਤਮ ਚਿੰਤਨ 'ਚ ਲੀਨ ਰਹਿੰਦੇ ਨੇ। ਇਹ ਮੁਗਲ ਖਾਨ ਰੋਪੜ ਵਾਲਾ ਨੂੰ ਜਲ ਕੀ ਪਿਲਾਉਣਾ ਸੀ ਉਹਦੇ ਅੰਦਰੋਂ ਸਾਰੀਆਂ ਬੁਰਿਆਈਆਂ ਮਾਰ ਕੇ ਕੱਢ ਦਿਤੀਆਂ। ਵੈਰਾਗੀ ਹੋ ਗਿਆ। ਰਾਜ਼ੀ ਹੋ ਕੇ ਟੋਲ੍ਹਣ ਲਗ ਗਿਆ, ਭਾਈ ਘਨੱਈਏ ਨੂੰ। ਪਤਾ ਲੱਗਿਆ ਕਿ ਉਹ ਤਾਂ ਬੰਨੂ ਪਹਾੜ ਵਲ ਚਲੇ ਗਏ। ਉਥੇ ਪਹੁੰਚਿਆ ਤੇ ਮਨ ਵਿਚ ਆਇਆ ਕਿ ਮੈਂ ਇਹਨਾਂ ਦੇ ਚਰਨਾਂ 'ਤੇ ਸਭ ਤੋਂ ਕੀਮਤੀ ਚੀਜ਼ ਭੇਟਾ ਕਰਾਂ। ਉਹ ਇਕ ਪਾਰਸ ਲੈ ਗਿਆ। ਭਾਈ ਘਨੱਈਏ ਦੇ ਚਰਨ ਸ਼ਰਨ ਜਾ ਕੇ ਨਮਸ਼ਕਾਰ ਕਰੀ। ਕਹਿਣ ਲੱਗੇ, ਪੀਰ ਜੀ! ਤੁਸੀਂ ਤਾਂ ਮੇਰਾ ਜੀਵਨ ਬਦਲ ਕੇ ਰੱਖ ਦਿਤਾ। ਮੈਨੂੰ ਚਰਨਾਂ 'ਚ ਕਬੂਲ ਕਰੋ। ਮੈਨੂ ਆਪਣਾ ਬਣਾਓ। ਆਹ ਮੈਂ ਪਾਰਸ ਲੈ ਕੇ ਆਇਆ ਹਾਂ ਤੁਹਾਡੀ ਭੇਟਾ ਦੇ ਅੰਦਰ, ਬੜੀ ਕੀਮਤੀ ਚੀਜ਼ ਹੈ। ਵਕਤ ਪਏ 'ਤੇ ਕੰਮ ਆਉਂਦੀ ਹੈ ਆਪਣੇ ਵੀ ਤੇ ਗਰੀਬ ਗੁਰਬੇ ਦੇ ਵੀ। ਸਾਡੇ ਖਾਨਦਾਨ ਵਿਚ ਪੁਸ਼ਤ ਦਰ ਪੁਸ਼ਤ ਇਹ ਚਲਿਆ ਆਉਂਦੈ।

ਕਹਿੰਦੇ, ਖਾਨ ਸਾਹਿਬ! ਮੈਨੂੰ ਲੋੜ ਨਹੀਂ ਹੈ ਇਹਨਾਂ ਚੀਜ਼ਾਂ ਦੀ। ਮੈਂ ਕਿੱਥੇ ਰੱਖਾਂਗਾ। ਮੈਂ ਤਾਂ ਕੋਈ ਕੋਠਾ ਵੀ ਨਹੀਂ ਬਣਾਇਆ ਹੋਇਆ, ਕੋਈ ਜੇਬ ਹੀ ਨਹੀਂ ਹੈ ਮੇਰੇ ਲੱਗੀ ਹੋਈ, ਜਿਹਦੇ ਵਿਚ ਮੈਂ ਪਾ ਲਵਾਂ। ਤੂੰ ਹੀ ਰੱਖ। ਉਹ ਬਾਰ–ਬਾਰ ਬੇਨਤੀਆਂ ਕਰਦੈ, ਚਰਨਾਂ 'ਤੇ ਭੇਟਾ ਕਰਕੇ। ਉਹ ਕਹਿੰਦੇ, ਫੇਰ ਹੁਣ ਇਹ ਸਾਡਾ ਹੋ ਗਿਆ ਨਾ।

ਕਹਿੰਦਾ ਹਾਂ ਜੀ। ਉਹਨਾਂ ਨੇ ਚੁਕਿਆ ਨਦੀ ਵਿਚ ਸੁੱਟ ਦਿਤਾ। ਬੜਾ ਅਫਸੋਸ ਹੋਇਆ ਇਹਨੂੰ ਕਿ ਐਨੀ ਕੀਮਤੀ ਚੀਜ਼ ਜਿਹਦਾ ਮੁੱਲ ਹੀ ਨਹੀਂ, ਨਾ ਕਰੋੜ ਨਾ, ਨਾ ਅਰਬ, ਨਾ ਖਰਬ, ਇਹ ਨਾਯਾਬ ਹੈ ਮਿਲਦਾ ਹੀ ਨਹੀਂ। ਰੋਣ ਲਗ ਗਿਆ।

ਭਾਈ ਘਨੱਈਆ ਜੀ ਕਹਿਣ ਲੱਗੇ, ਕੀ ਗੱਲ ਰੋਂਦੈ?

ਕਹਿੰਦਾ, ਮਹਾਰਾਜ ਉਹ ਤਾਂ ਬਹੁਤ ਕੀਮਤੀ ਸੀ ਮਹਾਰਾਜ! ਜੇ ਤੁਹਾਡੇ ਕੰਮ ਦਾ ਨਹੀਂ ਸੀ ਤਾਂ ਤੁਸੀਂ ਲੈਣਾ ਨਹੀਂ ਸੀ।

ਕਹਿੰਦੇ, ਖਾਨ ਸਾਹਿਬ! ਇਹ ਸਾਰੀਆਂ ਚੀਜ਼ਾਂ ਬੰਧਨ ਹੁੰਦੀਆਂ ਨੇ। ਪ੍ਰਮੇਸ਼ਰ ਦਾ ਨਾਮ ਅਮੋਲ ਹੈ-

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥*
*ਅੰਗ- ੮੧*

ਚਾਹੀਦੈ?

ਕਹਿੰਦਾ ਹਾਂ। ਦਰਿਆ ਨੂੰ ਕਹਿਣ ਲੱਗੇ, ਐ ਦਰਿਆ ਇਹਦਾ ਬਈ ਪਾਰਸ ਦੇ ਦੇ। ਦੋ ਹਿੱਸਿਆ 'ਚ ਦਰਿਆ ਹੋ ਵਗਣਾ ਸ਼ੁਰੂ ਹੋ ਗਿਆ। ਵਿਚਾਲਿਓਂ ਬਰੇਤੀ ਨੰਗੀ ਹੋ ਗਈ। ਕਹਿੰਦੇ, ਜਾਹ, ਵਿਚੀਂ ਲੰਘ ਕੇ ਲੈ ਆ। ਜਾ ਕੇ ਕੀ ਦੇਖਦੈ, ਜਿਸ ਵੀ ਪੱਥਰ ਨੂੰ ਹੱਥ ਪਾਉਂਦੈ, ਓਹੀ ਪਾਰਸ। ਜਿਹਨੂੰ ਪਾਉਂਦੈ ਓਹੀ ਪਾਰਸ। ਸਾਰੇ ਹੀ ਪਾਰਸ ਪਿਐ। ਸ਼ਰਮਿੰਦਾ ਹੋ ਗਿਆ ਕਿ ਐਡੀ ਕਰਨੀ ਕਮਾਈ ਵਾਲੇ ਗੁਪਤ ਬੈਠੇ ਨੇ। ਭਾਗ ਜਾਗ ਪਏ। ਸਾਧੂ ਦੇ ਦਰਸ਼ਨ ਨੇ, ਅੰਦਰ ਕੁਛ ਰੋਸ਼ਨੀ ਪੈਦਾ ਕਰ ਦਿਤੀ। ਖਿਆਲ ਆ ਗਿਆ ਕਿ ਮੈਂ ਇਹਨਾਂ ਤੋਂ ਉਹ ਚੀਜ਼ ਮੰਗਾਂ ਜਿਹਦੇ ਪਾਰਸ ਹੀ ਪਾਰਸ ਬਣ ਜਾਂਦੈ।

ਮੁੜ ਕੇ ਆ ਗਿਆ, ਕਹਿਣ ਲੱਗਿਆ, ਪੀਰ ਜੀ! ਮੇਰੇ ਨੇਤਰ ਖੋਲ੍ਹ ਦਿਤੇ ਤੁਸੀਂ ਤੇ ਮੈਨੂੰ ਉਹ ਚੀਜ਼ ਦੇ ਦਿਓ ਜਿਹੜੀ ਤੁਹਾਡੇ ਕੋਲ ਹੈ। ਮੈਂ ਉਹ ਚੀਜ਼ ਲੈਣ ਆਇਆ ਹਾਂ। ਕ੍ਰਿਪਾ ਕੀਤੀ, ਨਾਮ ਵਲ ਲਾ ਦਿਤਾ। ਲੇਕਿਨ ਬੇਪਰਵਾਹ ਨੇ -

*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥ ਅੰਗ- ੨੭੫*

ਸੋ ਇਸ ਰਵਿਦਾਸ ਜੀ ਦੇ ਸਾਮ੍ਹਣੇ ਕਬੀਰ ਸਾਹਿਬ ਬੈਠੇ ਕਿ ਰਵਿਦਾਸ ਜੀ! ਜੇ ਤੁਹਾਨੂੰ ਨਹੀਂ ਚਾਹੀਦਾ ਤਾਂ ਫੇਰ ਇਹ ਖਾਨ ਸਾਹਿਬ ਨੂੰ ਦੇ ਦਿਓ। ਕਿੱਥੇ ਰੱਖਿਆ ਹੈ? ਕਹਿੰਦੇ, ਅਸੀਂ ਤਾਂ ਰੱਖਿਆ ਨਹੀਂ। ਆਹ ਕੂੜਾ ਸੁੱਟਿਆ ਸੀ ਟੋਏ ਵਿਚ, ਇਹਦੇ ਵਿਚ ਪਿਆ ਹੋਣੈ, ਦੇਖ ਲਵੇ।

ਉਤੋਂ ਚਮੜੇ ਦੇ ਪਚਰੇ ਕੱਢ ਲਏ। ਕਹਿੰਦੇ ਕੱਢ ਲੈ। ਹੱਥ 'ਤੇ ਲਿਆ ਕੇ ਲੱਬ ਭਰ ਲਿਆ। ਕੀ ਦੇਖਦੈ ਕਿ ਮੇਰਾ ਹੀਰਾ ਤਾਂ ਨਿੱਕਾ ਜਿਹਾ ਹੀ ਸੀਗਾ, ਇਥੇ ਤਾਂ ਵੱਡੇ-ਵੱਡੇ ਹੀਰੇ ਪਏ ਨੇ। ਸ਼ਰਮਿੰਦਾ ਹੋ ਗਿਆ।

ਰਵਿਦਾਸ ਜੀ ਕਹਿਣ ਲੱਗੇ, ਖਾਨ ਸਾਹਿਬ! ਆਪਣਾ ਹੀਰਾ ਲੈ ਲਓ ਤੁਸੀਂ। ਪਛਾਣ ਲਓ, ਜਿਹੜਾ ਤੁਹਾਡਾ ਹੈ।

ਕਹਿੰਦੇ, ਪਿਆਰਿਆ! ਇਹ ਨਾਮ ਹੀਰਾ ਹੈ ਸਾਡੇ ਕੋਲ। ਇਹਨੂੰ ਛੱਡ ਕੇ ਅਸੀਂ ਆਹ ਕੰਚ ਦੀ ਧਾਤ ਨੂੰ ਪਿਆਰ ਕਰਨ ਲਗ ਜਾਈਏ? ਐਸਾ ਫੁਰਮਾਨ ਕਰਦੇ ਨੇ -

*ਧਾਰਨਾ - ਹਰਿ ਸਿਉ ਹੀਰਾ ਛਾਡਿ ਕੈ,*
*ਕਰੈ ਆਨ ਕੀ ਆਸ।*
*ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥*
*ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥*
*ਅੰਗ- ੧੩੭੭*

ਕਹਿੰਦੇ, ਖਾਨ ਸਾਹਿਬ! ਅਸੀਂ ਕੀ ਕਰਨੈ ਇਸ ਕੰਚ ਨੂੰ? ਸਾਡੀ ਨਿਗ੍ਹਾ ਵਿਚ ਇਹ ਕੁਛ ਨਹੀਂ ਹੈ, ਤੂੰ ਆਪਣਾ ਹੀਰਾ ਲੈ ਜਾ।

ਸੋ ਮਹਾਰਾਜ ਕਹਿੰਦੇ, ਉਸ ਨੇ ਮਾਇਆ ਦਾ ਪੂਰੀ ਤਰ੍ਹਾਂ ਨਾਲ ਤਿਆਗ ਕਰਿਆ ਹੋਇਆ ਸੀ -

*ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥*
*ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥*
*ਅੰਗ- ੪੮੭*

ਗੁਪਤ ਤਾਂ ਰਹਿੰਦਾ ਨਹੀਂ ਹੁੰਦਾ ਸਾਧੂ। ਉਹ ਛੁਪਦਾ ਨਹੀਂ ਹੈ, ਐਸਾ ਮਹਾਰਾਜ ਜੀ ਨੇ ਫੁਰਮਾਨ ਕਰਿਐ -

*ਧਾਰਨਾ - ਪਿਆਰੇ ਜੀ! ਸਾਧੂ ਕਦੇ ਛੁਪਿਆ ਨਾ ਰਹੇ।*
*ਹਰਿ ਜੀ ਪ੍ਰਗਟ ਕਰਦੇ ਆਪੇ।*

ਬੰਦਗੀ ਕਰਨ ਵਾਲਾ ਕਿੰਨਾ ਹੀ ਛੁਪਾ ਲਵੇ ਆਪਣੇ ਆਪ ਨੂੰ। ਵੱਡੇ-ਵੱਡੇ ਪੀਰ ਜਾ ਕੇ ਵੇਸਵਾਵਾਂ ਦੇ ਸੇਵਾ ਕਰਨ ਲਗ ਜਾਇਆ ਕਰਦੇ ਸੀ। ਬਈ ਛੁਪੇ ਰਹਿ ਜਾਈਏ। ਪਰ ਮਹਾਰਾਜ ਕਹਿੰਦੇ -

*ਆਠ ਪਹਰ ਜਨੁ ਹਰਿ ਹਰਿ ਜਪੈ ॥*
*ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥ ਅੰਗ- ੨੯੫*

ਰਵਿਦਾਸ ਜੀ ਤੋਂ ਸਾਧੂ ਨੇ ਜੋੜਾ ਗੰਢਾ ਲਿਆ ਤੇ ਇਕ ਕਉਡੀ ਇਕ ਧੇਲਾ, ਕਸੀਰਾ ਜਿਸ ਨੂੰ

ਆਖਦੇ ਨੇ, ਉਹ ਦਿਤਾ ਤੇ ਉਹਨਾਂ ਨੇ ਮੋੜ ਕੇ ਉਥੇ ਹੀ ਰੱਖ ਦਿਤਾ। ਕਹਿੰਦੇ, ਸੰਤ ਜੀ! ਤੁਸੀਂ ਨਾ ਦਿਓ। ਤਾਂ ਉਹ ਕਹਿੰਦੇ, ਭਗਤ ਜੀ! ਜੇ ਥੋੜ੍ਹਾ ਹੈ ਤਾਂ ਮੈਂ ਹੋਰ ਦੇ ਦਿੰਦਾ ਹਾਂ। ਕਹਿੰਦੇ, ਥੋੜ੍ਹੇ ਬਹੁਤੇ ਦਾ ਨਹੀਂ ਹੈ, ਇਹ ਤੁਸੀਂ ਰੱਖ ਲਓ। ਕਹਿੰਦੇ, ਕਿੱਥੇ ਜਾ ਰਹੇ ਹੋਂ। ਕਹਿੰਦੇ, ਅਸੀਂ ਗੰਗਾ ਨਾਹੁੰਣ ਜਾ ਰਹੇ ਹਾਂ। ਨੇੜੇ ਹੀ ਸੀਗਾ। ਗੰਗਾ ਦੇ ਕੰਢੇ 'ਤੇ ਨੇੜੇ ਹੀ ਰਹਿੰਦੇ ਸੀ।

ਕਹਿੰਦੇ, ਫੇਰ ਇਸ ਤਰ੍ਹਾਂ ਕਰਿਓ, ਸਾਡਾ ਇਹ ਕਸੀਰਾ ਭੇਟਾ ਕਰ ਦਿਓ, ਗੰਗਾ ਜੀ ਨੂੰ। ਪਰ ਦਿਓ ਤਾਂ ਜੇ ਹੱਥ ਕੱਢ ਕੇ ਲਵੇ। ਐਵੇਂ ਨਾ ਸੁੱਟ ਦੇਣਾ। ਉਸ ਵੇਲੇ ਸਾਧੂ ਕਹਿਣ ਲੱਗਿਆ ਕਿ ਆਹ ਵੀ ਕਦੇ ਬਾਤ ਹੋ ਸਕਦੀ ਹੈ? ਬਈ ਹੱਥ ਕੱਢ ਕੇ ਲਵੇ। ਅੱਜ ਤੱਕ ਤਾਂ ਸੁਣਿਆ ਨਹੀਂ। ਬੁੱਢਾ ਬ੍ਰਾਹਮਣ ਸੀ, ਚਿਤੌੜਗੜ੍ਹ ਤੋਂ ਆਇਆ ਸੀ।

ਕਹਿਣ ਲੱਗਿਆ, ਰਵਿਦਾਸ ਜੀ! ਜੇ ਨਾ ਲਿਆ ਹੱਥ ਕੱਢ ਕੇ?

ਕਹਿਣ ਲੱਗੇ, ਫੇਰ ਮੋੜ ਲਿਆਇਓ। ਖੇਚਲ ਤਾਂ ਹੈ ਤੁਹਾਨੂੰ। ਨੇੜੇ ਹੀ ਹੈ, ਮਾੜਾ ਜਿਹਾ ਦੂਰ ਪੈਂਦੈ, ਮੋੜ ਜਾਇਓ। ਜੇ ਹੱਥ ਕੱਢ ਕੇ ਲਿਆ ਤਾਂ ਦੇ ਦਿਓ।

ਉਹਨੇ ਲੈ ਲਿਆ ਤੇ ਲੈ ਕੇ ਜਾ ਕੇ ਜਿਸ ਵਕਤ ਪੁਰਬ ਲੱਗਿਆ, ਸਾਰੇ ਲੱਗੇ ਨੇ, ਕੋਈ ਫੁੱਲ ਸੁਟਦੈ, ਕੋਈ ਫੁੱਲੀਆਂ ਸੁੱਟਦੈ, ਕੋਈ ਮਠਿਆਈ ਸੁਟਦੈ, ਕੋਈ ਹਦਵਾਣੇ ਸੁੱਟਦੈ, ਕੋਈ ਸਬਜ਼ੀਆਂ ਸੁੱਟ ਰਿਹੈ, ਆਪਣੀ-ਆਪਣੀ ਜਿਵੇਂ ਸਮਝ ਹੈ। ਉਹਦੀ ਭੇਟਾ ਕਰੀ ਜਾਂਦੇ ਨੇ। ਇਹ ਖੜ੍ਹਾ ਹੈ, ਇਹਨੇ ਖੜ੍ਹੇ ਨੇ ਅਵਾਜ਼ ਦਿਤੀ। ਆਪਣੀ ਸੰਗਤ ਵਿਚ ਇਹ ਮਸ਼ਹੂਰ ਸੀ, ਮੁਖੀ ਸੀਗਾ। ਸਾਰੇ ਹੈਰਾਨ ਨੇ ਕਿ ਸਾਡੇ ਜੋ ਮੁਖੀ ਨੇ ਬ੍ਰਾਹਮਣ ਦੇਵਤਾ, ਉਹ ਅਵਾਜ਼ ਦੇ ਰਹੇ ਨੇ ਗੰਗਾ ਨੂੰ? ਕਹਿੰਦੇ, ਹੇ ਗੰਗਾ ਮਾਈ ਆਹ ਭਗਤ ਨੇ। ਜਾਤ ਦਾ ਨਾਉਂ ਵੀ ਲਿਆ, ਉਸ ਨੇ ਮੈਨੂੰ ਇਕ ਧੇਲਾ ਦਿਤਾ ਹੈ ਤੇ ਸ਼ਰਤ ਇਹ ਲਾਈ ਹੈ ਕਿ ਜੇ ਤੁਸੀਂ ਹੱਥ ਕੱਢ ਕੇ ਲਵੋਂ ਤਾਂ ਦੇਣਾ ਹੈ। ਸਾਰੇ ਦੇਖਣ ਲਗ ਗਏ ਪਾਣੀ ਵਲ। ਕੀ ਦੇਖਦੇ ਨੇ ਕਿ ਇਕ ਹੱਥ ਨਿਕਲਿਆ, ਕੂਹਣੀ ਤਕ, ਨਾਲ ਆਵਾਜ਼ ਆਈ "ਨੇੜੇ ਆ ਕੇ ਲਿਆ, ਫੜਾ ਮੈਨੂੰ," ਉਸ ਨੇ ਫੜ ਲਿਆ ਤੇ ਕਹਿਣ ਲੱਗੀ, ਠਹਿਰ! ਦੂਜੀ ਵਾਰ ਬਾਂਹ ਫੇਰ ਬਾਹਰ ਆਈ ਤੇ ਹੱਥ ਦੇ ਵਿਚ ਇਕ ਬਹੁਤ ਹੀ ਸੁੰਦਰ ਜੜਾਊ ਕੰਗਣ, ਹਜ਼ਾਰਾਂ ਰੁਪਏ ਦਾ ਮੋਤੀਆਂ ਨਾਲ ਭਰਿਆ, ਹੀਰੇ ਜਵਾਹਰਾਤ ਲੱਗੇ, ਰਤਨ ਲੱਗੇ, ਕਹਿੰਦੀ ਆਹ ਭਗਤ ਨੂੰ ਦੇ ਦੇਈਂ ਮੇਰੇ ਵਲੋਂ ਭੇਟਾ। ਹੈਰਾਨ ਹੋ ਗਿਆ ਕਿ ਆਹ ਰਿਸ਼ਤਾ। ਇਹ ਤਾਂ ਅਸੀਂ ਕਦੇ ਦੇਖਿਆ ਨਹੀਂ। ਭਾਈ ਗੁਰਦਾਸ ਜੀ ਲਿਖਦੇ ਨੇ -

*ਭਗਤੁ ਭਗਤੁ ਜਗਿ ਵਜਿਆ*
*ਚਹੁੰ ਚਕਾਂ ਦੇ ਵਿਚਿ ਚਮਿਰੇਟਾ।* *ਭਾਈ ਗੁਰਦਾਸ ਜੀ*

ਚਮੜੇ ਦਾ ਕੰਮ ਕਰਨ ਵਾਲਾ ਚਾਰੇ ਚੱਕਾਂ ਦੇ ਵਿਚ ਲੋਕ ਉਹਨਾਂ ਨੂੰ ਭਗਤ ਜੀ ਕਹਿੰਦੇ ਸੀ।

*ਪਾਣ੍ਹਾ ਗੰਢੇ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ।*
*ਭਾਈ ਗੁਰਦਾਸ ਜੀ*

ਦੋ ਕੰਮ ਕਰਦੈ, ਇਕ ਤਾਂ ਜੁੱਤੀਆਂ ਗੰਢਦੈ, ਇਕ ਮਰੇ ਡੰਗਰਾਂ ਨੂੰ ਸਮੇਟਦੈ, ਉਹਨਾਂ ਦੀ ਖੱਲ੍ਹ ਵਗੈਰਾ ਲਾਹੁੰਣੀ, ਡੂਡਲੀ ਵਗੈਰਾ 'ਚ ਸੁੱਟਣੇ, ਉਹ ਕੰਮ ਆਪਣੀ ਕੁੱਲ ਦਾ ਜੋ ਧਰਮ ਸੀ, ਉਹ ਨਹੀਂ ਉਹਨੇ ਛੱਡਿਆ।

*ਜਿਉ ਕਰਿ ਮੈਲੈ ਚੀਥੜੈ ਹੀਰਾ ਲਾਲ ਅਮੋਲੁ ਪਲੇਟਾ।*
*ਭਾਈ ਗੁਰਦਾਸ ਜੀ*

ਉਹਦੀ ਹਾਲਤ ਇਹ ਸੀ ਜਿਵੇਂ ਕਰੋੜਾਂ ਰੁਪਈਆਂ ਦਾ ਹੀਰਾ ਮੈਲੇ ਕੱਪੜੇ, ਟਾਕੀ ਦੇ ਵਿਚ ਬੰਨ੍ਹਿਆ ਹੋਵੇ।

ਉਹ ਇਹ ਨਹੀਂ ਹੈ ਕਿ ਸੋਨੇ ਦੇ ਕਿਸੇ ਬਟੂਏ ਵਗੈਰਾ 'ਚ ਪਿਆ ਹੋਵੇ, ਨਾ ਜਿਵੇਂ ਲੀਰ ਦੇ ਲੜ ਵਲੇਟਿਆ ਹੋਵੇ ਕਰੋੜਾਂ ਰੁਪਏ ਦਾ ਹੀਰਾ। ਕਿਸੇ ਦੀ ਨਿਗ੍ਹਾ ਵਿਚ ਨਹੀਂ ਸੀ।

*ਚਹੁ ਵਰਨਾ ਉਪਦੇਸਦਾ*
*ਗਿਆਨ ਧਿਆਨੁ ਕਰਿ ਭਗਤ ਸਹੇਟਾ।* *ਭਾਈ ਗੁਰਦਾਸ ਜੀ*

ਗਿਆਨ ਦੀਆਂ ਬਾਤਾਂ ਕਰਦੈ, ਉੱਚੀਆਂ ਬਾਤਾਂ ਕਰਦੈ। ਜਦੋਂ ਸੰਗ ਇਕੱਠਾ ਹੋ ਕੇ ਨਾਹੁੰਣ ਆਇਆ

*ਨ੍ਹਾਵਣਿ ਅਇਆ ਸੰਗੁ ਮਿਲਿ ਬਾਨਾਰਸ ਕਰਿ ਗੰਗਾ ਬੇਟਾ।*
*ਕਢਿ ਕਸੀਰਾ ਸਉਪਿਆ ਰਵਿਦਾਸੈ ਗੰਗਾ ਦੀ ਭੇਟਾ।*
*ਰਵਿਦਾਸ ਦਾ ਜੋ ਹੀਰਾ ਸੀ ਉਹ ਗੰਗਾ ਦੀ ਭੇਟਾ ਚੜ੍ਹਿਆ।*
*ਲਗਾ ਪੁਰਬੁ ਅਭੀਚ ਦਾ ਡਿਠਾ ਚਲਿਤੁ ਅਚਰਜ ਅਮੇਟਾ।*
*ਭਾਈ ਗੁਰਦਾਸ ਜੀ*

ਹਜ਼ਾਰਾਂ ਬੰਦਾ ਉਥੇ ਇਕੱਠਾ ਹੋਇਆ-ਹੋਇਆ ਸੀ। ਜਦੋਂ ਉਹ ਬਾਰ-ਬਾਰ ਕਹਿ ਰਿਹੈ ਕਿ ਗੰਗਾ ਮਈਆ! ਆਹ ਕਸੀਰਾ, ਹੱਥ ਕੱਢ, ਤੂੰ ਲੈ, ਭਗਤ ਰਵਿਦਾਸ ਨੇ ਭੇਜਿਆ ਹੈ। ਸਾਰੀ ਦੁਨੀਆਂ ਦੇਖ ਰਹੀ ਹੈ ਕਿ ਹੁਣ ਕੀ ਹੋਏਗਾ।

*ਲਇਆ ਕਸੀਰਾ ਹਥਿ ਕਢਿ ਸੂਤੁ ਇਕੁ ਜਿਉ ਤਾਣਾ ਪੇਟਾ।*
*ਭਾਈ ਗੁਰਦਾਸ ਜੀ*

ਜਿਵੇਂ ਰਵਿਦਾਸ ਜੀ ਦੇ ਨਾਲ ਮਿਲੀ ਹੀ ਹੁੰਦੀ ਹੈ ਗੰਗਾ, ਇਕ ਸੂਤ ਦੇ ਵਿਚ ਤਾਣਾ ਤੇ ਪੇਟਾ ਹੁੰਦੈ, ਐਨਾ ਅਭੇਦ ਅਵਸਥਾ ਦਾ ਦੇਖ ਕੇ ਕਸੀਰਾ ਹੱਥ ਕੱਢ ਕੇ ਲੈ ਲਿਆ।

*ਭਗਤ ਜਨਾਂ ਹਰਿ ਮਾਂ ਪਿਉ ਬੇਟਾ॥ ਭਾਈ ਗੁਰਦਾਸ ਜੀ*

ਭਗਤਾਂ ਦਾ ਤੇ ਵਾਹਿਗੁਰੂ ਦਾ ਜਿਹੜਾ ਸਬੰਧ ਹੈ, ਉਹਨੂੰ ਇਸ ਤਰ੍ਹਾਂ ਦਸਦੇ ਨੇ -

*ਧਾਰਨਾ - ਜਿਵੇਂ ਮਾਵਾਂ ਨੂੰ ਨੇ ਪੁੱਤਰ ਪਿਆਰੇ,*
*ਭਗਤ ਪਿਆਰੇ ਰੱਬ ਨੂੰ।*

ਕਹਿੰਦੇ, ਰੱਬ ਤੇ ਭਗਤ ਦਾ ਰਿਸ਼ਤਾ ਇਸ ਤਰ੍ਹਾਂ ਹੁੰਦੈ ਜਿਵੇਂ ਮਾਂ ਤੇ ਪੁੱਤਰ ਦਾ ਹੁੰਦੈ। ਸੋ ਪ੍ਰਗਟ ਹੋ ਗਈ ਗੰਗਾ। ਥੋੜ੍ਹੀ ਦੇਰ ਬਾਅਦ ਕਹਿਣ ਲੱਗੀ, ਠਹਿਰ ਜਾ। ਠਹਿਰ ਗਿਆ, ਉਸ ਤੋਂ ਬਾਅਦ ਕੰਗਣ ਫੜਾ ਕੇ ਕਹਿਣ ਲੱਗੀ, ਆਹ ਸਾਡੇ ਵਲੋਂ ਰਵਿਦਾਸ ਜੀ ਨੂੰ ਭੇਟਾ ਕਰ ਦੇਈਂ।

ਬੜਾ ਖੁਸ਼ ਹੋਇਆ। ਰਵਿਦਾਸ ਜੀ ਵਲ ਨੂੰ ਨਹੀਂ ਗਿਆ। ਚਿਤੌੜ ਨੂੰ ਤੁਰ ਪਿਆ ਸਿੱਧਾ ਹੀ। ਕਹਿਣ ਲੱਗਿਆ, ਉਹਨੇ ਤਾਂ ਇਕ ਧੇਲਾ ਦਿਤਾ ਹੈ। ਇਹ ਲੱਖਾਂ-ਕਰੋੜਾਂ ਰੁਪਏ ਦਾ ਹੈ ਕੰਗਣ, ਮੈਂ ਇਹਨੂੰ ਕਿਵੇਂ ਦੇ ਦੇਵਾਂ? ਉਹਨੇ ਕੀ ਕਰਨੈ ਜੋੜਿਆਂ ਦੇ ਵਿਚ ਰੱਖ ਦੇਵੇਗਾ। ਮੇਰੇ ਕੰਮ ਆਏਗਾ। ਬੇਈਮਾਨ ਹੋ ਗਿਆ। ਮਾਇਆ ਨੇ ਡੰਗ ਮਾਰ ਦਿਤਾ -

*ਮਾਇਆ ਮਮਤਾ ਮੋਹਣੀ*
*ਜਿਨਿ ਵਿਣੁ ਦੰਤਾ ਜਗੁ ਖਾਇਆ ॥ ਅੰਗ- ੬੪੩*

ਉਹ ਬਗੈਰ ਦੰਦਾਂ ਤੋਂ ਸੰਸਾਰ ਨੂੰ ਖਾ ਜਾਂਦੀ ਹੈ। ਹੁਣ ਘਰਵਾਲੀ ਨੂੰ ਕਹਿਣ ਲੱਗਿਆ ਕਿ ਆਪਾਂ ਵੇਚ ਦੇਈਏ ਇਹਨੂੰ। ਉਹ ਕਹਿੰਦੀ, ਵੇਚਣਾ ਨਹੀਂ ਹੈ ਇਹ ਮੈਂ ਪਾਵਾਂਗੀ। ਕਹਿਣ ਲੱਗਿਆ, ਤੂੰ ਪਹਿਨੇਗੀਂ, ਆਪਾਂ ਫੜੇ ਜਾਵਾਂਗੇ। ਪੁੱਛਣਗੇ ਕਿ ਕਿਥੋਂ ਲਿਆਇਆ ਹੈਂ। ਮੈਂ ਗੁਪਤ ਰੂਪ ਵਿਚ ਵੇਚ ਦੇਵਾਂਗਾ। ਕਹਿਣ ਲੱਗੀ, ਫੇਰ ਵੀ ਤਾਂ ਕੀਮਤੀ ਹੈ, ਫਸ ਤਾਂ ਆਪਾਂ ਫੇਰ ਵੀ ਜਾਵਾਂਗੇ। ਕਹਿਣ ਲੱਗਾ, ਫੇਰ ਮੈਂ ਰਾਜੇ ਦੀ ਭੇਟਾ ਕਰਦਾ ਹਾਂ ਤੇ ਆਪੇ ਇਨਾਮ ਦੇਵੇਗਾ, ਮੈਂ ਗੱਲ ਦਸ ਦੇਵਾਂਗਾ ਸਾਰੀ ਉਸ ਨੂੰ। ਉਸ ਵੇਲੇ ਲੈ ਕੇ ਚਿਤੌੜਗੜ੍ਹ ਦੇ ਰਾਜੇ ਕੋਲ ਚਲਿਆ ਗਿਆ। ਚੰਦਰ ਹੰਸ ਨਾਉਂ ਸੀ ਉਹਦਾ। ਕਹਿਣ ਲੱਗਿਆ, ਮੈਂ ਗਿਆ ਸੀ ਗੰਗਾ ਦਾ ਇਸ਼ਨਾਨ ਕਰਨ ਇਸ ਤਰ੍ਹਾਂ ਮੈਂ ਕਸੀਰਾ ਦਿਤਾ ਉਹਦੇ ਬਦਲੇ ਗੰਗਾ ਮਈਆ ਨੇ ਮੈਨੂੰ ਇਹ ਕੰਗਣ ਦੇ ਦਿਤਾ। ਬੜੀ ਮੇਰੇ ਤੇ ਮਿਹਰਵਾਨ ਹੋਈ ਹੈ ਗੰਗਾ। ਇਹ ਗੱਲ ਖਾ ਗਿਆ ਕਿ ਰਵਿਦਾਸ ਜੀ ਨੂੰ ਦੇਣਾ ਸੀ, ਮੈਂ ਰਾਹ 'ਚ ਹੀ ਬੇਈਮਾਨ ਹੋਇਆਂ। ਹੁਣ ਇਹ ਤੁਹਾਡੇ ਕਾਬਲ ਹੈ ਤੇ ਤੁਸੀਂ ਇਹ ਰੱਖੋ। ਮੈਨੂੰ ਜੋ ਕੁਛ ਦੇਣਾ ਹੈ ਦੇ ਦਿਓ ਇਨਾਮ-ਕਨਾਮ। ਰਾਜਾ ਬੜਾ ਖੁਸ਼ ਹੋਇਆ, ਰਾਣੀ ਨੂੰ ਜਾ ਕੇ ਦਿਖਾਇਆ। ਰਾਣੀ ਕਹਿਣ ਲੱਗੀ ਇਹ ਤਾਂ ਬਹੁਤ ਕੀਮਤੀ ਹੈ। ਪਤਾ ਨਹੀਂ ਇਹ ਸੱਚ ਬੋਲਦੈ ਕਿ ਝੂਠ ਬੋਲਦੈ। ਮੈਨੂੰ ਇਕ ਨਹੀਂ ਚਾਹੀਦਾ ਇਹਦੇ ਨਾਲ ਦਾ ਇਕ ਹੋਰ ਚਾਹੀਦੈ। ਬੁਲਾ ਲਿਆ, ਫਸ ਗਿਆ ਉਥੇ। ਕਹਿੰਦੇ, ਤੂੰ ਕਿਤੋਂ ਚੋਰੀ ਕਰਿਐ। ਬਥੇਰੀਆਂ ਸੁਗੰਧਾਂ ਖਾਧੀਆਂ ਕਿ ਮਹਾਰਾਜ ਗੰਗਾ ਮਈਆ ਨੇ ਦਿਤਾ ਹੈ। ਕਹਿੰਦੇ, ਜੇ ਗੰਗਾ ਮਈਆ ਨੇ ਦਿਤਾ ਹੈ, ਤੇਰੇ ਨਾਲ ਐਨੀ ਨੇੜਤਾ ਹੈ ਤਾਂ ਜਾਹ ਹੁਣ ਜਾ ਕੇ ਇਕ ਹੋਰ ਲੈ ਕੇ ਆ। ਹੁਣ ਕਿਥੋਂ ਲਿਆਵੇ? ਰਾਜਾ ਕਹਿਣ ਲੱਗਿਆ, ਨਹੀਂ ਤਾਂ ਮੈਂ ਤੈਨੂੰ ਸਜ਼ਾ ਦੇਵਾਂਗਾ। ਸਜਾਏ ਮੌਤ ਦੇਵਾਂਗਾ। ਤੂੰ ਧੋਖਾ ਕਰਿਆ ਹੈ ਕਿਸੇ ਦੇ ਨਾਲ। ਜਾਹ, ਲੈ ਕੇ ਆ ਦੂਜਾ ਕੰਗਣ। ਕਹਿੰਦਾ, ਇਕ ਮਹੀਨੇ ਦੀ ਮੈਨੂੰ ਮੋਹਲਤ ਦੇ ਦਿਓ। ਰਵਿਦਾਸ ਜੀ ਦੇ ਚਰਨਾਂ 'ਤੇ ਜਾ ਕੇ ਢਹਿ ਪਿਆ। ਕਹਿਣ ਲੱਗਿਆ, ਮੈਂ ਬੇਈਮਾਨ ਬੰਦਾ ਤੁਹਾਡੇ ਕੋਲ ਆਇਆ ਹਾਂ। ਤੁਸੀਂ ਮੈਨੂੰ ਇਕ ਕਸੀਰਾ ਦਿਤਾ ਸੀ, ਗੰਗਾ ਮਈਆ ਨੇ ਮੈਨੂੰ ਇਕ ਕੰਗਣ ਦਿਤਾ ਸੀ ਤੁਹਾਨੂੰ ਦੇਣ ਲਈ। ਮੈਂ ਬੇਈਮਾਨ ਹੋ ਗਿਆ, ਉਹ ਮੈਂ ਤੁਹਾਨੂੰ ਨਹੀਂ ਲਿਆ ਕੇ ਦਿਤਾ। ਮੈਂ ਉਹ ਦੇ ਦਿਤਾ ਚਿਤੌੜਗੜ੍ਹ ਦੇ ਰਾਜੇ ਨੂੰ, ਹੁਣ ਰਾਣੀ ਖਹਿੜੇ ਪੈ ਗਈ ਕਿ ਦੂਜਾ ਕੰਗਣ ਵੀ ਲਿਆ। ਹੁਣ ਦੂਜਾ ਤਾਂ ਮੇਰੇ ਵਸ ਤੋਂ ਬਾਹਰ ਦੀ ਗੱਲ ਹੈ ਕ੍ਰਿਪਾ ਕਰੋ ਮੇਰੀ ਜਾਨ ਨੂੰ ਖਤਰਾ ਹੈ, ਮੈਨੂੰ ਬਚਾ ਲਓ। ਅਸੀਂ ਲੋਕ ਸਦਾ ਹੀ ਭੁੱਲਾਂ ਕਰਦੇ ਹਾਂ। ਅਸੀਂ ਸ਼ਰਧਾ ਤੋਂ ਹੀਣੇ ਹੁੰਦੇ ਹਾਂ, ਸਾਧੂਆਂ ਦੀ ਮਹਿਮਾ ਨੂੰ ਨਹੀਂ ਜਾਣਦੇ। ਕ੍ਰਿਪਾ ਕਰੋ। ਜਦੋਂ ਬਹੁਤ ਬੇਨਤੀਆਂ ਕਰੀਆਂ ਤਾਂ ਪਾਣੀ ਰਵਿਦਾਸ ਜੀ ਪਾ ਕੇ ਰਖਦੇ ਸੀ ਪੱਥਰੀ ਦੇ ਥੱਲੇ, ਜਿਹਦੇ ਨਾਲ ਜੋੜਿਆਂ ਨੂੰ ਭਿਉਂ ਦਿੰਦੇ ਸੀ ਚਮੜਾ, ਉਹ ਨਰਮ ਕਰਕੇ ਜੋੜਾ ਗੰਢ ਦਿੰਦੇ ਸੀ। ਉਹ ਪੱਥਰੀ ਚੁੱਕ ਦਿਤੀ, ਚੁੱਕ ਕੇ ਕਹਿੰਦੇ ਇਹਦੇ 'ਚੋਂ ਕੱਢ ਲੈ। ਜਦੋਂ ਹੱਥ ਪਾਇਆ, ਹੱਥ ਭਰ ਗਿਆ ਕੰਗਣਾਂ ਦੇ ਨਾਲ। ਹੈਰਾਨ ਹੋ ਗਿਆ ਕਿ ਇਹ ਤਾਂ ਇਕ ਤੋਂ ਇਕ ਚੜ੍ਹਦੈ। ਕਹਿੰਦੇ, ਤੂੰ ਕਿੰਨੇ ਲੈਣੇ ਨੇ? ਕਹਿੰਦਾ, ਮੈਨੂੰ ਤਾਂ ਇਕੋ ਚਾਹੀਦੈ। ਨਹੀਂ ਤਾਂ ਫੇਰ ਕੋਈ ਸਿਆਪਾ ਮੇਰੇ ਗਲ ਵਿਚ ਪੈ ਜਾਏਗਾ। ਸੋ ਲੈ ਕੇ ਚਲਿਆ ਗਿਆ, ਜਾ ਕੇ ਰਾਣੀ ਨੂੰ ਦਿਤਾ। ਰਾਣੀ ਕਹਿੰਦੀ, ਸੱਚ-ਸੱਚ ਦਸ ਕਿਥੋਂ ਲੈ ਕੇ ਆਇਆ ਹੈਂ?

ਉਹ ਕਹਿਣ ਲੱਗਿਆ, ਰਾਣੀ ਸਾਹਿਬ! ਮੈਂ ਝੂਠ

ਕੀ ਮਾਰਨੈ। ਕਾਸ਼ੀ ਦੇ ਅੰਦਰ ਇਕ ਭਗਤ ਪ੍ਰਗਟ ਹੋਇਐ, ਹੈ ਨੀਵੀਂ ਜਾਤ ਦਾ। ਚਮਾਰ ਜਾਤੀ ਦਾ ਹੈ, ਲੋਕ ਛੂਤ-ਛਾਤ ਕਰਦੇ ਨੇ, ਨੇੜੇ ਨਹੀਂ ਜਾਂਦੇ। ਇਸ ਤਰ੍ਹਾਂ ਮੈਂ ਜੋੜਾ ਗੰਢਾਇਆ ਸੀ, ਮੈਂ ਉਹਨੂੰ ਕਸੀਰਾ ਦਿਤਾ। ਸਾਰੀ ਗੱਲ ਦੱਸੀ। ਕਹਿਣ ਲੱਗਿਆ, ਜੇ ਇਸ ਵੇਲੇ ਹੈ ਕੋਈ ਪੂਰਾ ਤਾਂ ਕੇਵਲ ਰਵਿਦਾਸ ਜੀ ਨੇ।

ਰਾਣੀ ਦੇ ਮਨ ਵਿਚ ਸ਼ਰਧਾ ਜਾਗ ਪਈ। ਰਾਣੇ ਤੋਂ ਉਸ ਨੇ ਇਜਾਜ਼ਤ ਲਈ। ਉਹਨੇ ਜਾ ਕੇ ਤੀਰਥ ਯਾਤਰਾ ਵਾਸਤੇ ਖਰਚ ਲਿਆ, ਬੰਦੇ ਲਏ, ਡੋਲੀਆਂ ਚੁੱਕਣ ਵਾਲੇ, ਫੌਜ ਦੀ ਰਾਖੀ ਕਰਨ ਵਾਲੀ ਸਕਿਊਰਟੀ, ਹੌਲੀ-ਹੌਲੀ ਤੀਰਥ ਯਾਤਰਾ ਕਰਦੀ-ਕਰਦੀ ਉਥੇ ਪਹੁੰਚ ਕੇ ਵੱਡੇ-ਵੱਡੇ ਪੰਡਤਾਂ ਨੂੰ ਮਿਲੀ, ਸਾਰੇ ਫੋਕੇ ਦੇਖੇ। ਕਿਸੇ 'ਚ ਰਸ ਨਹੀਂ ਸੀ, ਗੱਲਾਂ ਬਾਤਾਂ ਦੇ ਧਨੀ। ਅੰਦਰੋਂ ਖਾਲੀ ਪਏ ਨੇ। ਰਵਿਦਾਸ ਜੀ ਦੇ ਕੋਲ ਜਦੋਂ ਆਉਂਦੀ ਹੈ ਉਹਨਾਂ ਦੇ ਪ੍ਰਵਚਨ ਜਦੋਂ ਸੁਣੇ -

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ*
*ਜਲ ਕੇਵਲ ਜਲ ਮਾਂਹੀ ॥* *ਅੰਗ-੬੫੭*

ਉਹ ਅੰਦਰ ਘਰ ਕਰ ਗਏ, ਹਿਰਦਾ ਵਿੰਨ੍ਹਿਆ ਗਿਆ -

*ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥*
*ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥*
*ਅੰਗ- ੧੩੭੪*

ਉਸ ਵੇਲੇ ਕਹਿਣ ਲੱਗੀ ਕਿ ਮਹਾਰਾਜ! ਮੈਂ ਆਪ ਦੇ ਚਰਨਾਂ ਵਿਚ ਆਈ ਹਾਂ, ਕ੍ਰਿਪਾ ਕਰੋ। ਮੇਰੀ ਝੋਲੀ ਨਾਮ ਪਾ ਦਿਓ। ਰਵਿਦਾਸ ਜੀ ਕਹਿਣ ਲੱਗੇ, ਮਹਾਰਾਣੀ! ਤੇਰੇ ਮਨ ਵਿਚ ਜਾਤ ਦਾ ਭਰਮ ਹੈ ਅਜੇ। ਜਿੰਨਾਂ ਚਿਰ ਤੂੰ ਇਸ ਤੋਂ ਉਪਰ ਨਹੀਂ ਉਠਦੀ, ਅਭੇਦ ਅਵਸਥਾ ਤੈਨੂੰ ਪ੍ਰਾਪਤ ਨਹੀਂ ਹੋ ਸਕਦੀ। ਕਹਿਣ ਲੱਗੀ, ਨਹੀਂ ਮਹਾਰਾਜ ਮੈਂ ਸਭ ਆਸਰੇ ਛੱਡ ਕੇ ਤੁਹਾਡੇ ਦਰ 'ਤੇ ਆਈ ਹਾਂ। ਤੁਸੀਂ ਕ੍ਰਿਪਾ ਕਰੋ। ਉਸ ਵੇਲੇ ਰਵਿਦਾਸ ਜੀ ਨੇ ਕ੍ਰਿਪਾ ਕੀਤੀ, ਨਾਮ ਦੀ ਦਾਤ ਦਿਤੀ। ਰਾਣੀ ਮਸਤ ਹੋ ਗਈ। ਰੰਗ ਚੜ੍ਹ ਗਿਆ। ਕਈ ਮਹੀਨੇ ਉਥੇ ਲੰਘ ਗਏ ਤੇ ਸਾਰਾ ਹੀ ਧਨ ਜਿੰਨਾਂ ਉਥੇ ਲਿਆਂਦਾ ਸੀ, ਹਜ਼ਾਰਾਂ ਜਾਂ ਲੱਖਾਂ ਦੀ ਗਿਣਤੀ 'ਚ, ਰਵਿਦਾਸ ਜੀ ਦੀ ਭੇਟਾ ਕਰ ਦਿਤਾ ਕਿ ਮਹਾਰਾਜ! ਇਹਦੇ ਮੰਦਰ ਬਣਾ ਲਓ। ਹੋਰ ਕੁਛ ਕਰ ਲਓ। ਕਿਉਂਕਿ ਰਵਿਦਾਸ ਜੀ ਨੂੰ ਹੁਕਮ ਹੋ ਚੁੱਕਿਆ ਸੀ ਕਿ ਸਾਧੂ-ਸੰਤਾਂ ਵਾਸਤੇ, ਰਿਹਾਇਸ਼ ਵਾਸਤੇ ਤੁਸੀਂ ਮੰਦਰ ਬਣਾਓ। ਉਹਨਾਂ ਦੇ ਠਹਿਰਣ ਵਾਸਤੇ, ਉਹਨਾਂ ਦੇ ਪ੍ਰਸ਼ਾਦੇ ਵਾਸਤੇ ਇੰਤਜ਼ਾਮ ਕਰੋ, ਮੇਰੇ ਪਿਆਰੇ ਆਉਂਦੇ ਨੇ ਭੁੱਖੇ ਚਲੇ ਜਾਂਦੇ ਨੇ। ਠਹਿਰਣ ਨੂੰ ਥਾਂ ਨਹੀਂ ਮਿਲਦਾ। ਸੋ ਭੇਟਾ ਦੇਣ ਦੇ ਨਾਲ ਸਾਰੇ ਹੀ ਸ਼ਹਿਰ 'ਚ ਚਰਚਾ ਚਲ ਪਈ ਕਿ ਹਜ਼ਾਰਾਂ ਹੀ ਰੁਪਿਆ ਉਹਨਾਂ ਦੇ ਚਰਨਾਂ 'ਤੇ ਰੱਖ ਦਿਤਾ ਰਾਣੀ ਨੇ। ਹੱਕ ਸਾਡਾ ਸੀ ਤੇ ਦੇ ਦਿਤਾ ਰਵਿਦਾਸ ਜੀ ਨੂੰ। ਉਸ ਵੇਲੇ ਡੈਪੂਟੇਸ਼ਨ ਬਣਿਆ ਤੇ ਜਾ ਕੇ ਚਿਤੌੜਗੜ੍ਹ ਪਹੁੰਚ ਕੇ ਕਹਿਣ ਲੱਗੇ, ਰਾਜਨ! ਤੁਸੀਂ ਮਰਿਯਾਦਾ ਰੱਖਣ ਵਾਲੇ ਹੋਂ ਕਿ ਮਰਿਯਾਦਾ ਤੋੜਨ ਵਾਲੇ ਹੋਂ। ਜੇ ਤੁਸੀਂ ਰਾਜਪੂਤਾਂ ਨੇ ਮਰਿਯਾਦਾ ਤੋੜ ਦਿਤੀ ਫੇਰ ਬ੍ਰਾਹਮਣਾਂ ਦਾ ਕੀ ਹਾਲ ਹੋਣੈ?

ਰਾਜਾ ਕਹਿਣ ਲੱਗਿਆ ਕਿ ਕੀ ਗੱਲ ਹੈ?

ਕਹਿਣ ਲੱਗੇ, ਤੁਹਾਡੀ ਰਾਣੀ ਨੇ ਚਮੜੇ ਦਾ ਕੰਮ ਕਰਨ ਵਾਲੇ ਨੂੰ ਗੁਰੂ ਬਣਾ ਲਿਆ। ਪਹਿਲਾਂ ਤਾਂ ਉਹਨਾਂ ਨਾਲ ਛੋਹਣਾ ਹੀ ਬੜਾ ਮਾੜਾ ਕੰਮ ਹੈ। ਹੁਣ ਉਹਦੀ ਸੇਵਾ ਕਰਦੀ ਹੈ। ਪ੍ਰਸ਼ਾਦਾ ਛਕਾਉਂਦੀ ਹੈ, ਲੰਗਰ ਦੇ ਜੂਠੇ ਭਾਂਡੇ ਮਾਂਜਦੀ ਹੈ। ਉਥੇ ਇਹੋ ਜਿਹੇ ਬੰਦੇ ਜਾਂਦੇ ਨੇ। ਦੱਸੋ ਧਰਮ ਕਿੱਥੇ ਰਹਿ ਗਿਆ। ਕਿਵੇਂ ਸੋਧ ਹੋਏਗੀ ਤੇ ਸਾਰਾ ਹੀ ਧਨ ਜਿਹੜਾ ਸੀ ਉਸੇ ਨੂੰ ਭੇਟਾ ਕਰ ਦਿਤਾ। ਧਨ ਤੇ ਸਾਡਾ ਹੱਕ ਸੀ ਕਿ ਉਹਦਾ ਸੀ।

ਸ਼ਿਕਾਇਤ ਕਰ ਦਿਤਾ। ਰਾਣੀ ਮਹਿਲਾਂ ਦੇ ਅੰਦਰ ਹੈ। ਕਹਿੰਦਾ, ਮੈਨੂੰ ਪੁੱਛ ਲੈਣ ਦਿਓ। ਪਿਆਰ ਬਹੁਤ ਕਰਦਾ ਸੀ। ਅੰਦਰ ਗਿਆ, ਉਹ ਭਜਨ ਕਰ ਰਹੀ ਹੈ। ਰੰਗ ਚੜ੍ਹਿਆ ਪਿਐ ਚਿਹਰੇ 'ਤੇ। ਹਿੰਮਤ ਨਾ ਪਈ ਰਾਣੇ ਦੀ ਕਿ ਮੈਂ ਆਪਣੀ ਗੱਲ ਕਰਾਂ। ਜਦੋਂ ਸਮਾਧੀ ਤੋਂ ਉਥਾਨ ਹੋਈ, ਕੀਰਤਨ ਉਸ ਨੇ ਬੰਦ ਕਰਿਆ। ਉਸ ਨੇ ਪੁੱਛਿਆ, ਮਹਾਰਾਣੀ ਸਾਹਿਬਾ! ਸ਼ਿਕਾਇਤ ਆਈ ਹੈ ਮੇਰੇ ਕੋਲ ਤੁਹਾਡੇ ਬਾਰੇ। ਕਹਿਣ ਲੱਗੇ, ਕਾਹਦੀ? ਕਹਿਣ ਲੱਗੇ, ਪੰਡਤ ਆਏ ਨੇ, ਕਾਸ਼ੀ ਤੋਂ, ਉਹਨਾਂ ਨੇ ਕਿਹੈ ਕਿ ਤੁਸੀਂ ਰਵਿਦਾਸ ਚਮਾਰ ਨੂੰ ਗੁਰੂ ਬਣਾ ਲਿਆ।

ਕਹਿੰਦੀ, ਚਮਾਰ ਨਾ ਕਹੋ, ਬ੍ਰਹਮ ਗਿਆਨੀ ਦੀ ਕੋਈ ਜਾਤ ਨਹੀਂ ਹੁੰਦੀ। ਉਹ ਤਾਂ ਪ੍ਰਮੇਸ਼ਰ ਦਾ ਰੂਪ ਹੁੰਦੈ।

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥*
*ਅੰਗ- ੨੭੩*

ਦੇਖੋ, ਕ੍ਰਿਸ਼ਨ ਮਹਾਰਾਜ ਨੇ ਬਾਲਮੀਕ ਦੀ ਕਿੱਡੀ ਵਡਿਆਈ ਕਰੀ -

*ਰੇ ਚਿਤ ਚੇਤਿ ਚੇਤ ਅਚੇਤ ॥ ਕਾਹੇ ਨ ਬਾਲਮੀਕਹਿ ਦੇਖ ॥*
*ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ*
*ਰਾਮ ਭਗਤਿ ਬਿਸੇਖ ॥ ਅੰਗ- ੧੧੨੪*

ਪਾਂਡਵਾਂ ਦਾ ਯੱਗ ਸੰਪੂਰਨ ਨਹੀਂ ਸੀ ਹੁੰਦਾ। ਕ੍ਰਿਸ਼ਨ ਮਹਾਰਾਜ ਨੇ ਆਪ ਉਸ ਦੀਆਂ ਜੂਠੀਆਂ ਪੱਤਲਾਂ, ਚੰਡਾਲ ਸੀਗਾ ਬਾਲਮੀਕ, ਚੁੱਕੀਆਂ। ਚਰਨ ਧੋਤੇ ਤੇ ਉਹਨੂੰ ਸਾਰਿਆਂ ਤੋਂ ਉੱਚਾ ਕਰਕੇ ਬਿਠਾਇਆ। ਨਾਮ ਜਪਣ ਵਾਲੇ ਦੀ ਵੀ ਕੋਈ ਜਾਤ ਹੁੰਦੀ ਹੈ? ਜਾਤ ਨਾਲੇ ਬਣਾਈ ਸੰਸਾਰ ਨੇ ਹੈ। ਸਾਰਿਆਂ ਮਨੁੱਖਾਂ ਦਾ ਸਰੀਰ ਪੰਜਾਂ ਤੱਤਾਂ ਦਾ ਹੈ। ਸਾਰਿਆਂ ਦੇ ਅੰਦਰ ਖੂਨ ਹੈ। ਉੱਚੀਆਂ ਜਾਤੀਆਂ ਦੇ ਅੰਦਰ ਦੁੱਧ ਤਾਂ ਨਹੀਂ ਹੈ, ਉਹਨਾਂ ਦੇ ਅੰਦਰ ਵੀ ਖੂਨ ਹੈ। ਸੋ ਇਹ ਜਾਤ ਅਭਿਮਾਨੀ ਪੁਰਸ਼ ਤੁਹਾਡੇ ਕੋਲ ਆਏ ਨੇ ਤੇ ਇਹਨਾਂ ਨੂੰ ਭੁੱਖ ਹੈ ਪੈਸੇ ਦੀ। ਤੁਸੀਂ ਪੈਸਾ ਇਹਨਾਂ ਨੂੰ ਦੇ ਦਿਓ, ਨੱਠ ਜਾਣਗੇ। ਹੋਰ ਇਹਨਾਂ ਨੂੰ ਕਿਸੇ ਚੀਜ਼ ਦੀ ਲੋੜ ਨਹੀਂ। ਕੋਈ ਸ਼ਿਕਾਇਤ ਹੈ, ਪੂਜਾ ਦੀ ਸ਼ਿਕਾਇਤ ਹੈ। ਕਹਿਣ ਲੱਗੀ, ਆਪਾਂ ਇਹਨਾਂ ਨੂੰ ਫੇਰ ਖੁਸ਼ ਕਰ ਦੇਵਾਂਗੇ ਦੁਬਾਰਾ ਹੁਣ ਦੇ ਦਿਓ। ਉਹਨਾਂ ਨੂੰ ਵੱਡੀਆਂ-ਵੱਡੀਆਂ ਦੱਛਣਾ ਦੇ ਦਿਤੀਆਂ। ਚਲੇ ਗਏ।

ਉਸ ਤੋਂ ਬਾਅਦ ਰਾਣੇ ਦੇ ਮਨ ਵਿਚ ਪਿਆਰ ਜਾਗ ਪਿਆ ਰਵਿਦਾਸ ਜੀ ਦਾ। ਰਾਣੇ ਨੇ ਕਿਹਾ ਕਿ ਆਪਾਂ ਸਮੱਸ਼ਟੀ ਯੱਗ ਕਰੀਏ, ਸਾਰਿਆਂ ਨੂੰ ਬੁਲਾਈਏ। ਦੂਰ-ਦੂਰ ਤੋਂ ਬ੍ਰਾਹਮਣਾਂ ਨੂੰ, ਦੂਰ-ਦੂਰ ਤੋਂ ਸਾਧੂਆਂ ਨੂੰ ਬੁਲਾਈਏ ਤੇ ਯੱਗ ਕਰੀਏ। ਉਸ ਵੇਲੇ ਯੱਗ ਦਾ ਨਿਉਂਦਾ ਦੇ ਦਿਤਾ।

ਭਗਤ ਰਵਿਦਾਸ ਜੀ ਕੋਲ ਗਈ ਰਾਣੀ। ਉਹ ਕਹਿਣ ਲੱਗੇ, ਬੇਟਾ! ਇਹ ਜਾਤ ਅਭਿਮਾਨੀ ਇਤਰਾਜ਼ ਕਰਨਗੇ। ਇਹ ਤੁਹਾਨੂੰ ਬੁਰਾ ਭਲਾ ਕਹਿਣਗੇ ਮੇਰੇ ਜਾਣ ਦੇ ਨਾਲ। ਤੁਹਾਡੇ ਯੱਗ ਵਿਚ ਹਿੱਸਾ ਨਹੀਂ ਦੇਣਾ, ਤੁਹਾਨੂੰ ਦੁਖ ਪੈਦਾ ਹੋਏਗਾ। ਮਾੜਾ ਤੁਹਾਨੂੰ ਕਹਿਣਗੇ। ਉਹ ਕਹਿਣ ਲੱਗੀ, ਮਹਾਰਾਜ! ਮੈਨੂੰ ਮਾੜੇ ਤੇ ਚੰਗੇ ਦਾ ਕੋਈ ਫਰਕ ਨਹੀਂ ਹੈ। ਮੈਨੂੰ ਚੰਗਾ ਕਹਿਣ ਵਾਲੇ ਚੰਗਾ ਕਹੀ ਜਾਣ, ਮਾੜਾ ਕਹਿਣ ਵਾਲੇ ਮਾੜਾ ਕਹੀ ਜਾਣ, ਜੇ ਮੇਰਾ ਤੁਹਾਡੇ ਨਾਲ ਪਿਆਰ ਬਣਿਆ ਰਹਿੰਦੈ, ਤੁਹਾਡੇ ਚਰਨਾਂ ਦੀ ਪ੍ਰੀਤ ਮੇਰੇ ਹਿਰਦੇ ਵਿਚ ਹੈ, ਮੈਨੂੰ ਨਹੀਂ ਕਿਸੇ ਚੀਜ਼ ਦੀ ਪ੍ਰਵਾਹ। ਇਹ ਤਾਂ ਨਕਾਰੇ ਪੁਰਸ਼ ਨੇ। ਇਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਨਿੰਦਿਆ ਕਰਦੇ ਨਿੰਦਕ ਨਕਾਰੇ,*
*ਗੁਰਮੁਖ ਤੇਰਾ ਨਾਮ ਜਪਦੇ।*

ਨਿੰਦਕਾਂ ਦਾ ਸੁਭਾਅ ਨਿੰਦਿਆ ਕਰਨਾ ਹੀ ਹੋਇਆ ਕਰਦਾ ਹੈ। ਸੋ ਇਹਨਾਂ ਤੋਂ ਨਾ ਤੁਸੀਂ ਡਰੋ। ਕ੍ਰਿਪਾ ਕਰਕੇ ਚਰਨ ਪਾਓ। ਆਪ ਮੇਰੇ ਗੁਰੂਦੇਵ ਹੋਂ। ਮੈਂ ਸੇਵਾ ਕਰਕੇ ਆਪਣਾ ਜੀਵਨ ਸਫਲਾ ਕਰਨਾ ਚਾਹੁੰਦੀ ਹਾਂ। ਬੇਨਤੀ ਮੰਨੀ ਤਾਂ ਰਵਿਦਾਸ ਜੀ, ਯੱਗ ਦੀ ਤਾਰੀਕ ਮਿਥੀ ਗਈ, ਦੂਰ-ਦੂਰ ਤੋਂ ਨਿਓਤੇ ਦਿਤੇ ਗਏ। ਰਵਿਦਾਸ ਜੀ ਵੀ ਚਲੇ ਗਏ। ਉਸ ਤੋਂ ਬਾਅਦ ਯੱਗ ਸ਼ੁਰੂ ਹੋਇਆ। ਯੱਗ ਤਾਂ ਸ਼ੁਰੂ ਹੋਣਾ ਸੀ ਜੇ ਪਹਿਲਾਂ ਗੁਰੂ ਪੂਜਾ ਕੀਤੀ ਜਾਵੇ ਤੇ ਗੁਰੂ ਨੂੰ ਭੋਗ ਲਵਾਇਆ ਜਾਵੇ।

ਆਪਣੇ ਵੀ ਮਰਿਆਦਾ ਹੈ ਜਦੋਂ ਤਕ ਗੁਰੂ ਨੂੰ ਭੋਗ ਨਹੀਂ ਲਵਾਇਆ ਜਾਂਦਾ, ਲੰਗਰ ਨਹੀਂ ਵਰਤਦਾ। ਪਹਿਲਾਂ ਗੁਰੂ ਨੂੰ ਭੋਗ ਲਗਦੈ, ਉਸ ਤੋਂ ਬਾਅਦ ਲੰਗਰ ਵਰਤਦੈ।

ਪੰਗਤਾਂ ਲਗ ਗਈਆਂ ਸਾਰੀਆਂ। ਰਵਿਦਾਸ ਜੀ ਨੂੰ ਬੁਲਾ ਲਿਆ। ਜਿਸ ਵਕਤ ਆ ਕੇ ਰਵਿਦਾਸ ਜੀ ਬੈਠੇ, ਉੱਚੇ ਆਸਣ 'ਤੇ ਬਿਠਾਇਆ ਉਹਨਾਂ ਨੇ, ਉਸ ਵੇਲੇ ਖੜ੍ਹੇ ਹੋ ਗਏ। ਉਠ ਕੇ ਕਹਿਣ ਲੱਗੇ ਰਾਜਨ! ਤੂੰ ਸਾਰੀ ਮਰਿਆਦਾ ਤੋੜ ਦਿਤੀ। ਛੋਟੀ ਜਾਤ ਦੇ ਨੂੰ ਤੂੰ ਉੱਚਾ ਬਿਠਾਇਆ ਹੈ ਤੇ ਫੇਰ ਇਹਨੂੰ ਤੂੰ ਪਹਿਲਾਂ ਭੋਗ ਲਵਾਏਂਗਾ, ਗੁਰੂ ਪੂਜਾ ਕਰੇਂਗਾ, ਅਸੀਂ ਤਾਂ ਨਹੀਂ ਤੇਰੇ ਯੱਗ ਦੇ ਵਿਚ ਸ਼ਾਮਲ ਹੁੰਦੇ। ਉਸ ਵੇਲੇ ਰਵਿਦਾਸ ਜੀ ਕਹਿਣ ਲੱਗੇ, ਰਾਜਨ! ਤੁਸੀਂ ਬ੍ਰਾਹਮਣਾਂ ਨੂੰ ਖੁਸ਼ ਰੱਖੋ, ਮੇਰਾ ਨਾ ਧਿਆਨ ਕਰੋ। ਮੈਂ ਸਾਰਿਆਂ ਤੋਂ ਪਿਛੋਂ ਪ੍ਰਸ਼ਾਦਾ ਛਕ ਲਵਾਂਗਾ। ਤੁਸੀਂ ਇਸ ਗੱਲ ਦੀ ਨਾ ਜਿੱਦ ਕਰੋ। ਮੈਂ ਬੈਠਦਾ ਜਾ ਕੇ ਤੁਸੀਂ ਇਹਨਾਂ ਨੂੰ ਪ੍ਰਸ਼ਾਦਾ ਛਕਾ ਲਓ, ਇਹਨਾਂ ਦੀ ਮਰਿਯਾਦਾ ਦੇ ਹਿਸਾਬ ਨਾਲ। ਉਸ ਵੇਲੇ ਰਵਿਦਾਸ ਜੀ ਜਿਥੇ ਠਹਿਰੇ ਹੋਏ ਸੀ, ਆਪਣੇ ਕਮਰੇ ਵਿਚ ਚਲੇ ਜਾਂਦੇ ਨੇ।

ਮਹਾਰਾਣੀ ਤੇ ਰਾਜੇ ਦੇ ਦਿਲ ਵਿਚ ਬੜਾ ਹੀ ਖੇਦ ਆਇਆ। ਅਫਸੋਸ 'ਚ ਆ ਗਏ ਕਿ ਸਾਡੇ ਗੁਰੂ ਦਾ ਨਿਰਾਦਰ ਕਰ ਦਿਤਾ ਇਹਨਾਂ ਨੇ। ਉਸ ਵੇਲੇ ਬ੍ਰਾਹਮਣਾਂ ਨੂੰ ਪੁਛਿਆ ਕਿ ਹੁਣ ਤਾਂ ਪੰਗਤਾਂ ਲਾ ਲਓ। ਪੰਗਤਾਂ ਲਾ ਲਈਆਂ, ਪੰਗਤਾਂ ਲੱਗਣ ਤੋਂ ਬਾਅਦ ਥਾਲੀਆਂ ਜਾਂ ਪੱਤਲਾਂ ਜੋ ਕੁਛ ਵੀ ਸੀ ਉਹ ਵਰਤਾ ਦਿਤਾ ਤੇ ਉਹਦੇ ਉਤੇ ਮਠਿਆਈਆਂ ਹੋਰ ਸਾਰੇ ਖਾਣੇ ਜਿੰਨੇ ਸੀ ਪਰੋਸ ਦਿਤੇ। ਜਦੋਂ ਪੂਰਾ ਹੋ ਗਿਆ। ਮਰਿਯਾਦਾ ਇਹ ਹੁੰਦੀ ਹੈ ਕਿ ਜਦੋਂ ਤਕ

ਸਾਰਿਆਂ ਨੂੰ ਪਰੋਸ ਨਾ ਦਿਤਾ ਜਾਵੇ, ਕੋਈ ਮੂੰਹ ਵਿਚ ਨਹੀਂ ਪਾਇਆ ਕਰਦਾ। ਸ਼ੁੱਧ ਜੋ ਲੰਗਰ ਨੇ, ਲੰਗਰ ਵਰਤਾਉਣ ਵੇਲੇ ਕੀਰਤਨ ਹੋਇਆ ਕਰਦੈ। ਜਦੋਂ ਤੱਕ ਸਾਰੀ ਪੰਗਤ ਨੂੰ ਵਰਤ ਨਹੀਂ ਜਾਂਦਾ ਓਨਾਂ ਚਿਰ ਨਹੀਂ ਕੋਈ ਖਾਂਦਾ। ਜਿਸ ਵਕਤ ਹੁਕਮ ਹੋ ਜਾਂਦੈ ਕਿ ਛਕੋ ਭਾਈ। ਉਸ ਵੇਲੇ ਮੁਖ ਵਿਚ ਪਾਇਆ ਜਾਂਦੈ। ਓਨਾਂ ਚਿਰ ਪ੍ਰਮੇਸ਼ਰ ਦਾ ਭਜਨ, ਨਾਮ ਦਾ ਜਾਪ ਕਰੀ ਜਾਂਦੇ ਨੇ। ਜਿੱਥੇ ਇਹ ਨਹੀਂ ਹੁੰਦਾ, ਉਥੇ ਲੰਗਰ ਜਿਹੜਾ ਹੈ ਦੂਸ਼ਿਤ ਰਹਿ ਜਾਂਦਾ ਹੈ। ਜਿਸ ਥਾਂ ਦੇ ਉਤੇ ਇਹ ਮਰਿਯਾਦਾ ਨਾ ਰੱਖੀ ਜਾਵੇ।

ਸੋ ਉਸ ਵੇਲੇ ਵਰਤਾ ਦਿਤਾ, ਵਰਤਾਉਣ ਤੋਂ ਬਾਅਦ ਜਦੋਂ ਉਹਨਾਂ ਨੇ ਕਿਹਾ ਕਿ ਛਕੋ, ਦੂਜੇ ਪਾਸੇ ਕੀ ਕੌਤਕ ਹੁੰਦੈ। ਇਕ ਦੂਜੇ ਵਲ ਦੇਖੀ ਜਾਂਦੇ ਨੇ, ਇਧਰ ਦੇਖਦੇ ਨੇ, ਦੂਜੇ ਪਾਸੇ ਦੇਖਦੇ ਨੇ ਦੋ-ਦੋ ਬ੍ਰਾਹਮਣਾਂ ਦੇ ਵਿਚ ਇਕ-ਇਕ ਰਵਿਦਾਸ ਆ ਕੇ ਬਹਿ ਗਏ। ਪ੍ਰਮੇਸ਼ਰ ਨੇ ਐਸਾ ਕੌਤਕ ਰਚਿਆ। ਦੋ-ਦੋ ਦੇ ਵਿਚਾਲੇ ਬਹਿ ਗਏ। ਰਵਿਦਾਸ ਜੀ ਦਾ ਹੱਥ ਅਗਾਂਹਾਂ ਵਧਿਆ ਹੋਇਐ, ਇਹ ਹੱਥ ਪਿੱਛੇ ਨੂੰ ਕਰੀ ਜਾਂਦੇ ਨੇ।

ਉਹਨਾਂ ਨੇ ਕਿਹਾ ਕਿ ਤੁਸੀਂ ਖਾਂਦੇ ਕਿਉਂ ਨਹੀਂ। ਕਿਉਂਕਿ ਐਸੀ ਕਿਰਿਆ ਪ੍ਰਮੇਸ਼ਰ ਨੇ ਭਗਤ ਜੀ ਦੀ ਉਸਤਤ ਕਰਨ ਵਾਸਤੇ ਆਪ ਰਚ ਦਿਤੀ -

*ਧਾਰਨਾ - ਹਰਿ ਜੀ ਛੱਡ ਕੇ ਸਿੰਘਾਸਨ ਆ ਗਏ,*
*ਬੰਨ੍ਹੇ ਹੋਏ ਸੱਚੇ ਪਿਆਰ ਦੇ।*

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥*
*ਜਹ ਜਹ ਕਾਜ ਕਿਰਤਿ ਸੇਵਕ ਕੀ ॥*
*ਤਹਾ ਤਹਾ ਉਠਿ ਧਾਵੈ ॥ ਅੰਗ- ੪੦੩*

ਪਾਰਬ੍ਰਹਮ ਪ੍ਰਮੇਸ਼ਰ ਭਗਤਾਂ ਦੇ ਵਸ ਵਿਚ ਹੈ।-

*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥*
*ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥ ਅੰਗ- ੯੬੨*

ਪਿਆਰ ਦੇ ਨਾਲ ਰੱਬ ਵਸ ਵਿਚ ਆਉਂਦੈ।

*ਸਾਚੁ ਕਹੂੰ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ*
*ਤਿਨ ਹੀ ਪ੍ਰਭ ਪਾਇਓ॥ ਪਾਤਸ਼ਾਹੀ ੧੦*

ਹੋਰ ਕੋਈ ਤਰੀਕਾ ਨਹੀਂ। ਨਾ ਗਿਆਨ ਨਾ ਧਿਆਨ, ਨਾ ਕੋਈ ਮੈਡੀਟੇਸ਼ਨ, ਜੇ ਚਲਦਾ ਹੈ ਤਾਂ ਹਿਰਦੇ ਦਾ ਪਿਆਰ ਚਲਦੈ। ਵਾਹਿਗੁਰੂ ਕਹਿੰਦੈ ਕਿ ਮੇਰਾ ਜੀਵਨ ਮੇਰੇ ਦਾਸ ਨੇ। ਉਹ ਮੇਰੇ ਨੇ, ਮੈਂ ਉਹਨਾਂ ਦਾ ਹਾਂ। ਓਤ ਪੋਤ ਹਾਂ ਅਸੀਂ। ਮੇਰਾ ਤੇ ਮੇਰੇ ਪਿਆਰਿਆਂ ਦਾ ਕੋਈ ਫਰਕ ਨਹੀਂ ਹੈ। ਉਹ ਮੇਰਾ ਹੀ ਰੂਪ ਹੁੰਦੇ ਨੇ। ਮੇਰਾ ਕੀਤਾ ਹੋਇਆ ਮੋੜ ਦਿੰਦੇ ਨੇ -

*ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥ ਅੰਗ- ੧੨੫੩*

*ਮੈ ਗੁਨ ਬੰਧ ਸਗਲ ਕੀ*
*ਜੀਵਨਿ ਮੇਰੀ ਜੀਵਨਿ ਮੇਰੇ ਦਾਸ ॥ ਅੰਗ- ੧੨੫੩*

ਐਨਾ ਪਿਆਰ ਹੈ ਛੱਡ ਕੇ ਆ ਗਏ। ਨਿਰਾਕਾਰ ਤੋਂ ਸਾਕਾਰ ਰੂਪ ਹੋਣ 'ਚ ਦੇਰ ਨਹੀਂ ਲਗਦੀ। ਉਸ ਵੇਲੇ ਯੱਗ ਦੇ ਵਿਚ ਆ ਕੇ ਬਹਿ ਗਏ, ਰੂਪ ਧਾਰ ਲਿਆ -

*ਧਾਰਨਾ - ਹਰਿ ਜੀ ਧਾਰ ਕੇ ਰੂਪ ਰਵਿਦਾਸ ਦਾ,*
*ਪੰਗਤਾਂ ਦੇ ਵਿਚ ਬੈਠ ਗਏ।*

ਹੈਰਾਨ ਹੁੰਦੇ ਨੇ ਕਿ ਮੇਰੇ ਅਰ ਦੂਜੇ ਦੇ ਵਿਚਾਲੇ ਬੈਠਾ ਹੈ। ਦੋ ਹੱਥ ਨੇ ਇਕ ਓਹਦੀ ਥਾਲੀ 'ਚ ਪਾਇਆ ਹੋਇਐ, ਇਕ ਉਹਦੀ ਥਾਲੀ 'ਚ। ਰਾਜਾ ਬਾਰ-ਬਾਰ ਕਹਿੰਦਾ ਹੈ ਕਿ ਬ੍ਰਾਹਮਣ ਦੇਵਤਾ ਜੀ! ਤੁਸੀਂ ਛਕਦੇ ਕਿਉਂ ਨਹੀਂ। ਇਕ ਦੂਜੇ ਦੇ ਮੂੰਹ ਵਲ ਦੇਖੀ ਜਾਂਦੇ ਨੇ। ਇਕ ਸਿਆਣਾ ਸੀ ਉਹ ਕਹਿੰਦਾ ਓਏ ਖੁਲ੍ਹ ਕੇ ਗੱਲ ਕਰੋ। ਉੱਠ ਕੇ ਖੜ੍ਹਾ ਹੋ ਗਿਆ, ਕਹਿਣ ਲੱਗਿਆ, ਮਹਾਰਾਜ! ਮੇਰੇ ਨਾਲ ਰਵਿਦਾਸ ਜੀ ਬੈਠੇ ਨੇ, ਮੈਂ ਤਾਂ ਨਹੀਂ ਛਕਦਾ। ਕਹਿੰਦੇ, ਤੇਰੇ ਨਾਲ ਬੈਠੇ ਨੇ ਬਾਕੀ ਕਿਉਂ ਨਹੀਂ ਛਕਦੇ? ਉਹ ਵੀ ਉੱਠ ਖੜ੍ਹੇ, ਕਹਿੰਦੇ, ਸਾਡੇ ਨਾਲ ਵੀ ਰਵਿਦਾਸ ਜੀ ਬੈਠੇ ਨੇ। ਰਾਜਾ ਕਹਿਣ ਲੱਗਿਆ, ਰਵਿਦਾਸ ਤਾਂ ਇਕ ਹੈ। ਉਹ ਤਾਂ ਆਪਣੇ ਕਮਰੇ 'ਚ ਬੈਠੇ ਨੇ। ਚਲੋ, ਤੁਹਾਡੀ ਪੰਚਾਇਤ ਮੈਂ ਦਰਸ਼ਨ ਕਰਾਵਾਂ। ਪੰਚ ਲਏ ਤੇ ਜਾ ਕੇ ਨਮਸ਼ਕਾਰ ਕਰੀ।

ਰਵਿਦਾਸ ਜੀ ਕਹਿੰਦੇ, ਕੀ ਗੱਲ ਭਾਈ ਯੱਗ ਹੋ ਗਿਆ ਸੰਪੂਰਨ?

ਕਹਿੰਦੇ, ਮਹਾਰਾਜ! ਕਾਹਦਾ ਸੰਪੂਰਨ ਹੋ ਗਿਆ, ਇਹਨਾਂ ਨੂੰ ਵਹਿਮ ਪੈ ਗਿਆ। ਪ੍ਰਸ਼ਾਦਾ ਨਹੀਂ ਇਹ ਛਕ ਰਹੇ। ਮੈਂ ਕਹਿੰਦਾ ਹਾਂ, ਰਵਿਦਾਸ ਜੀ ਇਥੇ ਬੈਠੇ ਨੇ। ਇਹ ਕਹਿੰਦੇ ਨੇ ਸਾਡੇ ਸਭ ਦੇ ਨਾਲ ਬੈਠੇ ਨੇ। ਹੱਸ ਪਏ, ਕਹਿਣ ਲੱਗੇ, ਪਿਆਰਿਓ! ਇਹ ਪ੍ਰਮੇਸ਼ਰ ਦੀ ਲੀਲਾ, ਹੋਰ ਕੋਈ ਕਰ ਨਹੀਂ ਸਕਦਾ।

*ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥*
*ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥ ੧ ॥*
*ਰਹਾਉ ॥*
*ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥*

*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥ ੧ ॥*
*ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥*
*ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥*
*ਅੰਗ- ੧੧੦੬*

ਉਸ ਵੇਲੇ ਵਾਪਸ ਜਾਂਦੇ ਨੇ। ਭੁੱਲ ਮੰਨੀ। ਕਹਿਣ ਲੱਗੇ, ਜਦੋਂ ਵਾਹਿਗੁਰੂ ਰਵਿਦਾਸ ਵਲ ਦਾ ਹੋ ਗਿਆ, ਤਾਂ ਫੇਰ ਆਪਾਂ ਨੂੰ ਕੀ ਦੋਸ਼ ਹੈ। ਭੁੱਲ ਮੰਨੋ। ਰਵਿਦਾਸ ਜੀ ਅੱਗੇ ਆਪਣੀ ਗਲਤੀ ਮੰਨੋ। ਲਿਆਓ ਇੱਜ਼ਤ ਦੇ ਨਾਲ ਜਾ ਕੇ। ਮੁਖੀ-ਮੁਖੀ ਕੱਢੇ, ਜਾ ਕੇ ਰਵਿਦਾਸ ਜੀ ਦੇ ਚਰਨਾਂ 'ਤੇ ਜਾ ਕੇ ਨਮਸ਼ਕਾਰਾਂ ਕਰਦੇ ਨੇ। ਬਾਰ-ਬਾਰ ਬੇਨਤੀਆਂ ਕਰਦੇ ਨੇ। ਉਹ ਕਹਿੰਦੇ ਪਿਆਰਿਓ! ਮੇਰੀ ਛੋਤ ਲਗ ਜਾਏਗੀ ਤੁਹਾਨੂੰ, ਭਿੱਟੇ ਜਾਵੋਗੇ ਤੁਸੀਂ।

ਕਹਿੰਦੇ, ਨਾ ਮਹਾਰਾਜ। ਜਿਹਦਾ ਰਾਖਾ ਹੀ, ਜਿਹਦੇ ਵਲ ਵਾਹਿਗੁਰੂ ਹੋ ਗਿਆ, ਭਗਵਾਨ ਹੋ ਗਿਆ, ਸਾਡੀ ਤਾਂ ਕੋਈ ਤਾਕਤ ਨਹੀਂ ਹੈ। ਆਪ ਕ੍ਰਿਪਾ ਕਰਕੇ ਚੱਲੋ ਤੇ ਯੱਗ ਦੇ ਵਿਚ ਚੱਲ ਕੇ ਪ੍ਰਸ਼ਾਦਾ ਛਕੋ।

ਸੋ ਇਸ ਤਰ੍ਹਾਂ -

*ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥ ਅੰਗ- ੨੬੫*

ਛੁਪਿਆ ਨਹੀਂ ਕਰਦਾ। ਸੋ ਅੱਜ ਆਪਾਂ ਸਾਰਿਆਂ ਨੇ, ਅੱਜ ਉਹਨਾਂ ਮਹਾਂਪੁਰਸ਼ਾਂ ਦਾ ਆਗਮਨ ਹੈ, ਪ੍ਰਕਾਸ਼ ਉਤਸਵ ਹੈ। ਬੜੇ ਪਿਆਰ ਦੇ ਨਾਲ, ਕੋਈ ਕਿਸੇ ਭਾਵਨਾ ਨਾਲ, ਕੋਈ ਕਿਸੇ ਭਾਵਨਾ ਨਾਲ ਮਨਾ ਰਹੇ ਨੇ। ਸਾਡੇ ਵਾਸਤੇ ਇਹ ਇਕ ਬੜਾ ਜ਼ਬਰਦਸਤ ਚਾਨਣ ਮੁਨਾਰਾ ਹੈ ਕਿ ਵਾਹਿਗੁਰੂ ਕੋਈ ਸੁੰਨ ਮੁੰਨ ਚੀਜ਼ ਨਹੀਂ ਹੈ

*ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥*
*ਅੰਗ- ੬੧੨*

ਮੈਂ ਮੂਰਖ ਦੂਰ ਜਾਣਦਾ ਹਾਂ। ਉਹ ਤਾਂ ਸਭ ਦੇ ਨਾਲ ਰਹਿੰਦਾ ਹੈ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ ੧ ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥*
*ਅੰਗ - ੬੭੭*

ਉਹ ਨਾਲ ਰਹਿੰਦੈ, ਹਰੇਕ ਦੇ ਨਾਲ ਰਹਿੰਦੈ। ਭੁੱਲੇ ਕੌਣ ਰਹਿੰਦੇ ਨੇ ਅਸੀਂ ਭੁੱਲੇ ਰਹਿੰਦੇ ਹਾਂ। ਹਰ ਵਕਤ ਭੁੱਲੇ ਰਹਿੰਦੇ ਹਾਂ। ਬਿਲਕੁਲ ਯਾਦ ਨਹੀਂ ਕਰਦੇ। ਜਿਹੜਾ ਰਹਿੰਦਾ ਹੀ ਨਾਲ ਹੈ ਉਹਨੂੰ ਝਾਕ ਵੀ ਨਹੀਂ ਸਕਦੇ। ਨਾਲ ਵੀ ਐਨਾ ਰਹਿੰਦੈ, ਜਿਥੇ ਮੈਂ ਰਹਿੰਦਾ ਹੈ ਸਰੀਰ ਦੇ ਅੰਦਰ, ਮੇਰੇ ਨਾਲ ਹੀ ਉਹ ਰਹਿੰਦੈ -

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥*
*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ ॥ ਅੰਗ- ੧੨੬੩*

ਹਉਮੈ ਦੀ ਕੰਧ ਬਣੀ ਹੋਈ ਹੈ -

*ਹਉ ਹਉ ਭੀਤਿ ਭਇਓ ਹੈ ਬੀਚੋ*
*ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥*
*ਅੰਗ- ੬੨੪*

ਸੋ ਸਾਧਸੰਗਤ ਜੀ! ਆਪ ਬੜੀ ਦੂਰ-ਦੂਰ ਤੋਂ ਪਹੁੰਚੇ ਹੋਂ। ਸੋ ਮੇਰੀ ਤਾਂ ਇਕੋ ਹੀ ਬੇਨਤੀ ਹੈ ਕਿ ਸਾਨੂੰ ਇਹਨਾਂ ਮਹਾਂਪੁਰਸ਼ਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ ਤੇ ਭਜਨ ਦਾ ਜ਼ੋਰ ਦਿਓ, ਨਾਮ ਦਾ ਜ਼ੋਰ ਦਿਓ। ਗੱਲਾਂ ਬਾਤਾਂ ਨਾਲ ਰੱਬ ਨਹੀਂ ਮਿਲਦਾ। ਗੱਲਾਂ ਨਾਲ ਅਸੀਂ ਬਹੁਤ ਉੱਚੇ ਹਾਂ -

*ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ ॥*
*ਅੰਗ- ੪੩੩*
*ਗਲੰੀ ਅਸੀ ਚੰਗੀਆ ਆਚਾਰੀ ਬੁਰੀਆਹ ॥ ਅੰਗ- ੮੫*

ਬਾਹਰੋਂ ਤਾਂ ਅਸੀਂ ਬਹੁਤ ਵਧੀਆ ਹਾਂ। ਲੋਕ ਮਹਿਮਾ ਕਰਦੇ ਨੇ ਸਾਡੀ। ਲੋਕ ਨਮਸ਼ਕਾਰਾਂ ਕਰਦੇ ਨੇ, ਪਰ ਅੰਦਰ ਤਾਂ ਝਾਤੀ ਮਾਰੋ ਕਿ ਅਸੀਂ ਹਾਂ ਕੀ। ਜੇ ਦੁਨੀਆਂ ਤੋਂ ਲੁਕਾ ਲਵਾਂਗੇ, ਰੱਬ ਤੋਂ ਤਾਂ ਲੁਕਦਾ ਨਹੀਂ ਨਾ ਹੈ। ਉਹਨੂੰ ਤਾਂ ਪਤਾ ਹੈ ਕਿ ਇਹ ਕੀ ਨੇ। ਅੰਦਰੋਂ-ਬਾਹਰੋਂ ਸੱਚੇ ਹੋ ਜਾਓ, ਸੁੱਚੇ ਹੋ ਜਾਓ। ਸੱਚੇ ਹੋ ਕੇ ਪਿਆਰ ਕਰੋ ਵਾਹਿਗੁਰੂ ਨਾਲ। ਗੁਰੂ ਦੇ ਬਣੋ, ਗੁਰੂ ਧਾਰਨ ਕਰਕੇ ਨਿਗੁਰਾਪਣ ਦੀ ਲਾਹਨਤ ਦੂਰ ਕਰੋ। ਸ਼ਰਾਬਾਂ, ਕਬਾਬਾਂ, ਨਸ਼ਿਆਂ ਤੋਂ ਦੂਰ ਰਹੋ। ਨਿੰਦਿਆ, ਚੁਗਲੀ ਜਿਹੜੀ ਬਹੁਤ ਮਾਰੂ ਹੈ। ਈਰਖਾ ਹੈ ਇਹਨਾਂ ਚੀਜ਼ਾਂ ਨੂੰ ਛੱਡ ਕੇ ਸੱਚੀ-ਮੁੱਚੀ ਆਓ। ਅਜੇ ਕੁਛ ਨਹੀਂ ਵਿਗੜਿਆ ਮਹਾਰਾਜ ਕਹਿੰਦੇ -

*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥*
*ਅੰਗ - ੭੨੬*

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

*ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ*

# ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ, ਆਤਮ ਮਾਰਗ*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ! ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਕਰੀਏ ਇਕਾਗਰ, ਰਸਨਾ ਦੀ ਪਵਿੱਤਰਤਾ ਦੇ ਵਾਸਤੇ, ਸਾਰੇ ਹੀ ਉਚਾਰਨ ਕਰੋ ਜੀ 'ਸਤਿਨਾਮੁ ਸ੍ਰੀ ਵਾਹਿਗੁਰੂ।' ਪਾਤਸ਼ਾਹ ਜੀ ਦੀ ਕ੍ਰਿਪਾ ਹੋਈ ਹੈ।

*ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥*
*ਨਿਮਖ ਏਕ ਹਰਿ ਨਾਮੁ ਦੇਇ*
*ਮੇਰਾ ਮਨੁ ਤਨੁ ਸੀਤਲੁ ਹੋਇ ॥ ਅੰਗ- ੪੪*

ਨਾਮ ਬਾਣੀ ਦੇ ਨਾਲ, ਸੇਵਾ ਸਿਮਰਨ ਦੇ ਨਾਲ ਜੁੜ ਕੇ ਬਖਸ਼ਿਸ਼ਾਂ ਹੀ ਬਖਸ਼ਿਸ਼ਾਂ ਮਿਲਦੀਆਂ ਹਨ। ਮਨ ਦੀ ਸ਼ਾਂਤੀ ਨਾਮ ਦੇ ਵਿਚ ਹੈ। ਨਾਮ ਜਪਣ ਦੇ ਨਾਲ ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਨਾਮ ਐਸਾ ਨਹੀਂ ਕਿ ਬਾਹਰੋਂ ਮਿਲਦਾ ਹੈ। ਮਨ ਦੀ ਸ਼ਾਂਤੀ ਅੰਦਰੋਂ ਨਾਮ 'ਚ ਸਥਿਤ ਹੋ ਕੇ ਪ੍ਰਾਪਤ ਹੁੰਦੀ ਹੈ-

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ- ੨੯੩*

ਕਿੱਡੀ ਕ੍ਰਿਪਾ ਹੈ ਸਤਿਪੁਰਸ਼ਾਂ ਦੀ ਸੰਗਤ ਦੇ ਨਾਲ ਪਤਾ ਲਗਦਾ ਹੈ -

*ਬਾਹਰਿ ਢੂਢਨ ਤੇ ਛੂਟਿ ਪਰੇ*
*ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥ ਅੰਗ- ੧੦੦੨*

ਇਸ ਘਰ ਦੇ ਵਿਚ ਜਿਹੜਾ ਘਰ ਦਿਖਾ ਦਿੰਦਾ ਹੈ -

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ- ੧੨੯੧*

ਗੁਰੂ ਮੰਤ੍ਰ ਦਿੰਦੇ ਹਨ। ਗੁਰਮਤਿ ਵਿਚ ਪੰਜ ਪਿਆਰੇ ਗੁਰਮੰਤ੍ਰ, ਮੂਲਮੰਤ੍ਰ ਦ੍ਰਿੜ੍ਹ ਕਰਵਾਉਂਦੇ ਨੇ। ਸਤਿਪੁਰਸ਼ਾਂ ਦੀ ਸੰਗਤ ਵਿਚ ਜੁਗਤੀ ਮਿਲਦੀ ਹੈ ਕਿ ਕਿਵੇਂ ਨਾਮ ਦੇ ਵਿਚ ਅਸਥਿਤ ਹੋਣਾ ਹੈ। ਕਿਵੇਂ ਅਭਿਆਸ ਕਰਨਾ ਹੈ, ਬੈਖਰੀ ਬਾਣੀ 'ਚ ਬੋਲ ਕੇ, ਮਧਮਾ, ਪਸੰਤੀ, ਪਰਾ ਬਾਣੀ 'ਚ। ਕਿਉਂਕਿ ਸਵਾਸ ਦੇ ਉਤੇ ਜਦੋਂ ਆ ਗਿਆ, ਫੇਰ ਸਾਰੀਆਂ ਹੀ ਚਿੰਤਾਵਾਂ ਖਤਮ ਹੋ ਜਾਂਦੀਆਂ ਨੇ। ਬੈਖਰੀ ਬਾਣੀ 'ਚ ਆਪਾਂ ਬੋਲ ਕੇ 'ਵਾਹਿਗੁਰੂ-ਵਾਹਿਗੁਰੂ' ਕਰਦੇ ਹਾਂ। ਮਧਮਾ ਬਾਣੀ ਵਿਚ ਫੇਰ ਇਹ ਅੰਦਰ ਹੋਣਾ ਸ਼ੁਰੂ ਹੋ ਜਾਂਦਾ ਹੈ, ਫੇਰ ਬੁਲ੍ਹ ਹਿਲਦੇ ਨੇ, ਜੀਭ ਹਿਲਦੀ ਹੈ ਪਰ ਅੰਦਰ ਅਵਾਜ਼ ਸੁਣਦੀ ਹੈ, ਬਾਹਰ ਨਹੀਂ ਆਉਂਦੀ। ਦਸ ਗੁਣਾਂ ਫਲ ਵਧ ਗਿਆ। ਉਸ ਤੋਂ ਬਾਅਦ 10 ਗੁਣਾਂ ਹੋਰ ਵਧ ਜਾਂਦਾ ਹੈ ਜਦੋਂ -

*ਬਿਨੁ ਜਿਹਵਾ ਜੋ ਜਪੈ ਹਿਆਇ ॥*
*ਕੋਈ ਜਾਣੈ ਕੈਸਾ ਨਾਉ ॥ ਅੰਗ - ੧੨੫੬*

ਜਦੋਂ ਹਿਰਦੇ ਦੀ ਇਹ ਬਾਣੀ, ਫੇਰ ਪਰਾ ਬਾਣੀ ਜਿਥੇ ਕਿ ਐਨੀ ਐਨਰਜੀ ਹੈ, ਉਥੇ ਜਾ ਕੇ ਜਦੋਂ ਇਹ ਸਵਾਸ ਅੰਦਰ ਨੂੰ ਜਾਂਦਾ ਹੈ, 'ਵਾਹਿ......, ਬਾਹਰ ਨੂੰ ਆਉਂਦਾ ਹੈ, ਗੁਰੂ........। ਕਿੱਡੀ ਬਖਸ਼ਿਸ਼ ਹੋ ਜਾਂਦੀ ਹੈ। ਬੋਲ ਕੇ ਹਜ਼ਾਰ ਵਾਰੀ ਕਰਿਆ ਜਾਵੇ, ਬੈਖਰੀ ਬਾਣੀ 'ਚ ਸਵਾਸ ਦੇ ਉਤੇ ਹੋ ਜਾਵੇ, ਬਰਾਬਰ ਹੋ ਜਾਂਦਾ ਹੈ।

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ- ੭੨*

ਇਥੋਂ ਨਾਮ ਨਾਲ ਜੁੜਨ ਦੀਆਂ ਜੁਗਤਾਂ ਮਿਲਦੀਆਂ ਨੇ ਤੇ ਸਾਰੇ ਦੁਖ ਨਾਮ ਦੇ ਵਿਚ ਸਥਿਤ ਹੋ ਕੇ ਖਤਮ ਹੋ ਜਾਂਦੇ ਨੇ। ਸੇਵਾ ਦੇ ਨਾਲ -

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬*

ਜਿਥੇ ਵੀ ਕਿਸੇ ਦੀ ਦੁਨੀਆਂ ਦੇ ਵਿਚ ਡਿਊਟੀ ਹੈ, ਉਸ ਡਿਊਟੀ ਨੂੰ ਪੂਰੀ ਜ਼ਿੰਮੇਵਾਰੀ ਦੇ ਨਾਲ, ਤਨ ਦੇਹੀ ਦੇ ਨਾਲ ਨਿਭਾਉਣਾ। ਉਹ ਸੇਵਾ ਦਾ ਰੂਪ ਬਣ ਜਾਂਦੀ ਹੈ -

*ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥*
*ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥*
*ਅੰਗ- ੧੨੪੫*

*ਮਤਿ ਥੋੜੀ ਸੇਵ ਗਵਾਈਐ ॥ ਅੰਗ- ੪੬੮*

ਸੇਵਾ ਦੇ ਨਾਲ ਦੀਨ ਤੇ ਦੁਨੀਆਂ ਦੇ ਚਾਰੋ ਪਦਾਰਥ ਮਿਲ ਜਾਂਦੇ ਹਨ -

*ਸਤਿਗੁਰ ਕੈ ਵਸਿ ਚਾਰਿ ਪਦਾਰਥ ॥*
*ਤੀਨਿ ਸਮਾਏ ਏਕ ਕ੍ਰਿਤਾਰਥ ॥ ਅੰਗ- ੧੩੪੫*
*ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ ॥*
*ਅੰਗ- ੫੨*

*ਕਬੀਰ ਤੀਰਥ ਕੀਏ ਏਕ ਫਲ*
*ਸੰਤ ਮਿਲੇ ਫਲ ਚਾਰ।*
*ਗੁਰੂ ਮਿਲੇ ਫਲ ਅਨੇਕ ਹੈ*
*ਕਹਤ ਕਬੀਰ ਬੀਚਾਰ।*

*ਚਾਰਿ ਪਦਾਰਥ ਜੇ ਕੋ ਮਾਗੈ ॥*
*ਸਾਧ ਜਨਾ ਕੀ ਸੇਵਾ ਲਾਗੈ ॥ ਅੰਗ- ੨੬੬*

ਚਾਰੋ ਪਦਾਰਥ ਧਰਮ, ਅਰਥ, ਕਾਮ, ਮੋਖਸ਼ ਇਹ ਸੇਵਾ ਦੇ ਵਿਚੋਂ ਮਿਲ ਜਾਂਦੇ ਹਨ। ਇਨਸਾਨ ਧਰਮ ਨਾਲ ਰਿਸ਼ਤਾ ਜੋੜ ਲੈਂਦਾ ਹੈ, ਧਰਮ ਯੂਨੀਵਰਸਲ ਚਰਿੱਤਰ ਦਾ ਨਾਮ ਹੈ। ਅਰਥ, ਆਰਥਿਕਤਾ ਮਜ਼ਬੂਤ ਹੋ ਜਾਂਦੀ ਹੈ। ਸ਼ੁਭ ਕਾਮਨਾਵਾਂ ਦੀ ਸੇਵਾ ਦੇ ਨਾਲ ਪੂਰਤੀ ਹੁੰਦੀ ਹੈ। ਅੰਤ ਮੋਕਸ਼ ਪ੍ਰਾਪਤ -

*ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥*
*ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥ ਅੰਗ- ੨੯੫*

*ਚਾਰਿ ਪਦਾਰਥ ਜੇ ਕੋ ਮਾਗੈ ॥*
*ਸਾਧ ਜਨਾ ਕੀ ਸੇਵਾ ਲਾਗੈ ॥*
*ਜੇ ਕੋ ਆਪੁਨਾ ਦੂਖੁ ਮਿਟਾਵੈ ॥*
*ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥ ਅੰਗ- ੨੬੬*

ਕਿਉਂਕਿ ਅੱਜ ਦੇ ਮਨੁੱਖ ਦੀ ਐਸੀ ਹਾਲਤ ਹੈ-

*ਨਾਨਕ ਦੁਖੀਆ ਸਭ ਸੰਸਾਰ।*

*ਫਰੀਦਾ ਮੈ ਜਾਨਿਆ ਦੁਖੁ ਮੁਝ ਕੂ*
*ਦੁਖੁ ਸਬਾਇਐ ਜਗਿ ॥*
*ਊਚੇ ਚੜਿ ਕੈ ਦੇਖਿਆ*
*ਤਾਂ ਘਰਿ ਘਰਿ ਏਹਾ ਅਗਿ ॥ ਅੰਗ- ੧੩੮੨*

ਥੋੜ੍ਹਾ ਜਿਹਾ ਉਪਰ ਉਠ ਕੇ ਦੇਖੀਏ ਕਿ ਸਾਰਾ ਸੰਸਾਰ ਹੀ ਦੁਖੀ ਹੈ -

*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥ ਅੰਗ- ੯੫੪*

ਨਾਮ ਦੇ ਅੰਦਰ ਹੀ ਸ਼ਾਂਤੀ ਹੈ।

ਜਦੋਂ ਵੀ ਕੋਈ ਦੁਖ ਆਉਂਦਾ ਹੈ, ਪ੍ਰਮੇਸ਼ਰ ਦਾ ਨਾਮ ਯਾਦ ਆਉਂਦਾ ਹੈ -

*ਦੁਖ ਮਹਿ ਸਿਮਰਨ ਸਭ ਕਰੈ ਸੁਖ ਮੇ ਕਰਹਿ ਨਾ ਕੋਇ।*
*ਸੁਖ ਮਹਿ ਸਿਮਰਨ ਜੇ ਕਰੈ ਦੁਖ ਕਾਹੇ ਕੋ ਹੋਇ।*

*ਕਬੀਰ ਕਾਮ ਪਰੇ ਹਰਿ ਸਿਮਰੀਐ*
*ਐਸਾ ਸਿਮਰਹੁ ਨਿਤ ॥ ਅੰਗ - ੧੩੭੩*

ਐਸਾ ਸਿਮਰਨ -

*ਦੁਖੁ ਦਾਰੂ ਸੁਖੁ ਰੋਗੁ ਭਇਆ*
*ਜਾ ਸੁਖੁ ਤਾਮਿ ਨ ਹੋਈ ॥ ਅੰਗ- ੪੬੯*

ਦੁਖ ਵੀ ਦਾਰੂ ਬਣਦਾ ਹੈ, ਉਸ ਸਮੇਂ ਪ੍ਰਮੇਸ਼ਰ ਦਾ ਨਾਮ ਯਾਦ ਆਉਂਦਾ ਹੈ -

*ਜੇ ਕੋ ਆਪੁਨਾ ਦੂਖੁ ਮਿਟਾਵੈ ॥*
*ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥*
*ਜੇ ਕੋ ਆਪੁਨੀ ਸੋਭਾ ਲੋਰੈ ॥*
*ਸਾਧਸੰਗਿ ਇਹ ਹਉਮੈ ਛੋਰੈ ॥ ਅੰਗ- ੨੬੬*

*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥*
*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥*
*ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥*
*ਅੰਗ- ੪੬੬*

ਚਾਰ ਤਰ੍ਹਾਂ ਦੀਆਂ ਕ੍ਰਿਪਾ ਨੇ। ਪਹਿਲੀ ਕ੍ਰਿਪਾ ਪ੍ਰਮੇਸ਼ਰ ਦੀ ਜਿਨ੍ਹਾਂ ਨੇ ਸਾਨੂੰ ਇਸ ਮਾਨੁਖ ਤਨ ਦੇ ਵਿਚ ਭੇਜਿਆ। ਦੂਜੀ ਕ੍ਰਿਪਾ ਮਾਤਾ ਪਿਤਾ ਦੀ -

*ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ ॥ ਅੰਗ- ੮੭੨*

ਤੀਜੀ ਕ੍ਰਿਪਾ ਗੁਰੂ ਦੀ, ਜਿਨ੍ਹਾਂ ਤੋਂ ਮੰਤਰ ਮਿਲਿਆ, ਉਹਦੀ ਕਮਾਈ ਕਰਨੀ ਹੈ। ਨਾਮ ਤਕ ਰੁਸਵਾਈ ਹੋਣੀ। ਚੌਥੀ ਕ੍ਰਿਪਾ ਆਪਣੇ ਉਪਰ ਆਪ ਕਰਨੀ -

*ਕ੍ਰਿਪਾ ਕਰੀ ਜਨ ਅਪੁਨੇ ਊਪਰ*
*ਨਾਮਦੇਉ ਹਰਿ ਗੁਨ ਗਾਏ ॥ ਅੰਗ- ੬੯੩*

*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥*
*ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥*
*ਅੰਗ- ੪੬੬*

ਇਹ ਕ੍ਰਿਪਾ ਹੁੰਦੀ ਹੈ। ਆਪਣੇ ਆਪ ਉਪਰ ਆਪ ਕਰਨੀ ਹੁੰਦੀ ਹੈ -

*ਉਦਮੁ ਕਰੇ ਭਲਕੇ ਪਰਭਾਤੀ*

*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਅੰਗ - ੩੦੫*

ਨਾਮ ਨਾਲ ਜੁੜੇ -

ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ॥ ਭਾਈ ਗੁਰਦਾਸ ਜੀ

*ਜੇ ਕੋ ਜਨਮ ਮਰਣ ਤੇ ਡਰੈ ॥*
*ਸਾਧ ਜਨਾ ਕੀ ਸਰਨੀ ਪਰੈ ॥ ਅੰਗ - ੨੬੬*

ਸਾਰੇ ਡਰਦੇ ਨੇ ਮੌਤ ਤੋਂ -

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ਅੰਗ - ੧੩੬੫*

ਇਸੇ ਤਰ੍ਹਾਂ ਚਾਰ ਦੁਖ ਵੱਡੇ ਨੇ -

*ਦੁਖੁ ਵੇਛੋੜਾ ਇਕੁ ਦੁਖੁ ਭੂਖ ॥*
*ਇਕੁ ਦੁਖੁ ਸਕਤਵਾਰ ਜਮਦੂਤ ॥*
*ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥*
*ਵੈਦ ਨ ਭੋਲੇ ਦਾਰੂ ਲਾਇ ॥ ਅੰਗ- ੧੨੫੬*

ਨਾਮ ਜਪਣ ਦੇ ਨਾਲ ਸਾਰੇ ਦੁਖ ਦੂਰ ਹੋ ਜਾਂਦੇ ਨੇ -

*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥*
*ਨਾਨਕ ਤਾ ਕੈ ਬਲਿ ਬਲਿ ਜਾਸਾ ॥ ਅੰਗ - ੨੬੬*

ਜਿਸ ਦੇ ਅੰਦਰ ਐਸੀ ਲਗਨ ਹੈ, ਕਹਿੰਦੇ ਉਸ ਤੋਂ ਤਾਂ ਬਲਿਹਾਰ ਜਾਈਏ। ਸੋ ਇਸ ਤਰ੍ਹਾਂ ਮਹਾਂਪੁਰਸ਼ ਜਿੱਥੇ ਵੀ ਗਏ, ਇਹ ਕ੍ਰਿਪਾ ਕੀਤੀ ਕਿ ਨਾਮ ਜਪੋ, ਸੇਵਾ ਕਰੋ। ਜਿਹੜੇ ਸੇਵਾ, ਸਿਮਰਨ ਨਾਲ ਜੁੜੇ ਨੇ, ਗੁਰੂ ਤੋਂ ਦਾਤਾਂ ਪਾ ਕੇ ਗੁਰੂ ਨੂੰ ਯਾਦ ਰੱਖਦੇ ਹਨ, ਇਹ ਗੁਰਮੁਖਤਾਈ ਦੀ ਨਿਸ਼ਾਨੀ ਹੁੰਦੀ ਹੈ ਕਿ ਐਨੀਆਂ ਦਾਤਾਂ ਪਾ ਕੇ ਐਨੇ ਪਦਾਰਥਾਂ ਦੇ ਵਿਚ ਉਸ ਪ੍ਰਮੇਸ਼ਰ ਨੂੰ ਯਾਦ ਰੱਖਣਾ।

ਸੋ ਆਪਾਂ ਨਾਮ ਬਾਣੀ ਦੀ ਵਿਚਾਰ ਕੀਤੀ। ਸੋ ਗੁਰੂ ਮਹਾਰਾਜ ਕ੍ਰਿਪਾ ਬਣਾਈ ਰੱਖਣ। ਸਾਡਾ ਕੰਮ ਕੀ ਹੈ? -

*ਊਠਤ ਬੈਠਤ ਸੋਵਤ ਨਾਮ ॥*
*ਕਹੁ ਨਾਨਕ ਜਨ ਕੈ ਸਦ ਕਾਮ ॥ ਅੰਗ- ੨੮੬*

ਜੋ ਨਾਮ ਅੰਦਰ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ - ੨੯੩*

ਨਿਸ਼ਾਨੀ ਵੀ ਦੱਸੀ -

*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ- ੨੯੩*

ਅੱਜ ਮੀਡੀਏ ਦਾ ਯੁੱਗ ਹੈ, ਇਲੈਕਟ੍ਰਾਨਿਕ ਮੀਡੀਏ ਦੇ ਵਿਚ ਆਹ ਮੋਬਾਈਲ ਇੰਟਰਨੈੱਟ ਨਾਲ ਜੁੜਿਆ ਸੰਸਾਰ ਮੁੱਠੀ 'ਚ ਆ ਗਿਆ। ਇਸ ਦੇ ਉਤੇ ਮਹਾਂਪੁਰਸ਼ਾਂ ਦੀ ਜਿਹੜੀ ਮੈਡੀਟੇਸ਼ਨ ਟੈਕਨੀਕ ਹੈ -

www.ratwatasahib.org

www.ratwarsahib.com

www.ratwarssahib.in

FM ਰੇਡੀਓ ਚਲਦੈ 24 ਘੰਟੇ ਇੰਟਰਨੈੱਟ 'ਤੇ, ਇਹ ਜੁਗਤੀਆਂ ਸਾਰੀਆਂ ਸਤਿਪੁਰਸ਼ਾਂ ਨੇ ਦਰਸਾਈਆਂ। ਸਨਹੋਜ਼ੇ ਅਮਰੀਕਾ ਅੰਮ੍ਰਿਤ ਵੇਲੇ ਇਕੱਠੇ ਹੋ ਕੇ ਨਾਮ ਜਪਦੇ ਨੇ, ਸਤਿਪੁਰਸ਼ਾਂ ਦੀ ਦਰਸਾਈ ਜੁਗਤ ਅਨੁਸਾਰ ਕਿਉਂਕਿ 45 ਕੁ ਮਿੰਟ ਦਾ ਸਮਾਂ ਹੁੰਦਾ ਹੈ। ਅੰਦਰ ਨੂੰ ਸਵਾਸ ਜਾਂਦਾ, ਡੂੰਘਾ ਸਾਹ ਲੈਣਾ 'ਵਾਹਿ' ਅੰਦਰ ਨੂੰ ਸੁਣਨਾ ਹੈ। ਜਦੋਂ ਬਾਹਰ ਨੂੰ ਆਵੇ ਫੇਰ 'ਗੁਰੂ'। ਜਦੋਂ ਵੀ ਤੁਹਾਡਾ ਸਮਾਂ ਲਗਦਾ ਹੈ ਉਦੋਂ ਕਰੋ relax ਹੋ ਜਾਈਦਾ ਹੈ। ਸਾਰੀ ਚਿੰਤਾ, ਸਾਰਾ ਦਬਾਅ, stress, depression ਦੂਰ ਹੋ ਜਾਂਦਾ ਹੈ। ਥੋੜ੍ਹੇ ਜਿਹੇ ਸਮੇਂ ਤੋਂ ਸ਼ੁਰੂ ਕਰ ਲਓ, ਹੌਲੀ-ਹੌਲੀ ਆਪੇ ਅਨੰਦ ਵਧਦਾ ਚਲਾ ਜਾਂਦਾ ਹੈ। ਬਹੁਤ ਸੁਖੈਨ ਜੁਗਤ ਮਹਾਂਪੁਰਸ਼ਾਂ ਨੇ ਦਰਸਾਈ ਹੈ।

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥ ਅੰਗ- ੨੯੫*

ਸਾਰੇ ਦੁਖ, ਸਾਰੇ ਰੋਗ ਦੂਰ ਹੋ ਜਾਂਦੇ ਹਨ। ਆਖਰੀ ਸਮੇਂ ਜਦੋਂ ਇਥੋਂ ਜਾਣਾ ਹੈ, ਉਸ ਸਮੇਂ ਵੀ ਜੇ ਗੁਰੂ ਦਾ ਮੰਤ੍ਰ ਸਵਾਸ 'ਤੇ ਹੋਏਗਾ ਤਾਂ ਉਹ ਗੁਰੂ ਦੇ ਲੋਕ ਨੂੰ ਲੈ ਜਾਏਗਾ। ਸੋ ਆਓ, ਜੋ ਮਹਾਂਪੁਰਸ਼ਾਂ ਦੀ ਦਰਸਾਈ ਜੁਗਤ ਦੇ ਅਨੁਸਾਰ ਬਾਰ-ਬਾਰ ਦੁਹਰਾਉਣ ਦੇ ਨਾਲ ਐਨਰਜੀ ਆਉਂਦੀ ਹੈ -

*ਦੇਹੀ ਕਿਸ ਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ ॥*
*ਅੰਗ- ੧੩੭੦*

ਸਾਰਾ ਵਾਤਾਵਰਣ ਪਵਿੱਤਰ ਹੋ ਜਾਂਦਾ ਹੈ।

# ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ

*ਡਾ. ਜਗਜੀਤ ਸਿੰਘ*
*ਚੀਫ਼ ਐਡੀਟਰ, ਆਤਮ ਮਾਰਗ*

## ਕੈਸੀ ਆਰਤੀ ਹੋਇ॥ ਭਵ ਖੰਡਨਾ ਤੇਰੀ ਆਰਤੀ॥

ਅਰਥਾਤ ਹੇ ਪਰਮਾਤਮਾ! ਜੀਵਾਂ ਦਾ ਜਨਮ ਮਰਣ ਕੱਟਣ ਵਾਲੇ ਪ੍ਰਭੂ! ਵਿਸ਼ਾਲ ਕੁਦਰਤ ਵਿਚ ਤੇਰੀ ਕੈਸੀ ਅਦਭੁਤ ਆਰਤੀ ਹੋ ਰਹੀ ਹੈ। ਸਾਰਾ ਬ੍ਰਹਿਮੰਡ ਤੇਰੀ ਪੂਜਾ ਕਰ ਰਿਹਾ ਹੈ, ਸਿਫਤ ਸਾਲਾਹ ਦੇ ਗੀਤ ਗਾ ਰਿਹਾ ਹੈ, ਸਾਰੀ ਕੁਦਰਤ ਤੈਥੋਂ ਬਲਿਹਾਰ ਜਾ ਰਹੀ ਹੈ, ਬਾਹਰ ਖੁੱਲ੍ਹੇ ਆਕਾਸ਼ ਵਿਚ ਤੇਰੀ ਆਰਤੀ ਦਾ, ਤੇਰੀ ਪੂਜਾ ਦਾ ਕਿੰਨਾ ਸੁੰਦਰ ਦ੍ਰਿਸ਼ ਦ੍ਰਿਸ਼ਟਮਾਨ ਹੋ ਰਿਹਾ ਹੈ। ਅਸੀਂ ਸੀਮਤ ਦ੍ਰਿਸ਼ਟੀ ਵਾਲੇ, ਥਾਲ ਵਿਚ ਦੀਵੇ ਜਗਾ ਕੇ ਤੇਰੀ ਕੈਸੀ ਆਰਤੀ ਕਰ ਸਕਦੇ ਹਾਂ ਜਦ ਕਿ ਬਾਹਰ ਸਾਰੀ ਕੁਦਰਤ ਦਿਨ ਰਾਤ ਤੇਰੀ ਆਰਤੀ ਉਤਾਰ ਰਹੀ ਹੈ -

ਆਰਤੀ ਦਾ ਇਹ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਉਸ ਸਮੇਂ ਉਚਾਰਨ ਕੀਤਾ ਜਦੋਂ ਆਪ ਜੀ ਨੇ ਜਗਨਨਾਥ ਪੁਰੀ ਦੇ ਮੰਦਰ ਵਿਚ ਸ਼ਾਮ ਦੇ ਸਮੇਂ ਆਰਤੀ ਰੂਪ ਵਿਚ ਮੂਰਤੀਆਂ ਦੀ ਪੂਜਾ ਹੁੰਦੀ ਵੇਖੀ। ਦੇਵਤਿਆਂ ਦੇ ਸਨਮੁੱਖ ਥਾਲ ਵਿਚ ਦੀਵੇ ਜਗਾ ਕੇ, ਧੂਪ ਧੁਖਾ ਕੇ, ਫੁੱਲ ਆਦਿ ਰੱਖ ਕੇ ਦੀਵਿਆਂ ਨੂੰ ਘੁਮਾਉਂਦੇ ਹੋਏ ਇਸ਼ਟ ਦੇਵਤੇ ਦੀ ਉਸਤਤੀ ਦੇ ਗੀਤ ਪੜ੍ਹਨ ਨੂੰ ਆਰਤੀ ਕਹਿੰਦੇ ਹਨ। ਹਿੰਦੂ ਮਤ ਅਨੁਸਾਰ ਦੇਵਤੇ ਦੇ ਚਰਨਾਂ ਅੱਗੇ ਚਾਰ ਵਾਰੀ, ਨਾਭੀ ਉਤੇ ਦੋ ਵਾਰੀ, ਮੂੰਹ ਅੱਗੇ ਇਕ ਵਾਰੀ ਅਤੇ ਸਾਰੇ ਸਰੀਰ ਉਤੇ ਸੱਤ ਵਾਰੀ ਦੀਵੇ ਘੁਮਾਣੇ ਹੁੰਦੇ ਹਨ। ਦੀਵੇ ਇਕ ਤੋਂ ਲੈ ਕੇ ਇਕ ਸੌ ਤਕ ਹੋ ਸਕਦੇ ਹਨ।

ਜਗਨਨਾਥ ਦੇ ਮੰਦਰ ਵਿਚ ਐਸੀ ਸੀਮਤ ਆਰਤੀ ਵੇਖ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬਾਹਰ ਖੁੱਲ੍ਹੇ ਬ੍ਰਹਿਮੰਡ ਵਿਚ ਸਾਰਾ ਵਿਸ਼ਵ ਪ੍ਰਭੂ ਆਰਤੀ ਵਿਚ ਮਖਮੂਰ ਦ੍ਰਿਸ਼ਟਮਾਨ ਹੋਇਆ ਅਤੇ ਆਪ ਜੀ ਨੇ ਇਸ ਰਹੱਸਮਈ ਅਨੁਭਵ ਨੂੰ ਇਕ ਸਬਦ ਰਾਹੀਂ ਗਾਇਨ ਕੀਤਾ, ਜੋ ਇਸ ਪ੍ਰਕਾਰ ਹੈ-

*ਰਾਗੁ ਧਨਾਸਰੀ ਮਹਲਾ ੧*
*ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ*
*ਤਾਰਿਕਾ ਮੰਡਲ ਜਨਕ ਮੋਤੀ ॥*
*ਧੂਪੁ ਮਲਆਨਲੋ ਪਵਣੁ ਚਵਰੋ ਕਰੇ*
*ਸਗਲ ਬਨਰਾਇ ਫੂਲੰਤ ਜੋਤੀ ॥ ੧ ॥*
*ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥*
*ਅਨਹਤਾ ਸਬਦ ਵਾਜੰਤ ਭੇਰੀ ॥ ੧॥ ਰਹਾਉ ॥*
*ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ*
*ਸਹਸ ਮੂਰਤਿ ਨਨਾ ਏਕ ਤੁੋਹੀ ॥*
*ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ*
*ਸਹਸ ਤਵ ਗੰਧ ਇਵ ਚਲਤ ਮੋਹੀ ॥ ੨ ॥*
*ਸਭ ਮਹਿ ਜੋਤਿ ਜੋਤਿ ਹੈ ਸੋਇ ॥*
*ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥*
*ਗੁਰ ਸਾਖੀ ਜੋਤਿ ਪਰਗਟੁ ਹੋਇ ॥*
*ਜੋ ਤਿਸੁ ਭਾਵੈ ਸੁ ਆਰਤੀ ਹੋਇ ॥ ੩ ॥*
*ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋੁ*
*ਮੋਹਿ ਆਹੀ ਪਿਆਸਾ ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ*
*ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥ ੪ ॥ ੩ ॥*

*ਅੰਗ- ੧੩*

ਅਰਥਾਤ ਥਾਲ ਵਿਚ ਦੀਵੇ ਜਗਾਉਣ ਦਾ ਕੀ ਅਰਥ ਜਦ ਕਿ ਬਾਹਰ ਸਾਰਾ ਗਗਨ, ਸਾਰਾ ਆਕਾਸ਼ ਇਕ ਵਿਸ਼ਾਲ ਥਾਲ ਰੂਪ ਹੀ ਤਾਂ ਹੈ ਜਿਸ ਵਿਚ ਸੂਰਜ ਅਤੇ ਚੰਦਰਮਾ ਦਿਨ ਰਾਤ ਜਗਮਗ ਕਰਦੇ ਦੀਪਕ, ਬੇਅੰਤ ਰੌਸ਼ਨੀ ਦੇ ਰਹੇ ਹਨ। ਤਾਰਿਆਂ ਦੇ ਝੁਰਮੁਟ ਮਾਨੋ ਥਾਲ ਵਿਚ ਮੋਤੀ ਰਖੇ ਹੋਏ ਹਨ। ਮਲਿਆਗਰ ਪਰਬਤ ਵਲੋਂ ਆਉਣ ਵਾਲੀ ਸੁਗੰਧ ਭਰੀ ਹਵਾ ਮਾਨੋ ਧੂਪ ਧੁਖਾ ਰਹੀ ਹੈ। ਦੇਵਤਿਆਂ ਦੀ ਆਰਤੀ ਤਾਂ ਸੀਮਤ ਸਮੇਂ ਲਈ ਹੈ, ਥੋੜ੍ਹੀ ਦੇਰ ਚੌਰ ਝੁਲਾਇਆ ਜਾਂਦਾ ਹੈ ਪਰ ਵਿਸ਼ਵ ਆਰਤੀ ਵਿਚ ਚਲਦੀ ਪਉਣ ਹਰ ਸਮੇਂ ਚੌਰ ਝੁਲਾ ਰਹੀ ਹੈ। ਮੰਦਰ ਵਿਚ ਆਰਤੀ ਸਮੇਂ ਕੁਝ ਗਿਣਤੀ ਦੇ ਫੁੱਲ ਭੇਟ ਕੀਤੇ ਜਾਂਦੇ ਹਨ ਪਰ ਜੋਤਿ ਰੂਪ ਪ੍ਰਭੂ ਆਰਤੀ ਵਿਚ ਖਿੜੀ ਹੋਈ ਸਾਰੀ ਬਨਸਪਤੀ ਫੁੱਲ ਭੇਟ ਕਰ ਰਹੀ ਹੈ। ਇਸ ਅਦਭੁੱਤ ਨਜ਼ਾਰੇ ਨੂੰ ਵੇਖ ਕੇ ਹੀ ਹੈਰਾਨੀ ਪ੍ਰਗਟ ਕੀਤੀ ਹੈ -

*ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥*

*ਅੰਗ- ੧੩*

ਵਿਪਰੀਤ ਮੰਦਰ ਦੀ ਆਰਤੀ ਦੇ, ਜਿਥੇ ਆਰਤੀ ਸਮੇਂ ਕੁਝ ਘੰਟੀਆਂ ਵਜਾਈਆਂ ਜਾਂਦੀਆਂ ਹਨ,

ਭਵਖੰਡਨ ਦੀ ਸਦੀਵ ਕਾਲ ਹੋ ਰਹੀ ਆਰਤੀ ਵਿਚ ਬਿਨ ਵਜਾਏ ਵੱਜ ਰਹੇ ਅਨਹਦ ਨਾਦ ਦੇ ਮਾਨੋ ਨਗਾਰੇ ਸਦਾ ਹੀ ਵੱਜਦੇ ਰਹਿੰਦੇ ਹਨ, ਸਦਾ ਹੀ ਵਿਸਮਾਦੀ ਨਾਦ ਹੁੰਦਾ ਰਹਿੰਦਾ ਹੈ। ਮੰਦਰ ਵਿਚ ਹੁੰਦੀ ਆਰਤੀ ਸਮੇਂ ਦੇਵਤੇ ਦੇ ਹਥ, ਪੈਰ, ਅੱਖਾਂ, ਮੂੰਹ ਸਰੀਰ ਸਭ ਦੀ ਆਰਤੀ ਉਤਾਰੀ ਜਾਂਦੀ ਹੈ, ਪਰ ਪ੍ਰਭੂ ਦੇ ਲੱਖਾਂ ਕ੍ਰੋੜਾਂ ਸਰੀਰ ਹਨ, ਸਾਰੇ ਸਰੀਰ ਉਸ ਦੇ ਹੀ ਹਨ ਪਰ ਕਿਸੇ ਇਕ ਸਰੀਰ, ਇਕ ਮੂਰਤੀ ਵਿਚ ਉਸ ਨੂੰ ਸਥਾਪਤ ਨਹੀਂ ਕੀਤਾ ਜਾ ਸਕਦਾ -

*ਥਾਪਿਆ ਨ ਜਾਇ ਕੀਤਾ ਨ ਹੋਇ ॥*
*ਆਪੇ ਆਪਿ ਨਿਰੰਜਨੁ ਸੋਇ ॥* ਅੰਗ- ੨

ਇਸ ਤਰ੍ਹਾਂ ਸਭਨੀਂ ਥਾਂਈ ਅਤੇ ਸਭਨਾਂ ਜੀਆਂ ਵਿਚ ਵਿਆਪਕ ਹੋਣ ਕਾਰਨ ਹਜ਼ਾਰਾਂ ਲੱਖਾਂ ਜੀਵਾਂ ਦੇ ਨੈਣ ਤੇਰੇ ਹੀ ਨੈਣ ਨੇ ਪਰ ਕਿਸੇ ਇਕ ਵਿਅਕਤੀ ਵਿਸ਼ੇਸ਼ ਦੀ ਅੱਖ ਤੇਰੀ ਅੱਖ ਨਹੀਂ ਹੋ ਸਕਦੀ, ਇੰਝ ਹਜ਼ਾਰਾਂ ਹੀ ਤੇਰੇ ਰੂਪ ਹਨ ਪਰ ਕੋਈ ਇਕ ਵਿਸ਼ੇਸ਼ ਸ਼ਕਲ ਤੇਰੀ ਨਹੀਂ ਹੈ, ਹਜ਼ਾਰਾਂ ਤੇਰੇ ਸੁਹਣੇ ਪੈਰ ਹਨ, ਹਜ਼ਾਰਾਂ ਤੇਰੇ ਨੱਕ ਹਨ ਪਰ ਕਿਸੇ ਇਕ ਵਿਸ਼ੇਸ਼ ਨੂੰ ਤੇਰਾ ਨਹੀਂ ਕਿਹਾ ਜਾ ਸਕਦਾ। ਤੇਰੇ ਐਸੇ ਅਨੇਕ ਕੌਤਕਾਂ ਨੇ ਮੈਨੂੰ ਹੈਰਾਨ ਕੀਤਾ ਹੋਇਆ ਹੈ। ਸਾਰੇ ਜੀਆਂ ਵਿਚ ਤੇਰੀ ਇਕੋ ਜੋਤਿ ਹੈ, ਉਸ ਜੋਤਿ ਦੇ ਪ੍ਰਕਾਸ਼ ਨਾਲ ਸਾਰਿਆਂ ਵਿਚ ਚਾਨਣ ਹੈ, ਸੂਝ-ਬੂਝ ਹੈ, ਗਿਆਨ ਤੇ ਚੇਤਨਤਾ ਹੈ। ਇਹ ਚਾਨਣ ਗੁਰੂ ਦੀ ਸਿਖਿਆ ਰਾਹੀਂ ਪ੍ਰਕਾਸ਼ਮਾਨ ਹੁੰਦਾ ਹੈ। ਐਸੇ ਸਰਬ ਵਿਆਪਕ ਅਦਭੁੱਤ ਭਵ ਖੰਡਨ ਦੀ ਆਰਤੀ ਕਿਵੇਂ ਕੀਤੀ ਜਾਵੇ? ਗੁਰੂ ਜੀ ਦਾ ਅਨੁਭਵ ਹੈ -

*ਜੋ ਤਿਸੁ ਭਾਵੈ ਸੁ ਆਰਤੀ ਹੋਇ ॥* ਅੰਗ- ੧੩

ਪ੍ਰਭੂ ਦੇ ਹੁਕਮ ਵਿਚ ਕਿਰਿਆਸ਼ੀਲ ਹੋਣਾ ਹੀ ਮਨੁੱਖ ਦਾ ਕਰਤੱਵ ਹੈ। ਸਾਰਾ ਬ੍ਰਹਿਮੰਡ ਉਸ ਦੇ ਹੁਕਮ ਵਿਚ ਕਿਰਿਆਸ਼ੀਲ ਹੈ। ਹੁਕਮ ਨੂੰ ਬੁਝਣਾ ਹੀ ਉਸ ਦੀ ਆਰਤੀ ਹੈ, ਪੂਜਾ ਹੈ, ਸਿਫਤਿ ਸਾਲਾਹ ਹੈ। ਐਸਾ ਪ੍ਰਸ਼ਨ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਜਪੁਜੀ ਸਾਹਿਬ ਦਾ ਮੂਲ ਪ੍ਰਸ਼ਨ ਹੈ -

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥*
ਅੰਗ- ੧

ਕੂੜ ਦੀ ਦੀਵਾਰ ਤੋੜ ਕੇ ਸਚਿਆਰ ਬਣਨਾ ਹੀ ਸਮਾਧਾਨ ਹੈ।

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥*
ਅੰਗ - ੧

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਕਰਮ ਕਾਂਡੀ ਸੀਮਤ ਦ੍ਰਿਸ਼ਟੀ ਤੋਂ ਮੁਕਤ ਕਰ ਕੇ ਬ੍ਰਹਿਮੰਡੀ ਵਿਸ਼ਾਲ ਦ੍ਰਿਸ਼ਟੀ ਬਖਸ਼ਿਸ਼ ਕੀਤੀ ਹੈ। ਪ੍ਰਭੂ ਬੇਅੰਤ ਹੈ, ਸਾਰੀ ਰਚਨਾ ਵਿਚ ਵਿਦਮਾਨ ਹੈ। ਗੁਰੂ ਜੀ ਉਸ ਦੇ ਕੌਤਕ ਦੇਖ ਕੇ ਬਲਿਹਾਰ ਜਾਂਦੇ ਹਨ-

*ਬਲਿਹਾਰੀ ਕੁਦਰਤਿ ਵਸਿਆ ॥*
*ਤੇਰਾ ਅੰਤੁ ਨ ਜਾਈ ਲਖਿਆ ॥ ੧ ॥ ਰਹਾਉ ॥*
*ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ*
*ਅਕਲ ਕਲਾ ਭਰਪੂਰਿ ਰਹਿਆ ॥* ਅੰਗ-੪੬੯

'ਸੋ ਦਰੁ' ਦੀ ਰਚਨਾ ਵਿਚ ਗੁਰੂ ਜੀ ਵਿਸ਼ਵ ਦੀਆਂ ਸਾਰੀਆਂ ਕਿਰਤਾਂ ਨੂੰ ਪ੍ਰਭੂ ਉਸਤਤੀ ਦੀਆਂ ਸੰਗੀਤ-ਮਈ ਧੁਨੀਆਂ ਵਿਚ ਮਸਤ ਵੇਖਦੇ ਹਨ ਤੇ ਕਹਿੰਦੇ ਹਨ ਕਿ ਉਸ ਪ੍ਰਭੂ ਦਾ ਉਹ ਦਰ ਘਰ ਕਿੰਨਾ ਹੀ ਅਸਚਰਜ ਹੈ ਜਿਥੇ ਬਹਿ ਕੇ ਉਹ ਸਾਰਿਆਂ ਜੀਵਾਂ ਦੀ ਸੰਭਾਲ ਕਰ ਰਿਹਾ ਹੈ। ਉਸ ਦੀ ਰਚੀ ਹੋਈ ਕੁਦਰਤ ਵਿਚ ਅਨੇਕਾਂ ਤੇ ਅਣਗਿਣਤ ਵਾਜੇ ਰਾਗ ਤੇ ਧੁਨੀਆਂ ਦਾ ਇਕ ਰਸ ਸੰਗੀਤ ਹੋ ਰਿਹਾ ਹੈ, ਪਉਣ ਪਾਣੀ, ਅਗਨੀ ਤੇਰੇ ਗੁਣ ਗਾਇਨ ਕਰ ਰਹੇ ਹਨ। ਦੇਵੀਆਂ, ਦੇਵਤੇ, ਸ਼ਿਵ, ਬ੍ਰਹਮਾ, ਇੰਦਰ, ਸਿਧ ਅਤੇ ਨਾਥ, ਜਤੀ-ਸਤੀ, ਸੂਰਮੇ, ਪੰਡਿਤ ਤੇ ਮਹਾਂ ਰਿਸ਼ੀ, ਮਾਤ ਲੋਕ ਤੇ ਪਾਤਾਲ ਲੋਕ ਦੇ ਵਾਸੀ, ਅਠਾਹਠ ਤੀਰਥ, ਸ੍ਰਿਸ਼ਟੀ ਦੇ ਸਾਰੇ ਖੰਡ ਤੈਨੂੰ ਗਾ ਰਹੇ ਹਨ, ਇਹ ਬ੍ਰਹਿਮੰਡੀ ਗੁਣ ਗਾਇਨ ਕਿੰਨਾ ਅਸੀਮ, ਅਦਭੁਤ, ਵਿਸਮਾਦ ਜਨਕ ਹੈ ਅਤੇ ਇਸ ਤੋਂ ਵੱਧ ਵਿਸਮਾਦ ਜਨਕ ਉਹ ਦਰ ਹੈ ਜਿਥੇ ਬੈਠ ਕੇ ਪ੍ਰਭੂ ਐਸੇ ਅਦਭੁਤ ਸੰਗੀਤ-ਮਈ ਬ੍ਰਹਿਮੰਡ ਦੀ ਸੰਭਾਲ ਕਰ ਰਿਹਾ ਹੈ। ਐਸਾ ਦ੍ਰਿਸ਼ 'ਸੋ ਦਰ' ਵਿਚ ਦ੍ਰਿਸ਼ਟਮਾਨ ਹੋ ਰਿਹਾ ਹੈ -

*ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥*
*ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥*
*ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥*
*ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ*
*ਗਾਵੈ ਰਾਜਾ ਧਰਮੁ ਦੁਆਰੇ ॥*
*ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ*
*ਲਿਖਿ ਲਿਖਿ ਧਰਮੁ ਵੀਚਾਰੇ ॥* ਅੰਗ - ੬

ਪ੍ਰਮਾਤਮਾ ਦੀ ਅਸਚਰਜ ਕੁਦਰਤ ਨੂੰ ਵੇਖ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਵਿਸਮਾਦ ਵਿਚ ਆ ਜਾਂਦੇ ਹਨ। ਉਸ ਦੀ ਬੇਅੰਤ ਕੁਦਰਤ ਵਿਚ ਅਨੇਕ ਪ੍ਰਕਾਰ ਦਾ ਨਾਦ, ਸੰਗੀਤ, ਅਨੇਕ ਰੂਪ ਰੰਗਾਂ ਦੇ ਜੀਵ, ਨੰਗੇ ਫਿਰਦੇ ਪਸ਼ੂ, ਪਰਿੰਦੇ, ਪਉਣ, ਪਾਣੀ ਅਤੇ

ਅਗਨੀ ਦੀਆਂ ਅਦਭੁੱਤ ਖੇਡਾਂ, ਧਰਤੀ ਅਤੇ ਜੀਵਾਂ ਦੀਆਂ ਅਨੇਕ ਖਾਣੀਆਂ ਤੋਂ ਉਤਪਤੀ, ਅਨੇਕ ਪ੍ਰਕਾਰ ਦੇ ਪਦਾਰਥ ਅਤੇ ਸੁਆਦ, ਇਹ ਸਾਰਾ ਅਸਚਰਜ ਕੌਤਕ ਵੇਖ ਕੇ ਅੰਦਰ ਝਰਨਾਹਟ ਛਿੜ ਜਾਂਦੀ ਹੈ, ਅਨੁਭਵੀ ਮਨੁੱਖ ਵਿਸਮਾਦ ਵਿਚ ਚਲਾ ਜਾਂਦਾ ਹੈ -

***ਵਿਸਮਾਦੁ ਨਾਦ ਵਿਸਮਾਦੁ ਵੇਦ ॥ ਵਿਸਮਾਦੁ ਜੀਅ ਵਿਸਮਾਦੁ ਭੇਦ ॥ ਵਿਸਮਾਦੁ ਰੂਪ ਵਿਸਮਾਦੁ ਰੰਗ ॥ ਵਿਸਮਾਦੁ ਨਾਗੇ ਫਿਰਹਿ ਜੰਤ ॥ ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥ ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥ ਵਿਸਮਾਦੁ ਸਾਦਿ ਲਗਹਿ ਪਰਾਣੀ ॥ ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥ ਵਿਸਮਾਦੁ ਭੁਖ ਵਿਸਮਾਦੁ ਭੋਗੁ ॥ ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥ ਵਿਸਮਾਦੁ ਉਝੜ ਵਿਸਮਾਦੁ ਰਾਹ ॥ ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥ ਵਿਸਮਾਦੁ ਦੇਖੈ ਹਾਜਰਾ ਹਜੂਰਿ ॥ ਵੇਖਿ ਵਿਡਾਣੁ ਰਹਿਆ ਵਿਸਮਾਦੁ ॥ ਨਾਨਕ ਬੁਝਣੁ ਪੂਰੈ ਭਾਗਿ ॥ ਅੰਗ- ੪੬੪***

ਰਚਨਾ ਵਿਚ ਵਿਆਪਕ ਐਸੇ ਵਿਸਮਾਦ ਨੂੰ ਅਤੇ ਬ੍ਰਹਿਮੰਡ ਵਿਚ ਹੋ ਰਹੀ ਨਿਰੰਤਰ ਆਰਤੀ ਨੂੰ ਵੇਖ ਕੇ ਹੀ ਆਪ ਜੀ ਨੇ ਉਚਾਰਨ ਕੀਤਾ -

***ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥*** ***ਅੰਗ - ੧੩***

---

*(ਪੰਨਾ 13 ਦੀ ਬਾਕੀ)*

ਜੀ! ਅਸੀਂ ਭੁਲੇ ਹੋਏ ਜੀਵ ਹਾਂ, ਤੁਸੀਂ ਸਾਡੇ ਉਤੇ ਕ੍ਰਿਪਾ ਕਰਕੇ ਸਾਨੂੰ ਪੂਰਨ ਤੱਤ ਬੇਤੇ ਸਮਰੱਥ ਗੁਰੂ ਦਾ ਮਿਲਾਪ ਬਖਸ਼ੋ, ਆਪਣੇ ਪਿਆਰਿਆਂ ਦੇ ਦਰਸ਼ਨ ਬਖਸ਼ੋ, ਅਸੀਂ ਮਾਇਕ ਸੋਝੀ ਦੀ ਥਾਂ ਆਪ ਦੇ ਨਾਮ ਵਿਚ ਲੀਨ ਹੋ ਜਾਈਏ ਅਤੇ ਅਸਾਡਾ ਜੋ ਮੁਖ ਮੰਤਵ ਪ੍ਰਭੂ ਪ੍ਰਾਪਤੀ ਦਾ ਹੈ ਉਹ ਪੂਰਾ ਹੋ ਜਾਵੇ -

***ਜਿਨਿ ਜਿਨਿ ਨਾਮੁ ਧਿਆਇਆ***
***ਤਿਨ ਕੇ ਕਾਜ ਸਰੇ॥***
***ਹਰਿ ਗੁਰੁ ਪੂਰਾ ਆਰਾਧਿਆ***
***ਦਰਗਹ ਸਚਿ ਖਰੇ॥***
***ਸਰਬ ਸੁਖਾ ਨਿਧਿ ਚਰਣ ਹਰਿ***
***ਭਉਜਲੁ ਬਿਖਮੁ ਤਰੇ॥***
***ਪ੍ਰੇਮ ਭਗਤਿ ਤਿਨ ਪਾਈਆ***
***ਬਿਖਿਆ ਨਾਹਿ ਜਰੇ॥***
***ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ॥***
***ਪਾਰਬ੍ਰਹਮੁ ਪ੍ਰਭੁ ਸੇਵਦੇ***
***ਮਨ ਅੰਦਰਿ ਏਕੁ ਧਰੇ॥***
***ਮਾਹ ਦਿਵਸ ਮੂਰਤ ਭਲੇ***
***ਜਿਸ ਕਉ ਨਦਰਿ ਕਰੇ॥***
***ਨਾਨਕੁ ਮੰਗੈ ਦਰਸ ਦਾਨੁ***
***ਕਿਰਪਾ ਕਰਹੁ ਹਰੇ॥*** ***ਅੰਗ - ੧੩੬***

ਸਮੁੱਚੇ ਬਾਰਾਂਮਾਹ ਵਿਚ ਆਈ ਗੁਰਬਾਣੀ ਇਸ ਕਿਰਤ ਕਰਮ ਕਰਕੇ ਵਿਛੜੇ ਜੀਵ ਨੂੰ ਜੋ ਕ੍ਰੋੜਾਂ ਸਾਲਾਂ ਤੋਂ ਚਉਰਾਸੀ ਦੇ ਚੱਕਰ ਖਾਂਦਾ ਅਤਿ ਦੁਖੀ ਹੋ ਰਿਹਾ ਸੀ, ਨੂੰ ਪ੍ਰਭੂ ਮਿਲਾਪ ਦੀ ਲਗਨ ਲਾਉਂਦਾ ਹੈ। ਚੇਤ ਦੇ ਮਹੀਨੇ ਰਾਹੀਂ ਪ੍ਰਗਟ ਹੁੰਦਾ ਹੈ ਕਿ ਗੋਬਿੰਦ ਦੇ ਅਰਾਧਣ ਨਾਲ ਘਣਾ ਅਨੰਦ ਮਿਲਦਾ ਹੈ। ਇਹ ਅਨੰਦ ਸੰਤਾਂ ਨੂੰ ਮਿਲ ਕੇ ਪ੍ਰਾਪਤ ਹੁੰਦਾ ਹੈ। ਸੰਸਾਰ ਵਿਚ ਆਏ ਉਹ ਸਫਲ ਹਨ ਜਿਹੜੇ ਪ੍ਰਭੂ ਨੂੰ ਪ੍ਰਾਪਤ ਕਰ ਲੈਂਦੇ ਹਨ। ਪ੍ਰਭੂ ਮਿਲਾਪ ਤੋਂ ਬਿਨਾਂ ਮਾਨਸ ਜਨਮ ਬਿਰਥਾ ਹੈ। ਉਹ ਪ੍ਰਭੂ ਜਲਾਂ-ਥਲਾਂ, ਪਰਬਤਾਂ, ਵਣਾਂ ਵਿਚ ਇਕ ਰਸ ਪ੍ਰੀਪੂਰਨ ਹੈ। ਕਿੰਨਾਂ ਦੁਖ ਹੈ ਜੇ ਉਸ ਪ੍ਰਭੂ ਨੂੰ ਨਹੀਂ ਮਿਲਦੇ। ਭਾਗਾਂ ਵਾਲੇ ਹਨ ਜਿਨ੍ਹਾਂ ਨੇ ਪ੍ਰਭੂ ਪ੍ਰਾਪਤੀ ਕਰ ਲਈ ਹੈ। ਇਹ ਜਾਣ ਕੇ ਜੀਵ ਅੰਦਰ ਲੋਚਾ ਪੈਦਾ ਹੁੰਦੀ ਹੈ ਕਿ ਮੈਨੂੰ ਭੀ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋ ਜਾਵੇ। ਇਸੇ ਤਰ੍ਹਾਂ ਹਰ ਮਹੀਨੇ ਵਿਚ ਜਾਚ ਦਸਦੇ, ਸੰਤ ਮਹਿਮਾਂ, ਨਾਮ ਮਹਿਮਾਂ ਦਸਦੇ ਫਲਗੁਣ ਦੇ ਮਹੀਨੇ ਪ੍ਰਭੂ ਨੂੰ ਪ੍ਰਾਪਤ ਕਰਨ ਦੀ ਮਹੱਤਤਾ ਦੱਸੀ ਗਈ ਹੈ।

# ਬਾਬਾ ਦੀਪ ਸਿੰਘ ਜੀ

*ਗਿਆਨੀ ਭਜਨ ਸਿੰਘ*

ਗੁਰਦਵਾਰਿਆਂ ਦੀ ਆਜ਼ਾਦੀ ਤੇ ਪਵਿੱਤਰਤਾ ਲਈ ਅਨੇਕਾਂ ਸਿੰਘਾਂ ਨੇ ਆਪਣੇ ਜੀਵਨ ਲੇਖੇ ਲਾਏ ਹਨ ਤੇ ਅਮਰ ਪਦਵੀ ਪਾ ਗਏ ਹਨ। ਇਹਨਾਂ ਸ਼ਹੀਦਾਂ ਵਿਚੋਂ ਬਾਬਾ ਦੀਪ ਸਿੰਘ ਜੀ ਉਹ ਮਹਾਨ ਸ਼ਹੀਦ ਹਨ ਜਿਨ੍ਹਾਂ 80 ਸਾਲ ਦੀ ਬਿਰਧ ਆਯੂ ਵਿਚ ਅਜਿਹੀ ਤਲਵਾਰ ਚਲਾਈ, ਸ੍ਰੀ ਦਰਬਾਰ ਸਾਹਿਬ ਤਕ ਅਪੜਨ ਦਾ ਪ੍ਰਣ ਅਨੋਖੇ ਢੰਗ ਨਾਲ ਪੂਰਾ ਕਰ ਕੇ ਦਿਖਾਇਆ ਤੇ ਇਤਿਹਾਸ ਵਿਚ ਇਕ ਅਜਿਹੇ ਕਾਂਡ ਦਾ ਵਾਧਾ ਕੀਤਾ ਜਿਸ ਵਰਗੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਹੋਰ ਕਿਧਰੇ ਨਹੀਂ ਮਿਲਦੀ।

ਅਹਿਮਦ ਸ਼ਾਹ ਅਬਦਾਲੀ ਨੇ ਕਈ ਵਾਰ ਭਾਰਤ ਤੇ ਹਮਲਾ ਕੀਤਾ ਤੇ ਹਰ ਵਾਰ ਉਹਦਾ ਰਾਹ ਰੋਕਣ ਵਾਲੇ, ਉਹਦੀ ਫੌਜ ਨੂੰ ਨੁਕਸਾਨ ਪਹੁੰਚਾਉਣ ਵਾਲੇ ਤੇ ਉਹਦੇ ਨਿਯਤ ਕੀਤੇ ਹਾਕਮਾਂ ਦੀ ਅਥਾਰਟੀ ਨੂੰ ਚੈਲੰਜ ਕਰਨ ਵਾਲੇ ਸਿੱਖਾਂ ਤੋਂ ਉਹ ਬਹੁਤ ਦੁਖੀ ਸੀ। ਪੰਜਾਬ ਵਿਚ ਥਾਂ-ਥਾਂ ਸਿੱਖਾਂ ਦੇ ਜਥੇ (ਮਿਸਲਾਂ) ਛਾ ਗਏ ਸਨ ਤੇ ਉਨ੍ਹਾਂ ਨੇ ਅਮਲੀ ਤੌਰ ਤੇ ਇਥੋਂ ਦੀ ਹਕੂਮਤ ਨੂੰ ਨਕਾਰਾ ਕਰ ਦਿਤਾ ਸੀ। ਰਾਖੀ ਸਿਸਟਮ ਚਾਲੂ ਕਰ ਕੇ ਸਿੱਖਾਂ ਨੇ ਲੋਕਾਂ ਨੂੰ ਸਰਕਾਰ ਦੀ ਥਾਂ ਆਪਣੀ ਅਗਵਾਈ ਵਿਚ ਆਉਣ ਲਈ ਰਾਹ ਬਣਾ ਦਿਤਾ।

ਅਹਿਮਦ ਸ਼ਾਹ ਅਬਦਾਲੀ ਨੇ ਇਹ ਹਾਲਤ ਦੇਖ ਕੇ ਕਰੜੇ ਤੇ ਜ਼ਾਲਮ ਇਨਸਾਨ ਜਹਾਨ ਖਾਨ ਨੂੰ ਲਾਹੌਰ ਦਾ ਗਵਰਨਰ ਨਿਯਤ ਕੀਤਾ ਤੇ ਉਸ ਨੂੰ ਇਸ ਗੱਲ ਦੀ ਪੱਕੀ ਕੀਤੀ ਕਿ ਉਹ ਸਿੱਖਾਂ ਦੀ ਹਸਤੀ ਦੇ ਨਾਮ ਨਿਸ਼ਾਨ ਖਤਮ ਕਰਨ ਲਈ ਆਪਣੀ ਪੂਰੀ ਵਾਹ ਲਾ ਦੇਵੇ। ਜਹਾਨ ਖ਼ਾਨ ਨੇ ਵੀ ਅਜਿਹੇ ਫੌਜੀ ਦਸਤੇ ਪਿੰਡਾਂ ਵਿਚ ਭੇਜ ਦਿਤੇ ਜਿਨ੍ਹਾਂ ਘਰ-ਘਰ ਪੁੱਛ ਪੜਤਾਲ ਕਰ ਕੇ ਸਿੱਖਾਂ ਨੂੰ ਖਤਮ ਕਰਨ ਦੇ ਪ੍ਰੋਗਰਾਮ ਤੇ ਅਮਲ ਸ਼ੁਰੂ ਕਰ ਦਿਤਾ। ਇਸ ਹਤਿਆਰੇ ਕਦਮ ਨਾਲ ਪਿੰਡਾਂ ਵਿਚ ਸਿੱਖ ਨਜ਼ਰ ਆਉਣੇ ਬੰਦ ਹੋ ਗਏ ਤੇ ਸਭ ਦੂਰ ਦੁਰਾਡੇ ਜੰਗਲਾਂ ਵਿਚ ਚਲੇ ਗਏ।

ਜਹਾਨ ਖਾਨ ਨੂੰ ਕਿਸੇ ਨੇ ਦਸਿਆ ਕਿ ਜਦ ਤਕ ਅੰਮ੍ਰਿਤਸਰ ਵਿਚ ਸਿੱਖਾਂ ਦਾ ਸਰੋਵਰ ਤੇ ਦਰਬਾਰ ਸਾਹਿਬ ਕਾਇਮ ਹੈ, ਇਹ ਖਤਮ ਨਹੀਂ ਹੋ ਸਕਦੇ। ਕਿਤਨੀ ਵੀ ਸਖਤੀ ਕਰ ਲਈਏ, ਇਹ ਦਿਲ ਨਹੀਂ ਹਾਰਨਗੇ। ਇਥੇ ਸਰੋਵਰ ਵਿਚ ਇਸ਼ਨਾਨ ਕਰ ਕੇ ਦਰਬਾਰ ਸਾਹਿਬ ਮੱਥਾ ਟੇਕ ਕੇ ਇਨ੍ਹਾਂ ਨੂੰ ਨਵਾਂ ਜੀਵਨ, ਨਵਾਂ ਉਤਸ਼ਾਹ ਤੇ ਨਵਾਂ ਜੋਸ਼ ਮਿਲ ਜਾਂਦਾ ਹੈ, ਇਸ ਲਈ ਇਹ ਜੀਵਨ-ਸੋਮਾ ਖਤਮ ਕੀਤਾ ਜਾਏ। ਜਹਾਨ ਖਾਨ ਨੇ ਅੰਮ੍ਰਿਤਸਰ ਨੂੰ ਆਪਣਾ ਹੈੱਡ ਕੁਆਰਟਰ ਬਣਾ ਲਿਆ ਤੇ ਸਿੱਖਾਂ ਦੇ ਜਜ਼ਬਾਤ ਕੁਚਲਣ ਲਈ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਢਾਹ ਦਿਤਾ ਤੇ ਪਵਿੱਤਰ ਸਰੋਵਰ ਨੂੰ ਪੂਰ ਦਿਤਾ। ਇਹ ਗੱਲ 1760 ਈਸਵੀ ਦੀ ਹੈ।

ਜਹਾਨ ਖਾਨ ਦੀ ਇਸ ਕਾਰਵਾਈ ਦੀ ਖਬਰ ਸਿੱਖਾਂ ਨੂੰ ਦੂਰ-ਦੁਰਾਡੇ ਜੰਗਲਾਂ ਵਿਚ ਵੀ ਜਾ ਪਹੁੰਚੀ ਤੇ ਸਾਰੀ ਸਿੱਖ ਕੌਮ ਵਿਚ ਗ਼ਮ ਤੇ ਗੁੱਸੇ ਦੀ ਲਹਿਰ ਫੈਲ ਗਈ। ਇਹਨਾਂ ਦਿਨਾਂ ਵਿਚ ਬਾਬਾ ਦੀਪ ਸਿੰਘ ਜੀ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ (ਬਠਿੰਡਾ) ਵਿਚ ਰਹਿੰਦੇ ਹੁੰਦੇ ਸਨ। ਬਾਬਾ ਦੀਪ ਸਿੰਘ ਜੀ ਦੀ ਜਮਪਲ ਇਸ ਥਾਂ ਦੀ ਨਹੀਂ ਸੀ। ਆਪ ਜ਼ਿਲਾ ਅੰਮ੍ਰਿਤਸਰ ਦੇ ਪਿੰਡ ਪਾਹੁਵਿੰਡ ਦੇ ਰਹਿਣ ਵਾਲੇ ਸਨ ਤੇ ਜਦ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਬਖਸ਼ਿਆ ਤਾਂ ਉਸ ਸਮੇਂ ਬਾਬਾ ਦੀਪ ਸਿੰਘ ਜੀ ਨੇ ਵੀ ਆਪਣੀ ਭਰ ਜਵਾਨੀ ਦੇ ਦਿਨਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਹੱਥਾਂ ਤੋਂ ਹੀ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। ਆਪਣੇ ਸਮੇਂ ਦੇ ਉੱਘੇ ਵਿਦਵਾਨ ਸਨ। ਭਾਈ ਮਨੀ ਸਿੰਘ ਜੀ ਨਾਲ ਮਿਲ ਕੇ ਦਸਮ ਪਾਤਸ਼ਾਹ ਦੇ ਹੁਕਮ ਅਨੁਸਾਰ ਲਿਖਾਈ ਦਾ ਕੰਮ ਕਰਦੇ ਰਹੇ।

ਜਦ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਬੀੜ ਦੀ ਤਿਆਰੀ ਦਾ ਕੰਮ ਮੁੜ ਕੇ ਆਰੰਭਿਆ ਤਾਂ ਉਸ ਸਮੇਂ ਨਾਲ ਸੇਵਾ ਕਰਨ ਦਾ ਬਾਬਾ ਦੀਪ ਸਿੰਘ ਜੀ ਨੂੰ ਵੀ ਮੌਕਾ ਮਿਲਿਆ। ਸੁੰਦਰ ਲਿਖਾਈ ਤੇ ਵਿਦਵਤਾ ਕਰਕੇ ਆਪ ਦੀਆਂ ਲਿਖੀਆਂ ਬੀੜਾਂ ਦਾ ਪ੍ਰਕਾਸ਼ ਉਸ ਸਮੇਂ ਚਾਰੇ ਤਖ਼ਤ ਸਾਹਿਬ ਤੇ ਕੀਤਾ ਗਿਆ। ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੱਖਣ ਵਲ ਗਏ ਤਾਂ ਬਾਬਾ ਦੀਪ ਸਿੰਘ ਜੀ ਨੂੰ ਗੁਰੂ ਕੀ ਕਾਂਸ਼ੀ ਦਮਦਮਾ

ਸਾਹਿਬ ਦੀ ਸੇਵਾ ਦਾ ਕੰਮ ਸੌਂਪ ਗਏ ਤੇ ਉਸ ਸਮੇਂ ਤੋਂ ਲੈ ਕੇ 1760 ਤਕ ਬਾਬਾ ਦੀਪ ਸਿੰਘ ਜੀ ਇਸੇ ਥਾਂ ਠਹਿਰੇ ਤੇ ਸਿੱਖੀ ਦਾ ਪ੍ਰਚਾਰ ਤੇ ਗੁਰਮਤਿ ਦੀ ਵਿਆਖਿਆ ਕਰ ਕੇ ਇਸ ਸਿੱਖ ਕੇਂਦਰ ਦਮਦਮਾ ਸਾਹਿਬ ਨੂੰ ਚਲਾਂਦੇ ਰਹੇ। ਕਿਹਾ ਜਾਂਦਾ ਹੈ ਕਿ ਭਾਈ ਮਨੀ ਸਿੰਘ ਦੀ ਸ਼ਹਾਦਤ ਪਿਛੋਂ ਬਾਬਾ ਦੀਪ ਸਿੰਘ ਜੀ ਹੀ ਵੱਡੇ ਸਿੱਖ ਵਿਦਵਾਨ ਸਨ।

ਜਦ ਸ੍ਰੀ ਦਰਬਾਰ ਸਾਹਿਬ ਦੇ ਹੋਏ ਅਪਮਾਨ ਦੀ ਖ਼ਬਰ ਆਪ ਨੂੰ ਪਹੁੰਚੀ ਤਾਂ ਦਿਲ ਤੇ ਅਕਹਿ ਸੱਟ ਵੱਜੀ। ਅੰਦਰੋਂ ਦਿਲ ਨੇ ਟੁੰਬਿਆ ਤੇ ਉਸੇ ਵੇਲੇ ਆਪ ਨੇ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਫੈਸਲਾ ਕਰ ਲਿਆ ਤੇ ਆਸ ਪਾਸ ਦੇ ਸਿੱਖ ਟਿਕਾਣਿਆਂ ਤੇ ਇਤਲਾਹ ਭੇਜ ਦਿਤੀ। ਆਪ ਦੀ ਸ਼ਖ਼ਸ਼ੀਅਤ ਦਾ ਬੜਾ ਸਤਿਕਾਰ ਤੇ ਪ੍ਰਭਾਵ ਸੀ, ਇਸ ਲਈ ਝਟਪਟ ਹੀ ਸਿੰਘ ਆਪ ਦੀ ਅਗਵਾਈ ਹੇਠ ਇਕੱਠੇ ਹੋਣੇ ਸ਼ੁਰੂ ਹੋ ਗਏ ਤੇ ਮਾਲਵੇ ਵਿਚੋਂ ਕੂਚ ਕਰਦਿਆਂ-ਕਰਦਿਆਂ, ਖ਼ਾਲਸਾ ਦਲ ਦੀ ਗਿਣਤੀ ਪੰਜ ਹਜ਼ਾਰ ਤੋਂ ਵਧ ਗਈ।

ਦਰਿਆ ਪਾਰ ਕਰਕੇ ਸਿੰਘ ਮਾਝੇ ਵਿਚ ਦਾਖ਼ਲ ਹੋ ਗਏ ਤੇ ਇਥੇ ਮਝੈਲ ਸਿੰਘ ਵੀ ਉਹਨਾਂ ਨਾਲ ਮਿਲ ਗਏ। ਸਿੱਧੇ ਤਰਨ ਤਾਰਨ ਪਹੁੰਚੇ ਤੇ ਇਥੇ ਗੁਰਦਵਾਰੇ ਦੇ ਦਰਸ਼ਨ ਕਰਕੇ ਅਰਦਾਸਾ ਕੀਤਾ। ਸੁੰਦਰ ਪੁਸ਼ਾਕਾਂ ਪਾ ਕੇ ਸ਼ਹੀਦੀ ਗਾਨੇ ਬੰਨ੍ਹ ਲਏ ਅਤੇ ਬਾਬਾ ਦੀਪ ਸਿੰਘ ਨੇ ਇਕ ਲਕੀਰ ਖਿੱਚੀ ਕਿ ਜੋ ਸ਼ਹੀਦੀ ਪਾਣ ਲਈ ਤਿਆਰ ਏ ਉਹ ਇਸ ਲਕੀਰ ਨੂੰ ਪਾਰ ਕਰੇ। ਸਭ ਸਿੰਘ ਲਕੀਰ ਟੱਪ ਗਏ ਤੇ ਜੈਕਾਰੇ ਛਡਦੇ ਅੰਮ੍ਰਿਤਸਰ ਵਲ ਵਧਣ ਲਗ ਪਏ।

ਅੰਮ੍ਰਿਤਸਰ ਸ਼ਹਿਰ ਤੋਂ ਪੰਜ ਮੀਲ ਬਾਹਰ ਪਿੰਡ ਗੋਹਰਵਾਲ ਵਿਚ ਜਹਾਨ ਖ਼ਾਨ 20 ਹਜ਼ਾਰ ਫੌਜ ਲੈ ਕੇ ਆ ਮਿਲਿਆ। ਬੜੀ ਜ਼ਬਰਦਸਤ ਲੜਾਈ ਹੋਈ। ਗੁੱਸੇ ਤੇ ਜੋਸ਼ ਵਿਚ ਸਿੰਘਾਂ ਨੇ ਅਜਿਹਾ ਹਮਲਾ ਕੀਤਾ ਕਿ ਜਹਾਨ ਖਾਨ ਦੀ ਫੌਜ ਮੁਕਾਬਲੇ ਤੇ ਖੜ੍ਹੇ ਹੋਣ ਦਾ ਹੌਂਸਲਾ ਨਾ ਕਰ ਸਕੀ। ਉਹਦੀ ਫੌਜ ਪਿੱਛੇ ਹਟਦੀ ਗਈ ਤੇ ਸਿੰਘ ਤਲਵਾਰ ਵਾਂਹਦੇ ਸ਼ਹਿਰ ਦੇ ਨੇੜੇ ਆ ਗਏ।

ਬਾਬਾ ਦੀਪ ਸਿੰਘ ਜੀ ਦੇ ਸਹਾਇਕ ਸ. ਦਿਆਲ ਸਿੰਘ ਜੀ ਨੇ ਇਸ ਸਮੇਂ ਕਮਾਲ ਬੀਰਤਾ ਦਿਖਾਈ। ਆਪਣੇ 50 ਜਵਾਨਾਂ ਦਾ ਜਥਾ ਲੈ ਕੇ ਇਹ ਸ਼ੇਰ ਮਰਦ ਪਠਾਣੀ ਫੌਜ ਨੂੰ ਚੀਰਦਾ ਹੋਇਆ ਜਹਾਨ ਖ਼ਾਨ ਦੇ ਹਾਥੀ ਪਾਸ ਪਹੁੰਚ ਗਿਆ ਤੇ ਅੱਖ ਦੇ ਝਮਕਾਰੇ ਨਾਲੋਂ ਵੀ ਘੱਟ ਸਮੇਂ ਵਿਚ ਘੋੜੇ ਤੋਂ ਛਾਲ ਮਾਰ ਕੇ ਹਾਥੀ ਪਾਸ ਪਹੁੰਚ ਗਿਆ ਤੇ ਅੱਖ ਦੇ ਝਮਕਾਰੇ ਨਾਲੋਂ ਵੀ ਘੱਟ ਸਮੇਂ ਵਿਚ ਘੋੜੇ ਤੋਂ ਛਾਲ ਮਾਰ ਕੇ ਹਾਥੀ ਤੇ ਚੜ੍ਹ ਗਿਆ ਤੇ ਜਹਾਨ ਖਾਨ ਦਾ ਸਿਰ ਵੱਢ ਲਿਆ। ਇਹ ਘਟਨਾ ਭਗਤ ਲਛਮਣ ਸਿੰਘ ਨੇ ਆਪਣੀ ਪੁਸਤਕ 'ਸਿੱਖ ਮਾਰਟਰਜ਼' ਵਿਚ ਦੱਸੀ ਹੈ। ਕਈ ਇਤਿਹਾਸਕਾਰ ਲਿਖਦੇ ਹਨ ਕਿ ਜਹਾਨ ਖ਼ਾਨ ਇਸ ਸਮੇਂ ਨਹੀਂ ਸੀ ਮਾਰਿਆ ਗਿਆ।

ਸ਼ਹਿਰ ਦੇ ਦਰਵਾਜ਼ੇ ਨੇੜੇ ਰਾਮਸਰ ਪਾਸ ਫਿਰ ਬਹੁਤ ਸਖ਼ਤ ਲੜਾਈ ਹੋਈ। ਇਥੇ ਪਠਾਣੀ ਫੌਜ ਦੇ ਦੂਜੇ ਕਮਾਂਡਰ ਜਮਾਲ ਸ਼ਾਹ ਨੇ ਬਾਬਾ ਦੀਪ ਸਿੰਘ ਜੀ ਨੂੰ ਚੈਲਿੰਜ ਕੀਤਾ ਕਿ ਉਹਦੇ ਨਾਲ ਇਕੱਲੇ ਮੁਕਾਬਲਾ ਕਰ ਲੈਣ। ਜੁਮਾਲ ਸ਼ਾਹ ਅਜੇ ਜਵਾਨ ਸੀ ਤੇ ਬਾਬਾ ਦੀਪ ਸਿੰਘ ਜੀ 80 ਸਾਲ ਦੀ ਉਮਰ ਦੇ ਬਿਰਧ, ਪਰ ਉਹਨਾਂ ਤੁਰੰਤ ਚੈਲੰਜ ਪ੍ਰਵਾਨ ਕਰ ਲਿਆ ਤੇ ਜ਼ਬਰਦਸਤ ਲੜਾਈ ਕੀਤੀ। ਇਸ ਸਮੇਂ ਸ਼ਹਿਰ ਦੀਆਂ ਗਲੀਆਂ ਖ਼ੂਨ ਤੇ ਲੋਥਾਂ ਨਾਲ ਭਰੀਆਂ ਗਈਆਂ। ਬਾਬਾ ਦੀਪ ਸਿੰਘ ਜੀ ਦੇ ਸਾਥੀ ਮੁਖੀ ਸ: ਧਰਮ ਸਿੰਘ, ਸ: ਖੇਮ ਸਿੰਘ, ਸ: ਮਾਨ ਸਿੰਘ ਤੇ ਸ: ਰਾਮ ਸਿੰਘ ਵੀ ਅਨੇਕਾਂ ਸਿੰਘਾਂ ਸਮੇਤ ਸ਼ਹੀਦ ਹੋ ਗਏ। ਬਾਬਾ ਦੀਪ ਸਿੰਘ ਜੀ ਸਖ਼ਤ ਜ਼ਖਮੀ ਹੋ ਗਏ ਪਰ ਉਹ ਲੜਦੇ-ਲੜਦੇ ਅੱਗੇ ਵਧਦੇ ਗਏ। ਕੁਝ ਇਤਿਹਾਸਕਾਰਾਂ ਦੀ ਲਿਖਤ ਅਨੁਸਾਰ ਉਹਨਾਂ ਦਾ ਸੀਸ ਧੜ ਤੋਂ ਵੱਖ ਹੋ ਗਿਆ ਪਰ ਆਪਣਾ ਪ੍ਰਣ ਨਿਭਾਉਣ ਲਈ ਉਹਨਾਂ ਅੰਦਰ ਅਜਿਹੀ ਸ਼ਕਤੀ ਜਾਗੀ ਕਿ ਉਹਨਾਂ ਆਪਣਾ ਸੀਸ ਖੱਬੇ ਹੱਥ ਦੀ ਤਲੀ ਤੇ ਰੱਖ ਲਿਆ ਤੇ ਬਿਨਾਂ ਸੀਸ ਲੜਦੇ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਤਕ ਜਾ ਪਹੁੰਚੇ। ਇਥੇ ਅਪੜਦਿਆਂ ਤਕ ਹੋਰ ਪਠਾਣ ਜਰਨੈਲਾਂ ਵਿਚੋਂ ਸਾਬਰ ਅਲੀਖ਼ਾਨ, ਰੁਸਤਮ ਅਲੀ ਖ਼ਾਨ ਤੇ ਜ਼ਬਰਦਸਤ ਖ਼ਾਨ ਵੀ ਮਾਰੇ ਗਏ। ਇਹਨਾਂ ਜਰਨੈਲਾਂ ਨੂੰ ਮਾਰਨ ਵਾਲੇ ਅਣਖੀਲੇ ਸਿੰਘ ਸਰਦਾਰ, ਸ: ਹੀਰਾ ਸਿੰਘ ਤੇ ਸ: ਬਲਵੰਤ ਸਿੰਘ ਸਨ। ਜਦ ਇਤਨੇ ਜਰਨੈਲ ਮਾਰੇ ਗਏ ਤਾਂ ਪਠਾਣੀ, ਅਫ਼ਗਾਨੀ ਤੇ ਮੁਸਲਮਾਨ ਫੌਜ ਦੇ ਹੌਸਲੇ ਟੁੱਟ ਗਏ ਤੇ ਉਹ ਦਰਬਾਰ ਸਾਹਿਬ ਦਾ ਘੇਰਾ ਛੱਡ ਕੇ ਭੱਜ ਉਠੇ। ਬਾਬਾ ਦੀਪ ਸਿੰਘ ਜੀ ਤਾਂ ਸ੍ਰੀ

*(ਬਾਕੀ ਪੰਨਾ 44 'ਤੇ)*

# ਵੱਡੇ ਘੱਲੂਘਾਰੇ ਦੇ ਸ਼ਹੀਦ

*ਗਿਆਨੀ ਭਜਨ ਸਿੰਘ*

ਸਿੱਖ ਇਤਿਹਾਸ ਵਿਚ ਦੋ ਘੱਲੂਘਾਰੇ ਪ੍ਰਸਿੱਧ ਹਨ, ਜੋ ਦੋਵੇਂ ਅਠਾਰ੍ਹਵੀਂ ਸਦੀ ਵਿਚ ਵਾਪਰੇ। ਪਹਿਲਾ 1746 ਵਿਚ ਸਿੰਘਾਂ ਦਾ ਨਾਮ ਨਿਸ਼ਾਨ ਮਿਟਾਣ ਲਈ ਯਹੀਆ ਖ਼ਾਨ ਤੇ ਲਖਪਤ ਰਾਏ ਨੇ ਆਪਣੀ ਸਾਰੀ ਤਾਕਤ ਨਾਲ ਸਿੰਘਾਂ ਦਾ ਪਿੱਛਾ ਕੀਤਾ ਤੇ ਕਾਹਨੂੰਵਾਨ ਤੇ ਉਸ ਦੇ ਨਾਲ ਲਗਦੇ ਇਲਾਕੇ ਵਿਚ ਹਜ਼ਾਰਾਂ ਸਿੰਘਾਂ ਨੂੰ ਸ਼ਹੀਦ ਕੀਤਾ। ਇਹ ਛੋਟਾ ਘੱਲੂਘਾਰਾ ਅਖਵਾਂਦਾ ਹੈ। ਵੱਡਾ ਘੱਲੂਘਾਰਾ 1762 ਈਸਵੀ ਨੂੰ ਵਾਪਰਿਆ, ਜਦ ਕਿ ਅਹਿਮਦ ਸ਼ਾਹ ਅਬਦਾਲੀ ਨੇ ਮਲੇਰਕੋਟਲਾ ਦੇ ਨੇੜੇ ਸਿੰਘਾਂ ਤੇ ਹਮਲਾ ਕੀਤਾ ਤੇ 10 ਹਜ਼ਾਰ ਤੋਂ ਵੱਧ ਗਿਣਤੀ ਵਿਚ ਸਿੰਘਾਂ ਨੂੰ ਸ਼ਹੀਦ ਕਰ ਦਿਤਾ।

ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ਤੇ ਭਾਰਤ ਦੇ ਦੂਜੇ ਹਿਸਿਆਂ ਤੇ ਜਦ ਹਮਲੇ ਕਰਨੇ ਸ਼ੁਰੂ ਕੀਤੇ ਤਾਂ ਉਸ ਸਮੇਂ ਸਿੰਘ ਵੀ ਪੰਜਾਬ ਵਿਚ ਆਪਣੀ ਚੰਗੀ ਤਾਕਤ ਬਣਾ ਚੁਕੇ ਸਨ। 12 ਮਿਸਲਾਂ ਵੱਖ-ਵੱਖ ਇਲਾਕਿਆਂ ਵਿਚ ਛਾਈਆਂ ਹੋਈਆਂ ਸਨ। ਰਾਖੀ ਸਿਸਟਮ ਦੇ ਪ੍ਰਚਲਤ ਹੋਣ ਨਾਲ ਅਮਲੀ ਤੌਰ ਤੇ ਪੰਜਾਬ ਦੇ ਕਈ ਇਲਾਕਿਆਂ ਵਿਚ ਸਿੰਘਾਂ ਦੀ ਹਕੂਮਤ ਬਣ ਚੁੱਕੀ ਸੀ। ਅਬਦਾਲੀ ਦਾ ਰਾਹ ਰੋਕਣ ਵਾਲੀ ਤੇ ਉਹਦੀ ਸਕਤੀ ਨੂੰ ਚੈਲਿੰਜ ਕਰਨ ਵਾਲੀ ਹੋਰ ਕੋਈ ਤਾਕਤ ਇਥੇ ਨਹੀਂ ਸੀ। ਸਿੰਘਾਂ ਨੇ ਕਈ ਵਾਰ ਉਹਦੇ ਨਾਲ ਟੱਕਰ ਲਈ। ਉਹਦੇ ਜਰਨੈਲਾਂ ਨੂੰ ਭਜਾਇਆ ਤੇ ਉਹਦੇ ਨਿਯਤ ਕੀਤੇ ਹਾਕਮਾਂ ਨੂੰ ਹਾਰ ਦਿਤੀ। ਇਸ ਲਈ ਅਹਿਮਦ ਸ਼ਾਹ ਅਬਦਾਲੀ ਇਸ ਉਭਰ ਰਹੀ ਤਾਕਤ ਤੋਂ ਬੜਾ ਦੁਖੀ ਸੀ। ਪੰਜ ਵਾਰ ਉਹ ਹਮਲਾ ਕਰਕੇ ਆਇਆ, ਪਰ ਹਾਲਾਤ ਨੇ ਉਹਨੂੰ ਵਾਪਸ ਚਲੇ ਜਾਣ ਲਈ ਹਰ ਵਾਰੀ ਮਜਬੂਰ ਕਰ ਦਿਤਾ। ਉਹਦੇ ਜਾਣ ਪਿਛੋਂ ਫਿਰ ਗੜਬੜ ਹੋ ਜਾਂਦੀ ਤੇ ਸਿੰਘ ਉਹਦੇ ਨਿਯਤ ਕੀਤੇ ਕਰਮਚਾਰੀਆਂ ਦਾ ਪ੍ਰਬੰਧ ਉਖੇੜ ਕੇ ਰੱਖ ਦੇਂਦੇ।

ਛੇਵੀਂ ਵਾਰ ਅਹਿਮਦਸ਼ਾਹ 1762 ਈਸਵੀ ਦੇ ਸ਼ੁਰੂ ਵਿਚ ਫਿਰ ਚੜ੍ਹਾਈ ਕਰਕੇ ਆਇਆ। ਰੁਹਤਾਸ ਵਿਚ ਅਤੇ ਪੰਜਾਬ ਵਿਚ ਉਹਨੂੰ ਆਪਣੇ ਖੁਸ਼ਾਮਦੀ ਕਰਮਚਾਰੀ ਤੇ ਚੌਧਰੀ ਮਿਲੇ ਤੇ ਉਹਨਾਂ ਨੇ ਸਿੰਘਾਂ ਵਿਰੁੱਧ ਉਹਦੇ ਕੰਨ ਭਰੇ। ਸਿੰਘਾਂ ਨੂੰ ਵੀ ਪਤਾ ਲਗ ਗਿਆ ਸੀ ਕਿ ਇਸ ਵਾਰ ਅਹਿਮਦ ਸ਼ਾਹ ਬਹੁਤ ਤਿਆਰੀ ਨਾਲ ਆ ਰਿਹਾ ਹੈ ਤੇ ਉਹਦਾ ਮੈਦਾਨ ਵਿਚ ਟਾਕਰਾ ਕਰਨਾ ਮੁਸ਼ਕਲ ਹੈ। ਇਹ ਵੀ ਪਤਾ ਲਗ ਗਿਆ ਕਿ ਉਹ ਇਸ ਵਾਰ ਸਿੱਖ ਬੱਚਿਆਂ ਤੇ ਔਰਤਾਂ ਦਾ ਵੀ ਕਤਲੇ-ਆਮ ਕਰੇਗਾ। ਇਸ ਲਈ ਇਹਨਾਂ ਨੂੰ ਵੀ ਬਚਾਣਾ ਚਾਹੀਦਾ ਹੈ। ਸਿੰਘ ਆਪਣੇ ਪਰਿਵਾਰਾਂ ਸਮੇਤ ਮਾਝਾ ਛੱਡ ਕੇ ਸਤਲੁਜ ਤੋਂ ਵੀ ਪਾਰ ਮਾਲਵੇ ਵਿਚ ਅੱਪੜ ਗਏ ਤਾਂ ਕਿ ਪਰਿਵਾਰਾਂ ਨੂੰ ਸੁਰੱਖਿਅਤ ਥਾਵਾਂ ਤੇ ਪਹੁੰਚਾ ਆਉਣ।

ਸਿੰਘ ਮਲੇਰਕੋਟਲੇ ਨੇੜੇ ਪਿੰਡਾਂ ਵਿਚ ਸਨ, ਜਦੋਂ ਕਿ ਭੀਖਣ ਖ਼ਾਨ ਤੇ ਸਰਹੰਦ ਦੇ ਗਵਰਨਰ ਨੂੰ ਸੱਦ ਕੇ ਅਹਿਮਦ ਸ਼ਾਹ ਅਬਦਾਲੀ 3 ਫਰਵਰੀ 1762 ਈਸਵੀ ਨੂੰ ਲਾਹੌਰ ਤੋਂ ਸਾਰੀ ਫੌਜੀ ਤਾਕਤ ਨਾਲ ਤੁਰ ਪਿਆ। ਮੁਲਤਾਨ, ਲਾਹੌਰ ਤੇ ਹੋਰ ਇਲਾਕਿਆਂ ਦੇ ਮੁਖੀਆਂ ਦੀਆਂ ਫੌਜਾਂ ਵੀ ਉਹਦੇ ਨਾਲ ਸਨ। ਦੋ ਦਿਨਾਂ ਵਿਚ ਤੇਜ਼ੀ ਨਾਲ ਸਫਰ ਮੁਕਾ ਕੇ ਅਬਦਾਲੀ ਮਲੇਰਕੋਟਲਾ ਨੇੜੇ ਪਿੰਡ ਕੁਪ ਵਿਚ ਪਹੁੰਚ ਗਿਆ। ਇਥੇ ਨੇੜੇ ਹੀ 30 ਹਜ਼ਾਰ ਸਿੰਘ ਆਪਣੇ ਪਰਿਵਾਰਾਂ ਤੇ ਸਾਮਾਨ ਨਾਲ ਠਹਿਰੇ ਹੋਏ ਸਨ। ਇਹਨਾਂ ਸਿੰਘਾਂ ਤੇ ਇਕ ਪਾਸਿਉਂ ਅਬਦਾਲੀ ਦੀ ਫੌਜ ਨੇ ਤੇ ਦੂਜੇ ਪਾਸਿਉਂ ਸਰਹੰਦ ਦੇ ਗਵਰਨਰ ਜ਼ੈਨ ਖ਼ਾਨ ਦੀ ਫੌਜ ਨੇ ਚੜ੍ਹਾਈ ਕਰ ਦਿਤੀ। ਅਬਦਾਲੀ ਨੇ ਆਪਣੀ ਫੌਜ ਨੂੰ ਹੁਕਮ ਦੇ ਦਿਤਾ ਕਿ ਪੰਜਾਬੀ ਪੁਸ਼ਾਕ ਵਿਚ ਨਜ਼ਰ ਆਉਂਦੇ ਹਰ ਆਦਮੀ ਨੂੰ ਮਾਰ ਦਿਤਾ ਜਾਏ। ਜ਼ੈਨ ਖ਼ਾਨ ਨੂੰ ਕਿਹਾ ਗਿਆ ਕਿ ਉਹ ਆਪਣੀ ਫੌਜ ਦੀਆਂ ਪਗੜੀਆਂ ਤੇ ਸਾਵੀ ਪੱਟੀ ਬੰਨ੍ਹਾ ਦੇਵੇ ਤਾਂ ਕਿ ਉਹ ਵੀ ਨਾ ਮਾਰੇ ਜਾਣ। ਇਥੇ ਕਈ ਹਜ਼ਾਰ ਸਿੰਘ, ਔਰਤਾਂ ਤੇ ਬੱਚੇ ਮਾਰੇ ਗਏ।

ਅਚਾਨਕ ਹਮਲਾ ਹੋਇਆ ਸੀ। ਸਿੰਘਾਂ ਦੇ ਮੁਖੀਆਂ ਨੇ ਉਸੇ ਵੇਲੇ ਸੰਖੇਪ ਜਿਹੀ ਮੀਟਿੰਗ ਕੀਤੀ,

ਜਿਸ ਵਿਚ ਫੈਸਲਾ ਕੀਤਾ ਗਿਆ ਕਿ ਦੁਸ਼ਮਣ ਅੱਗੇ ਹਥਿਆਰ ਨਹੀਂ ਸੁਟਣੇ ਤੇ ਲੜਦੇ-ਲੜਦੇ ਸ਼ਹੀਦ ਹੋ ਜਾਣਾ ਚੰਗਾ ਹੈ। ਇਹ ਫੈਸਲਾ ਹੁੰਦਿਆਂ ਸਿੰਘਾਂ ਨੇ ਆਪਣੇ ਬਾਲ ਬੱਚਿਆਂ ਦੁਆਲੇ ਘੇਰਾ ਪਾ ਲਿਆ ਤੇ ਚਾਰੇ ਪਾਸਿਆਂ ਤੋਂ ਹੋ ਰਹੇ ਹਮਲੇ ਦਾ ਟਾਕਰਾ ਕਰਨ ਲਗ ਪਏ। ਸਿੰਘਾਂ ਦੀ ਅਗਵਾਈ ਇਸ ਸਮੇਂ ਮਹਾਨ ਹਸਤੀਆਂ ਸ. ਜੱਸਾ ਸਿੰਘ ਆਹਲੂਵਾਲੀਆ, ਸ: ਚੜਤ ਸਿੰਘ ਸ਼ੁਕਰਚਕੀਆ (ਮਹਾਰਾਜਾ ਰਣਜੀਤ ਸਿੰਘ ਦਾ ਦਾਦਾ) ਤੇ ਸ: ਸ਼ਾਮ ਸਿੰਘ ਕ੍ਰੋੜ ਸਿੰਘੀਆ ਮਿਸਲ ਵਾਲੇ ਕਰ ਰਹੇ ਸਨ।

ਇਹਨਾਂ ਪ੍ਰੋਗਰਾਮ ਬਣਾਇਆ ਕਿ ਲੜਦੇ-ਲੜਦੇ ਇਕ ਪਾਸੇ ਵਧਦੇ ਚਲੀਏ ਤੇ ਕਿਸੇ ਤਰ੍ਹਾਂ ਘੇਰਾ ਤੋੜ ਕੇ ਬਰਨਾਲੇ ਵਲ ਚਲੀਏ। ਉਸ ਇਲਾਕੇ ਵਿਚ ਮਹਾਰਾਜਾ ਬਾਬਾ ਆਲਾ ਸਿੰਘ ਵਲੋਂ ਸਿੰਘਾਂ ਨੂੰ ਮਦਦ ਮਿਲ ਜਾਣ ਦੀ ਆਸ ਸੀ। ਪਿੰਡ-ਪਿੰਡ ਲੜਦੇ ਸਿੰਘ ਵਧਦੇ ਗਏ। ਸਿੰਘ ਕੁਤਬ ਬ੍ਰਾਹਮਣੀ ਤੇ ਗਾਹਲ ਅੱਪੜ ਗਏ। ਇਨ੍ਹਾਂ ਪਿੰਡ ਵਾਲਿਆਂ ਨੇ ਮੁਸ਼ਕਲ ਵਿਚ ਘਿਰੇ ਸਿੰਘਾਂ ਦੀ ਮਦਦ ਕਰਨ ਦੀ ਥਾਂ ਅਬਦਾਲੀ ਤੋਂ ਡਰਦੇ ਮਾਰੇ ਸਿੰਘਾਂ ਤੇ ਉਲਟਾ ਹਮਲਾ ਕਰ ਦਿਤਾ। ਇਥੇ ਸਿੰਘਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ, ਪਰ ਸਿੰਘਾਂ ਨੇ ਦਿਲ ਨਾ ਛੱਡਿਆ ਤੇ ਚੌਤਰਫ਼ੇ ਹਮਲੇ ਦਾ ਟਾਕਰਾ ਕਰਦੇ ਚਲੇ ਗਏ। ਜਦ ਹਥਿਆਰ ਮੁੱਕ ਗਏ ਤਾਂ ਤਲਵਾਰਾਂ ਧੂਹ ਕੇ ਪੈ ਗਏ। ਇਸ ਝੜਪ ਵਿਚ ਦਸ ਹਜ਼ਾਰ ਤੋਂ ਵੱਧ ਸਿੰਘ ਸ਼ਹੀਦ ਹੋ ਗਏ। ਸਾਰੇ ਮੁਕਾਬਲੇ ਵਿਚ ਕਿਤਨੀਆਂ ਸ਼ਹੀਦੀਆਂ ਹੋਈਆਂ, ਉਨ੍ਹਾਂ ਦਾ ਅਨੁਮਾਨ ਲਾਣਾ ਮੁਸ਼ਕਲ ਹੈ।

ਇਸ ਝੜਪ ਵਿਚ ਕੋਈ ਵਿਰਲਾ ਹੀ ਸਿੰਘ ਬਚ ਸਕਿਆ ਤੇ ਉਹ ਵੀ ਜਿਹੜਾ ਬਠਿੰਡੇ ਦੇ ਮਾਰੂਥਲਾਂ ਵਿਚੋਂ ਹੁੰਦਾ ਹੋਇਆ ਬੀਕਾਨੇਰ ਵਲ ਲੰਘ ਗਿਆ ਸੀ। ਸਿੱਖ ਕੌਮ ਦਾ ਇਤਨੀ ਵੱਧ ਗਿਣਤੀ ਵਿਚ ਇਕੱਠਾ ਕਦੇ ਨੁਕਸਾਨ ਨਹੀਂ ਹੋਇਆ, ਜਿਤਨਾ 1762 ਦੇ ਘੱਲੂਘਾਰੇ ਵਿਚ ਹੋ ਗਿਆ, ਪਰ ਕੌਮ ਦੀ ਚੜ੍ਹਦੀ ਕਲਾ ਤੇ ਦ੍ਰਿੜ੍ਹਤਾ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਕਿਸੇ ਇਕ ਨੇ ਵੀ ਹਥਿਆਰ ਨਹੀਂ ਸੁਟੇ, ਈਨ ਨਹੀਂ ਮੰਨੀ ਤੇ ਅਬਦਾਲੀ ਅੱਗੇ ਜਾਨ ਬਖਸ਼ੀ ਲਈ ਤਰਲੇ ਨਹੀਂ ਕੱਢੇ, ਸਗੋਂ ਜੇ ਸਿਰ ਤੇ ਆ ਬਣੀ ਤਾਂ ਲੜਦੇ-ਲੜਦੇ ਸ਼ਹੀਦ ਹੋ ਗਏ। ਇਸ ਜਜ਼ਬੇ ਤੇ ਚੜ੍ਹਦੀ ਕਲਾ ਨੇ ਕੌਮ ਨੂੰ ਅਖੀਰ ਮਹਾਨ ਜੱਦੋ-ਜਹਿਦ ਵਿਚ ਸਫਲਤਾ ਬਖਸ਼ੀ।

ਅਸਲ ਵਿਚ ਉਸ ਸਮੇਂ ਕੌਮ ਨੂੰ ਨਿਸਚਾ ਸੀ ਕਿ ਭਾਵੇਂ ਕੁਝ ਹੋ ਜਾਏ, ਰਾਜ ਅਖੀਰ ਖ਼ਾਲਸੇ ਨੇ ਕਰਨਾ ਹੈ। ਇਹ ਨਿਸਚਾ ਉਦੋਂ ਵੀ ਨਾ ਟੁੱਟਾ ਜਦੋਂ ਘਰ ਬਾਰ ਛਡ ਕੇ ਜੰਗਲਾਂ ਵਿਚ ਘੋੜਿਆਂ ਦੀਆਂ ਕਾਠੀਆਂ ਤੇ ਦਿਨ ਕਟਣੇ ਪਏ ਤੇ ਨਾ ਹੀ ਉਸ ਸਮੇਂ ਇਹ ਯਕੀਨ ਕਮਜ਼ੋਰ ਹੋਇਆ ਜਦੋਂ ਅਬਦਾਲੀ ਦਾ ਟਾਕਰਾ ਕਰਦਿਆਂ ਵੱਡੇ ਘੱਲੂਘਾਰੇ ਵਿਚ ਹਜ਼ਾਰਾਂ ਸਿੰਘਾਂ ਦੀਆਂ ਸ਼ਹੀਦੀਆਂ ਹੋਈਆਂ। ਜੇ ਥੋੜ੍ਹੇ ਜਿਹੇ ਬਚ ਗਏ ਉਹ 'ਰਾਜ ਕਰੇਗਾ ਖਾਲਸਾ' ਦਾ ਨਾਹਰਾ ਲਾਂਦੇ ਅਗਲੀ ਜੱਦੋ ਜਹਿਦ ਲਈ ਕਮਰਕਸੇ ਕਰਨ ਲਗ ਪਏ।

---

(ਪੰਨਾ 42 ਦੀ ਬਾਕੀ)

ਦਰਬਾਰ ਸਾਹਿਬ ਦੀ ਪ੍ਰਕਰਮਾ ਤਕ ਅਪੜ ਕੇ ਸ਼ਹੀਦੀ ਪਾ ਗਏ ਪਰ ਬਾਕੀ ਸਿੰਘਾਂ ਨੇ ਅਟਾਰੀ ਤਕ ਪਿੱਛਾ ਕੀਤਾ ਤੇ ਪਠਾਣੀ ਫੌਜ ਤੋਂ ਸ੍ਰੀ ਦਰਬਾਰ ਸਾਹਿਬ ਦੀ ਬੇ-ਅਦਬੀ ਦਾ ਬਦਲਾ ਲਿਆ। ਉਹਬਾਂ ਦਾ ਬੇ-ਹੱਦ ਜਾਨੀ ਨੁਕਸਾਨ ਕੀਤਾ ਤੇ ਬਹੁਤ ਸਾਰਾ ਅਸਲਾ ਤੇ ਸਾਮਾਨ ਖੋਹ ਲਿਆ।

ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਅਸਥਾਨ ਤੇ ਉਹਨਾਂ ਦੀ ਯਾਦਗਾਰ ਬਣੀ ਹੋਈ ਹੈ। ਬਾਬਾ ਜੀ ਦੇ ਸਾਥੀ ਸ਼ਹੀਦਾਂ ਦੀਆਂ ਯਾਦਗਾਰਾਂ ਦੇ ਵੀ ਗੁਰਦਵਾਰੇ ਅੰਮ੍ਰਿਤਸਰ ਵਿਚ ਹਨ। ਬਬੇਕਸਾਰ ਦੇ ਕੰਢੇ ਸ: ਧਰਮ ਸਿੰਘ ਜੀ ਦੀ ਯਾਦ ਵਿਚ ਗੁਰਦੁਆਰਾ ਹੈ। ਇਸ ਤਰ੍ਹਾਂ ਕਟੜਾ ਰਾਮਗੜ੍ਹੀਆ ਤੇ ਅਖਾੜਾ ਮਗਨੀ ਰਾਮ ਨੇੜੇ ਗੁਰਦਵਾਰੇ ਉਹਨਾਂ ਬਹਾਦਰਾਂ ਦੀ ਲਾਮਿਸਾਲ ਕੁਰਬਾਨੀ ਤੇ ਸ਼ਹੀਦੀ ਦੀਆਂ ਯਾਦਗਾਰਾਂ ਹਨ।

ਬਾਬਾ ਦੀਪ ਸਿੰਘ ਦੀ ਉਮਰ ਦਾ ਬੁੱਢਾ ਜਰਨੈਲ ਇਤਿਹਾਸ ਵਿਚ ਹੋਰ ਕੋਈ ਨਹੀਂ ਮਿਲਦਾ ਤੇ ਨਾ ਹੀ ਜਿਵੇਂ ਆਪ ਨੇ ਸ਼ਹੀਦੀ ਪਾਈ, ਉਸ ਤਰ੍ਹਾਂ ਦੀ ਕੋਈ ਮਿਸਾਲ ਕਿਸੇ ਵੀ ਦੇਸ਼ ਦੇ ਇਤਿਹਾਸ ਵਿਚੋਂ ਮਿਲਦੀ ਹੈ।

# ਗੁਰੂ ਹਰਿ ਰਾਇ ਸਾਹਿਬ ਜੀ
# (1630-1661)

*ਪ੍ਰਿੰਸੀਪਲ ਸਤਿਬੀਰ ਸਿੰਘ*

*''ਅਨ ਭੈ ਛਬਿ ਸਤਿਗੁਰ ਹਰਿ ਰਾਇ''*

**ਮੁੱਢਲਾ ਜੀਵਨ -** ਗੁਰੂ ਹਰਿ ਰਾਇ ਸਾਹਿਬ ਦਾ ਜਨਮ ਕੀਰਤਪੁਰ ਵਿਖੇ 30 ਜਨਵਰੀ ਸੰਨ 1630 ਨੂੰ ਹੋਇਆ। ਆਪ ਜੀ ਦੇ ਪਿਤਾ ਜੀ ਦਾ ਨਾਮ ਬਾਬਾ ਗੁਰਦਿੱਤਾ ਜੀ ਸੀ ਜੋ ਸ੍ਰੀ ਗੁਰੂ ਹਰਿਗੋਬਿੰਦ ਜੀ ਮਹਾਰਾਜ ਦੇ ਸਭ ਤੋਂ ਵੱਡੇ ਸਪੁੱਤਰ ਸਨ। ਗੁਰੂ ਹਰਿਰਾਇ ਜੀ ਤੋਂ ਵੱਡੇ ਬਾਬਾ ਧੀਰ ਮੱਲ ਸਨ ਪਰ ਉਹ ਆਪਣੀਆਂ ਕੁਟਲ ਚਾਲਾਂ ਤੇ ਸਾਜਿਸ਼ਾਂ ਕਰਕੇ ਛੇਤੀ ਹੀ ਬਦਨਾਮ ਹੋ ਗਏ ਸਨ।

**ਬਾਲਪਣ -** ਸਾਰਾ ਬਚਪਨ ਕੀਰਤਪੁਰ ਦੀ ਵਿਸ਼ਾਲ ਦੂਨ ਵਿਚ ਗੁਜ਼ਾਰਿਆ ਤੇ ਸੁਭਾਅ ਵਿਚ ਕੋਮਲਤਾ ਤੇ ਪਿਆਰ ਜਿਹੇ ਗੁਣ ਉੱਚੇ ਹੋਣ ਲੱਗੇ। ਇਕ ਛੋਟੀ ਜਿਹੀ ਘਟਨਾ ਨੇ ਉਨ੍ਹਾਂ ਦੇ ਜੀਵਨ ਉਤੇ ਦੂਰ-ਰਸੀ ਅਸਰ ਪਾਇਆ। ਇਕ ਵਾਰੀ ਬਾਗ ਵਿਚ ਸੈਰ ਕਰਦਿਆਂ (ਗੁਰੂ) ਹਰਿ ਰਾਇ ਸਾਹਿਬ ਦੇ ਕਲੀਆਂ ਵਾਲੇ ਚੋਲੇ ਨਾਲ ਟਹਿਣੀ ਨਾਲੋਂ ਇਕ ਫੁੱਲ ਟੁੱਟ ਕੇ ਜ਼ਮੀਨ ਉਤੇ ਡਿੱਗ ਪਿਆ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਹਿਜ ਸੁਭਾਅ ਕਿਹਾ, ਚੋਲਾ ਸੰਭਾਲ ਕੇ ਟੁਰੀਦਾ ਹੈ।' 'ਦਾਮਨ ਸੰਕੋਚ ਚਲੋ।' ਉਸ ਦਿਨ ਤੋਂ ਲੈ ਕੇ ਜੋਤੀ ਜੋਤ ਸਮਾਉਣ ਤਕ ਗੁਰੂ ਜੀ ਨੇ ਭਾਵੇਂ ਕਈ ਵਾਰੀ ਕਲੀਆਂ ਵਾਲਾ ਚੋਲਾ ਪਾਇਆ ਪਰ ਉਸ ਨੂੰ ਸਮੇਟ ਕੇ ਹੀ ਰੱਖਿਆ। ਨਾਲ ਹੀ ਫੁੱਲ ਡਿੱਗਣ ਦਾ ਅਸਰ ਕੋਮਲ ਮਨ ਉਤੇ ਐਸਾ ਪਿਆ ਕਿ ਸਾਰੀ ਉਮਰ ਕਿਸੇ ਦਾ ਦਿਲ ਨਾ ਦੁਖਾਇਆ। ਲੋਕਾਂ ਨਾਲ ਪੁੱਜ ਕੇ ਪਿਆਰ ਕੀਤਾ। ਬਾਬਾ ਫਰੀਦ ਜੀ ਦੇ ਸਲੋਕ 'ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥ ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥ (ਅੰਗ-੧੩੮੪) ਦਾ ਅਮਲੀ ਅਰਥ ਕਰਕੇ ਦਸਦੇ ਰਹੇ।

**ਗੁਰ-ਗੱਦੀ ਮਿਲਣੀ -** ਗੁਰੂ ਹਰਿਗੋਬਿੰਦ ਜੀ ਦੇਖ ਰਹੇ ਸਨ ਕਿ ਉਨ੍ਹਾਂ ਦੇ ਆਪਣੇ ਪੁੱਤਰਾਂ ਵਿਚੋਂ ਕੋਈ ਵੀ ਗੁਰ-ਗੱਦੀ ਦੀ ਮਹਾਨ ਜ਼ਿੰਮੇਵਾਰੀ ਸੰਭਾਲਣ ਦੇ ਅਜੇ ਯੋਗ ਨਹੀਂ। ਬਾਬਾ ਗੁਰਦਿੱਤਾ ਜੀ ਸੰਨ 1638 ਨੂੰ ਅਕਾਲ ਚਲਾਣਾ ਕਰ ਗਏ ਸਨ। (ਗੁਰੂ) ਤੇਗ ਬਹਾਦਰ ਦੁਨੀਆਂ ਤੋਂ ਉਪਰਾਮ ਸਮਾਧੀ ਵਿਚ ਜੁੜੇ ਹੋਏ ਸਨ। ਬਾਬਾ ਅਟੱਲ ਜੀ ਵੀ ਛੋਟੀ ਉਮਰੇ ਗੁਜ਼ਰ ਗਏ ਸਨ। ਬਾਕੀ ਦੋਨੋਂ ਸਪੁੱਤਰ ਬਾਬਾ ਅਣੀ ਰਾਇ ਜੀ ਤੇ ਬਾਬਾ ਸੂਰਜ ਮੱਲ ਦੁਨੀਆਦਾਰ ਜ਼ਿਆਦਾ ਸਨ। ਗੁਰਗੱਦੀ ਲਈ ਯੋਗ ਸੱਜਣ ਤਿਆਰ ਕਰਨ ਦਾ ਕੰਮ ਉਨ੍ਹਾਂ ਆਪਣੇ ਜ਼ਿੰਮੇ ਲਿਆ ਤੇ ਕੀਰਤਪੁਰ ਰਹਿੰਦਿਆਂ ਹਰਿ ਰਾਇ ਜੀ ਨੂੰ ਆਪਣੀ ਛਤਰ ਛਾਇਆ ਹੇਠ ਸਿੱਖਿਆ ਦਿਤੀ। ਗੁਰੂ ਜੀ ਨੇ ਪਰਖ ਲਿਆ ਸੀ ਕਿ (ਗੁਰੂ) ਹਰਿ ਰਾਇ ਜੀ ਹੀ ਗੁਰਿਆਈ ਦੀ ਜ਼ਿੰਮੇਵਾਰੀ ਨਿਬਾਹ ਸਕਦੇ ਹਨ। ਧੀਰ ਮੱਲ ਜੀ ਵੀ ਆਪਣੇ ਆਪ ਨੂੰ ਟਾਕਰੇ ਦਾ ਸਮਝਦੇ ਸਨ ਪਰ ਉਨ੍ਹਾਂ ਦਾ ਸਾਜਿਸ਼ੀ ਤੇ ਦੁਨੀਆਂਦਾਰੀ ਵਾਲਾ ਸੁਭਾਅ ਰੁਕਾਵਟ ਬਣਿਆ। 3 ਮਾਰਚ, ਸੰਨ 1644 ਨੂੰ ਗੁਰੂ ਹਰਿਗੋਬਿੰਦ ਜੀ ਜੋਤੀ ਜੋਤ ਸਮਾਏ ਤਾਂ ਗੁਰ-ਗੱਦੀ ਦੀ ਜ਼ਿੰਮੇਵਾਰੀ ਗੁਰੂ ਹਰਿ ਰਾਇ ਜੀ ਨੂੰ ਦੇ ਗਏ।

## ਗੁਰੂ ਜੀਵਨ

*ਸ੍ਰੀ ਪਤਿ, ਜੋਤਿ ਸਰੂਪ ਅਨੂਪਮ,*
*ਭੂਪਨ ਭੂਪ, ਨਮੋ ਹਰਿਭਾਯਾ॥* *(ਕਵੀ ਸੰਤੋਖ ਸਿੰਘ)*

**ਫੌਜ ਕਾਇਮ ਰੱਖਣੀ -** ਗੁਰੂ ਹਰਿ ਰਾਇ ਸਾਹਿਬ ਨੇ ਇਹ ਜ਼ਰੂਰੀ ਸਮਝਿਆ ਕਿ ਫੌਜ ਗੁਰੂ ਹਰਿਗੋਬਿੰਦ ਜੀ ਨੇ ਸਾਜੀ ਸੀ, ਉਹ ਕਾਇਮ ਰੱਖੀ ਜਾਏ। 2200 ਦੇ ਨੇੜੇ ਸਵਾਰ ਗੁਰੂ ਜੀ ਨੇ ਆਪਣੇ ਕੋਲ ਰੱਖ ਲਏ। ਫੌਜ ਉਸੇ ਤਰ੍ਹਾਂ ਹਰ ਮੌਕੇ ਲਈ ਤਿਆਰ ਸੀ ਪਰ ਗੁਰੂ ਹਰਿ ਰਾਇ ਸਾਹਿਬ ਨੇ ਅੰਦਰ ਹੀ ਅੰਦਰ ਮਨ ਵਿਚ ਇਕ ਹੋਰ ਫੈਸਲਾ ਵੀ ਕੀਤਾ ਹੋਇਆ ਸੀ ਕਿ ਫੌਜ ਨੂੰ ਕਦੀ ਵੀ ਜੰਗ ਵਿਚ ਨਹੀਂ ਧਕੇਲਣਾ ਤੇ ਵਾਹ ਲਗਦੀ ਹੱਥ ਨਹੀਂ ਉਠਾਣਾ। ਇਥੋਂ ਤਕ ਕਿ ਸ਼ਿਕਾਰ ਕਰਨ ਵੇਲੇ ਵੀ ਸ਼ਿਕਾਰ ਜ਼ਿੰਦਾ ਹੀ ਪਕੜਦੇ ਅਤੇ ਫਿਰ ਰੱਖ (ਸੈਂਕਚੂਅਰੀ) ਵਿਚ ਖੁਲ੍ਹਾ ਛੱਡ ਦੇਂਦੇ। ਤਾਕਤ ਹੁੰਦੇ ਵਰਤੋਂ ਵਿਚ ਨਾ ਲਿਆਉਣੀ ਅਸਲ ਅਹਿੰਸਾ ਹੈ। ਤਾਣ ਹੁੰਦੇ ਨਿਤਾਣਾ ਰਹਿਣਾ, ਮਾਣ ਹੁੰਦੇ ਨਿਮਾਣਾ ਰਹਿਣਾ ਅਸਲ ਵਿਚ ਦੈਵੀ ਗੁਣ ਹਨ। ਗੁਰੂ ਹਰਿ ਰਾਇ ਜੀ ਨੇ ਆਪਣੀ

ਜ਼ਿੰਦਗੀ ਵਿਚ ਇਕ ਵੀ ਲੜਾਈ ਨਾ ਲੜੀ। ਵਿਰੋਧੀਆਂ ਨੇ ਕਈ ਵਾਰੀ ਹੱਲਾ ਬੋਲਿਆ ਜੰਗ ਤਕ ਨੌਬਤ ਵੀ ਆਈ ਪਰ ਗੁਰੂ ਹਰਿ ਰਾਇ ਸਾਹਿਬ ਜੀ ਨੇ ਸੂਝ ਤੇ ਸਿਆਣਪ ਨਾਲ ਖਤਰਿਆਂ ਨੂੰ ਟਾਲਿਆ। ਧੀਰ ਮੱਲ ਨੇ ਵਿਰੋਧ ਵੀ ਕੀਤੇ ਪਰ ਗੁਰੂ ਜੀ ਨੇ ਤਲਵਾਰ ਨਾ ਉਠਾਈ। ਸ਼ਾਹ ਜਹਾਨ ਦੇ ਪੁੱਤਰਾਂ ਵਿਚਕਾਰ ਤਖਤ-ਨਸ਼ੀਨੀ ਜੰਗ ਵੇਲੇ ਜਦ ਖਤਰਾ ਸਿਰ ਉਤੇ ਆ ਗਿਆ ਤਾਂ ਵੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਜੰਗ ਦੀ ਨੀਤੀ ਨੂੰ ਨਾ ਅਪਣਾਇਆ। ਇਸ ਨੀਤੀ ਦਾ ਸਦਕਾ ਸਿੱਖਾਂ ਵਿਚ ਸਹਿਨਸ਼ੀਲਤਾ ਵਰਗਾ ਉੱਚਾ ਗੁਣ ਪੈਦਾ ਹੋਇਆ।

**ਨਿੱਤ ਕਰਮ -** ਪਹਿਰ ਰਾਤ ਆਪ ਜੀ ਉਠਦੇ। ਪੰਜ ਇਸ਼ਨਾਨਾ ਕਰਕੇ ਸੈਰ ਕਰਦੇ ਤੇ ਫਿਰ ਖੁੱਲਾ ਇਸ਼ਨਾਨ ਕਰਦੇ। ਇਕ ਸੌ ਇਕ ਗਾਗਰ ਨਾਲ ਇਸ਼ਨਾਨ ਕਰਨ ਦੀ ਗੱਲ ਮਹਿਮਾ ਪ੍ਰਕਾਸ਼ ਨੇ ਲਿਖੀ ਹੈ। ਫਿਰ ਸਮਾਧੀ ਲਗਾ ਲੈਂਦੇ '*ਨਿਰ ਬਿਪਲਕ ਸਮਾਧ ਦ੍ਰਿੜ ਗਹੈ।*'

ਫਿਰ ਸੰਗਤ ਵਿਚ ਪੁੱਜਦੇ। ਪਹਿਲਾਂ ਗੁਰੂ ਗ੍ਰੰਥ ਸਾਹਿਬ ਦਾ ਪਾਠ ਹੁੰਦਾ। ਫਿਰ ਨਿਰੋਲ ਕੀਰਤਨ ਰਬਾਬੀ ਕਰਦੇ। ਜੋਟੀਆਂ ਦੇ ਸ਼ਬਦ ਜ਼ਰੂਰ ਪੜ੍ਹਵਾਂਦੇ। ਫਿਰ ਜੋ ਵੀ ਕਿਸੇ ਨੇ ਕੁਝ ਪ੍ਰਸ਼ਨ ਕਰਨਾ ਹੁੰਦਾ, ਸੰਗਤ ਵਿਚ ਹੀ ਕਰਦਾ। ਆਪ ਜੀ ਪ੍ਰਸ਼ਾਦ ਲੰਗਰ ਵਿਚ ਛਕਦੇ। ਦੁਪਿਹਰ ਨੂੰ ਕੁਝ ਆਰਾਮ ਕਰਦੇ ਤੇ ਸ਼ਿਕਾਰ ਨੂੰ ਚੜ੍ਹ ਪੈਂਦੇ। ਜੀਵ ਹੀ ਸ਼ਿਕਾਰ ਪਕੜ ਲਿਆਂਦੇ ਅਤੇ -

*'ਗ੍ਰਹ ਮੈ ਰਾਖ ਪਾਲਨਾ ਹੋਇ।*
*ਖਾਨ ਪਾਨ ਦੁਖ ਤਿਨੇ ਨ ਕੋਇ।'*

ਸ਼ਾਮ ਨੂੰ ਕਥਾ ਹੁੰਦੀ। ਕਥਾ ਆਪੂੰ ਹੀ ਕਰਦੇ। ਕੀਰਤਨ ਉਪਰੰਤ ਰਹਿਰਾਸ ਦਾ ਪਾਠ ਹੁੰਦਾ। ਲੰਗਰ ਛਕ ਕੇ ਸੋਹਿਲੇ ਦਾ ਪਾਠ ਕਰਕੇ ਪਹਿਰ ਰਾਤ ਲਈ ਬਿਰਾਜ ਜਾਂਦੇ।

**ਪ੍ਰਚਾਰ ਵਲ ਖਾਸ ਧਿਆਨ -** ਗੁਰੂ ਹਰਿ ਰਾਇ ਜੀ ਨੇ ਪ੍ਰਚਾਰ ਦੇ ਕੰਮ ਨੂੰ ਢਿੱਲਾ ਨਾ ਹੋਣ ਦਿਤਾ। ਜੋ ਕੋਈ ਵੀ ਦਰਬਾਰ ਵਿਚ ਆਉਂਦਾ ਉਸ ਨੂੰ ਵੰਡ ਛਕਣ ਤੇ ਸੇਵਾ ਅਪਣਾਉਣ ਲਈ ਕਹਿੰਦੇ। ਕਈ ਨਵੇਂ ਪ੍ਰਚਾਰਕ ਨਿਯਤ ਕਰਕੇ ਦੂਰ-ਦੁਰਾਡੇ ਮੁਲਕ ਵਿਚ ਭੇਜੇ ਗਏ। ਇਕ ਸੰਨਿਆਸੀ ਭਗਤ ਭਗਵਾਨ ਨੂੰ ਪੂਰਬ ਵਲ ਭੇਜਿਆ। ਸੁਥਰੇ ਸ਼ਾਹ ਨੂੰ ਦਿੱਲੀ ਤੇ ਭਾਈ ਫੇਰੂ ਜੀ ਨੂੰ ਰਾਜਸਥਾਨ ਵਲ ਪ੍ਰਚਾਰ ਲਈ ਭੇਜਿਆ। ਕੈਥਲ ਤੇ ਬਾਗੜੀਆਂ ਖਾਨਦਾਨਾਂ ਦੇ ਮੋਢੀ ਭਾਈਆਂ ਨੂੰ ਮਾਲਵੇ ਦੇ ਇਲਾਕੇ ਵਿਚ ਪ੍ਰਚਾਰ ਕਰਨ ਦਾ ਕੰਮ ਸੌਂਪਿਆ। ਦੁਆਬਾ ਬਾਰੀ ਵਿਚ ਭਾਈ ਫੇਰੂ ਨੂੰ ਸਿੱਖੀ ਦੇ ਪ੍ਰਚਾਰ ਲਈ ਮੁਕੱਰਰ ਕੀਤਾ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਕਈ ਬੀੜਾਂ ਆਪ ਜੀ ਨੇ ਲਿਖਵਾ ਤਿਆਰ ਕੀਤੀਆਂ। ਆਪਣੀ ਹੱਥੀਂ ਮੂਲ ਮੰਤਰ ਨੂੰ ਨਿਖੇੜ ਕੇ ਲਿਖਿਆ ਤਾਂ ਕਿ ਬਾਣੀ ਪੜ੍ਹਨ ਸਮਝਣ ਵਿਚ ਆਸਾਨੀ ਰਹੇ। ਇਸ ਪ੍ਰਚਾਰ ਨੇ ਸਮੇਂ ਸਿਰ ਠੱਲ੍ਹ ਪਾਈ। ਜਦ ਔਰੰਗਜ਼ੇਬ ਸੰਨ 1658 ਨੂੰ ਤਖਤ ਉਤੇ ਬੈਠਾ ਤਾਂ ਉਸ ਇਸਲਾਮ ਤੋਂ ਇਲਾਵਾ ਹੋਰ ਧਰਮਾਂ ਨੂੰ ਮੁਕਾਉਣ ਦੀਆਂ ਜਦ ਵਿਉਂਤਾਂ ਬਣਾਈਆਂ ਤਾਂ ਇਸੇ ਪ੍ਰਚਾਰ ਦਾ ਸਦਕਾ ਸਿੱਖ ਉਨ੍ਹਾਂ ਅੱਤਿਆਚਾਰਾਂ ਦਾ ਮੁਕਾਬਲਾ ਕਰ ਸਕੇ।

**ਝੜਪ -** ਗੁਰੂ ਹਰਿ ਰਾਇ ਜੀ ਦੁਆਰੇ ਵਿਚ ਵਿਚਰ ਰਹੇ ਸਨ ਕਿ ਮੁਖਲਿਸ ਖਾਂ ਦੇ ਪੋਤਰੇ ਉਮਰ ਹਯਾਤ ਖਾਨ ਨੇ ਗੁਰੂ ਹਰਿ ਰਾਇ ਜੀ 'ਤੇ ਹੱਲਾ ਬੋਲ ਦਿਤਾ। ਆਪ ਜੀ ਪਿੱਛੇ ਭਾਈ ਭਗਤੂ ਦਾ ਪੁੱਤਰ 'ਗੌਰਾ' ਕੁਝ ਚੋਣਵੇਂ ਫੌਜੀਆਂ ਨਾਲ ਆ ਰਿਹਾ ਸੀ। ਉਸ ਨੇ ਹਯਾਤ ਖ਼ਾਨ ਦੀ ਫੌਜ ਨੂੰ ਫਗਵਾੜੇ ਦੇ ਨੇੜੇ 'ਪਲਾਹੀ' ਰੋਕ ਪਾਈ ਤੇ ਹਯਾਤ ਨੂੰ ਹਾਰ ਦਿਤੀ। ਗੌਰਾ ਨੂੰ ਵੀ ਵਰ ਦਿਤਾ ਕਿ ਤੇਰਾ ਰਾਜ ਤੇ ਰਾਜਧਾਨੀ ਹੋਵੇਗੀ। ਇਸੇ ਦੀ ਸੰਤਾਨ ਪਿੱਛੋਂ ਕੈਥਲ ਦੀ ਮਾਲਕ ਬਣੀ ਜਿਸ ਪਾਸ ਪ੍ਰਸਿੱਧ ਵਿਦਵਾਨ ਭਾਈ ਸੰਤੋਖ ਸਿੰਘ ਜੀ ਨੇ ਟਿਕ ਕੇ ਸੂਰਜ ਪ੍ਰਕਾਸ਼ ਜਿਹਾ ਮਹਾਨ ਗ੍ਰੰਥ ਰਚਿਆ।

**ਪ੍ਰਚਾਰ ਦੌਰੇ -** ਮਾਝੇ ਤੇ ਦੁਆਬੇ ਵਿਚ ਤਾਂ ਸਦੀਆਂ ਤੋਂ ਪ੍ਰਚਾਰ ਹੋ ਰਿਹਾ ਸੀ ਪਰ ਮਾਲਵੇ ਵਿਚ ਸਿਵਾਇ ਗੁਰੂ ਹਰਿਗੋਬਿੰਦ ਜੀ ਦੇ ਕਿਸੇ ਗੁਰੂ ਨੇ ਚਰਨ ਨਹੀਂ ਪਾਏ ਸਨ ਪਰ ਗੁਰੂ ਹਰਿ ਰਾਇ ਸਾਹਿਬ ਨੇ ਇਸ ਇਲਾਕੇ ਵਿਚ ਜਾ ਕੇ ਪ੍ਰਚਾਰ ਦਾ ਕੰਮ ਆਰੰਭਿਆ। ਆਪ ਜੀ ਨੇ ਬਖਸ਼ਿਸ਼ਾਂ ਵੀ ਸਾਜੀਆਂ। ਪਟਿਆਲਾ, ਨਾਭਾ ਤੇ ਜੀਂਦ ਦੇ ਵਡੇਰਿਆਂ 'ਰਾਮਾ ਤੇ ਤਿਲੋਕਾ' ਨੂੰ ਗੁਰੂ ਹਰਿ ਰਾਇ ਸਾਹਿਬ ਨੇ ਵਰ ਬਖਸ਼ੇ ਕਿ 'ਉਹ ਰਾਜ ਕਮਾਉਣਗੇ।' ਇਸੇ ਤਰ੍ਹਾਂ ਮਹਾਰਾਜ ਰਣਜੀਤ ਸਿੰਘ ਦੇ ਵਡੇਰਿਆਂ ਭਾਈ ਬੁੱਢਾ ਜੀ ਨੂੰ ਵੀ ਅਸੀਸਾਂ ਦਿਤੀਆਂ। ਗੁਰੂ ਜੀ ਮਾਲਵੇ ਦੇ ਬਹੁਤ ਸਾਰੇ ਪਿੰਡਾਂ ਵਿਚ ਵਿਚਰੇ। ਪਿਆਰ ਤੇ ਹਲੀਮੀ ਦਾ ਪ੍ਰਚਾਰ ਕੀਤਾ।

**ਭਾਈ ਹਕੀਕਤ ਰਾਏ ਦੇ ਦਾਦਾ ਭਾਈ ਨੰਦ ਲਾਲ ਪੁਰੀ ਦਾ ਗੁਰੂ ਪਾਸ ਆਉਣਾ-** ਗੁਰੂ ਹਰਿਰਾਇ ਜੀ ਸਿੱਖੀ ਨੂੰ ਪੱਕੇ ਪੈਰਾਂ 'ਤੇ ਕਰਨ ਲਈ ਵੱਖਰੀ ਮਰਯਾਦਾ ਦੀ ਰੱਖੀ ਨੀਂਹ ਤੇ ਮਹੱਲ ਉਸਾਰੇ ਜਾ ਰਹੇ ਸਨ। ਜਦ ਆਪ ਜੀ ਸਿਆਲਕੋਟ ਦੇ ਨਜ਼ਦੀਕ ਗਲੋਟੀਆਂ ਖੁਰਦ ਪੁੱਜੇ ਤਾਂ ਉਥੇ ਭਾਈ ਨੰਦ ਲਾਲ ਜੀ ਪੁਰੀ ਦਰਸ਼ਨਾਂ ਨੂੰ ਆਏ। ਉਨ੍ਹਾਂ ਦੇ ਹੀ ਪੋਤਰੇ ਭਾਈ ਹਕੀਕਤ ਰਾਏ ਜੀ ਸਨ। ਭਾਈ ਨੰਦ ਲਾਲ ਜੀ ਨੇ ਜਦ ਉਪਦੇਸ਼ ਮੰਗਿਆ ਤਾਂ ਸਤਵੇਂ ਪਾਤਸ਼ਾਹ ਨੇ ਫੁਰਮਾਇਆ - ਤਿੰਨ ਗੱਲਾਂ ਨਹੀਂ ਕਰੇਗਾ ਤਾਂ 'ਧਰਮ ਤੇਰੇ ਘਰ ਰਹੇਗਾ। ਇਕ, ਟੋਪੀ ਨਾ ਪਹਿਨਣੀ, ਦੂਜੇ ਤਮਾਕੂ ਨਾ ਪੀਣਾ ਅਤੇ ਤੀਜੇ ਕੇਸ ਕਤਲ ਨਾ ਕਰਾਉਣੇ। ਭਾਈ ਜੀ ਨੇ ਤਿੰਨੇ ਗੱਲਾਂ ਪੱਲੇ ਬੰਨ੍ਹ ਲਈਆਂ ਅਤੇ ਉਨ੍ਹਾਂ ਦਾ ਨਾਂ ਧਰਮੀ ਪੈ ਗਿਆ। ਉਨ੍ਹਾਂ ਦੇ ਪੁੱਤਰ ਭਾਈ ਮਾਘ ਮੱਲ ਜੀ ਸਿੱਖਾਂ ਨਾਲ ਹਮਦਰਦੀ ਰੱਖਦੇ ਸਨ ਤੇ ਲੋੜ ਵੇਲੇ ਰਸਦ ਤੇ ਰਕਮ ਪੁਜਾਂਦੇ ਸਨ। ਭਾਈ ਮਾਘ ਮੱਲ ਦਾ ਪੁੱਤਰ ਹੀ ਹਕੀਕਤ ਰਾਏ ਜੀ ਸੀ, ਜੋ ਜ਼ਕਰੀਆ ਖਾਂ ਹੱਥੋਂ ਸ਼ਹੀਦ ਹੋਏ।

**ਗੁਰੂ ਜੀ ਨੇ ਆਪਣੇ ਤੋਸ਼ੇਖਾਨੇ ਤੋਂ ਬੀਮਾਰ ਦਾਰਾ ਲਈ ਹਰੀੜਾਂ ਭੇਜੀਆਂ -** ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਉਦਾਸੀ ਦੇ ਆਰੰਭ ਵਿਚ ਕੋਹੜੀਆਂ ਨਾਲ ਪਿਆਰ ਕਰਕੇ ਇਨਸਾਨੀ ਹਮਦਰਦੀ ਦਾ ਅਮਲੀ ਸਬੂਤ ਦਿਤਾ ਸੀ। ਬਾਕੀ ਗੁਰੂ ਸਾਹਿਬਾਨ ਵੀ ਉਸੇ ਤਰ੍ਹਾਂ ਕਰਦੇ ਰਹੇ। ਸ੍ਰੀ ਗੁਰੂ ਅਰਜਨ ਸਾਹਿਬ ਨੇ ਕੋਹੜੀਆਂ ਲਈ ਘਰ ਵੀ ਬਣਾਇਆ ਜੋ ਵਿਤਕਰੇ ਤੋਂ ਉਤੇ ਉਠ ਕੇ ਹਰ ਪ੍ਰਾਣੀ ਮਾਤਰ ਨੂੰ ਪਨਾਹ ਦੇਂਦਾ ਸੀ। ਗੁਰੂ ਘਰ ਵਿਚ ਲੋੜਵੰਦਾਂ ਲਈ ਤੇ ਕਈ ਬੀਮਾਰੀਆਂ ਲਈ ਅਮੁੱਲ ਔਖਧ ਵੀ ਸਨ। ਸਾਹਜਹਾਨ ਦਾ ਵੱਡਾ ਪੁੱਤਰ ਦਾਰਾ ਬੀਮਾਰ ਪੈ ਗਿਆ। ਇਹ ਕਿਹਾ ਜਾਂਦਾ ਹੈ ਕਿ ਖਾਣੇ ਵਿਚ ਔਰੰਗਜ਼ੇਬ ਨੇ ਦਾਰਾ ਨੂੰ ਸ਼ੇਰ ਦੀ ਮੁੱਛ ਦਾ ਵਾਲ ਖਵਾ ਦਿਤਾ ਸੀ। ਹਕੀਮਾਂ ਤੇ ਵੈਦਾਂ ਨੇ ਬੀਮਾਰੀ ਸਖਤ ਦੱਸੀ ਤੇ ਇਲਾਜ ਦਸਿਆ -

*''ਹਰੜ ਆਦਿ ਬੜਿਤੋਲ ਕੀ ਦੈ ਸਿਰਸਾਹੀ।*
*ਇਕ ਮਾਸੇ ਕੋ ਲੌਂਗ ਹੁਇ ਅਨੁਵਾਵਹੁ ਪਾਹੀ।''*

ਸਾਰਿਆਂ ਪਾਸੇ ਢੂੰਡ-ਭਾਲ ਕੀਤੀ ਗਈ ਪਰ ਵਿਅਰਥ। '*ਖੋਜੇ ਨਹੀਂ ਮਿਲੁ ਕਾਰਜ ਅਤਿ ਭੀੜ*'।' ਆਖਿਰ ਕਿਸੇ ਦੱਸ ਪਾਈ ਕਿ ਗੁਰੂ ਸਾਹਿਬ ਕੋਲ ਦਵਾਈਆਂ ਦਾ ਅਮੁੱਲ ਖਜ਼ਾਨਾ ਹੈ। ਗੁਰੂ ਹਰਿ ਰਾਇ ਜੀ ਨੇ ਸ਼ਾਹ ਨੂੰ ਲੋੜਵੰਦ ਜਾਣ ਕੇ ਉਹ ਕੀਮਤੀ ਦਵਾਈ ਭੇਜੀ। ਨਾਲ ਹੀ ਗੁਰੂ ਪਾਤਸ਼ਾਹ ਨੇ ਇਕ ਮੋਤੀ ਵੀ ਭੇਜਿਆ ਕਿ ਉਸ ਨੂੰ ਪੀਸ ਕੇ ਦਵਾਈ ਦੇ ਤੌਰ 'ਤੇ ਵਰਤਿਆ ਜਾਏ। ਮੈਕਾਲਫ਼ ਦਾ ਲਿਖਣਾ ਹੈ ਸ਼ਾਹਜਹਾਨ ਨੇ ਆਪੂ ਚਿੱਠੀ ਲਿਖੀ ਸੀ। ਦਾਰਾ ਬਿਲਕੁਲ ਅਰੋਗ ਹੋ ਗਿਆ। ਦਾਰਾ ਉਂਝ ਵੀ ਸੂਫੀ ਖਿਆਲਾਂ ਦਾ ਸੀ। ਦਾਰਾ ਮੀਆਂ ਮੀਰ ਦਾ ਚੇਲਾ ਸੀ। ਮੀਆਂ ਮੀਰ ਜੀ ਵੀ ਬੜਾ ਪਿਆਰ ਕਰਦੇ ਸਨ। ਉਸ ਨੇ ਮੀਆਂ ਮੀਰ ਜੀ ਕੋਲੋਂ ਹੀ ਗੁਰੂ ਹਰਿ ਰਾਇ ਜੀ ਤੋਂ ਗੁਰੂ ਹਰਿਗੋਬਿੰਦ ਦੀ ਉਪਮਾ ਸੁਣੀ ਸੀ। ਦਾਰਾ ਬਾਰੇ ਸਾਡੇ ਇਤਿਹਾਸ ਨੇ ਵੀ ਲਿਖਿਆ ਹੈ ਕਿ ਉਹ -

*''ਅਤਿ ਸੁੰਦਰ ਸ਼ੀਲਵੰਤ ਸ਼ੁਭ ਕਾਮ।*
*ਸਾਬਤ ਦੀਨ ਅਹਲ ਇਸਲਾਮ।'*

ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ ਤੇ ਕਈ ਵਿਚਾਰਾਂ ਉਸ ਨੇ ਸਾਂਝੀਆਂ ਕੀਤੀਆਂ। ਇਹ ਹੀ ਕਹਿੰਦਾ ਗਿਆ -

*''ਵੈ ਫ਼ਕੀਰ ਰਬ ਕੀ ਜਾਤ।*
*ਬੇ ਖਾਹਸ਼, ਜਾਹਰ ਕਰਾਮਾਤ।'*

**ਤਖ਼ਤ ਨਸ਼ੀਨੀ ਦੀ ਜੰਗ ਤੇ ਦਾਰਾ ਦੀ ਮਦਦ -** ਦਸੰਬਰ 1657 ਵਿਚ ਸ਼ਾਹਜਹਾਨ ਸਖ਼ਤ ਬੀਮਾਰ ਹੋ ਗਿਆ। ਉਸ ਦੀ ਬੀਮਾਰੀ ਨੂੰ ਨਾ ਠੀਕ ਹੋਣ ਵਾਲੀ ਸਮਝ ਕੇ ਸ਼ਾਹਜਹਾਨ ਦੇ ਪੁੱਤਰਾਂ : ਦਾਰਾ, ਸ਼ੁਜਾਹ, ਔਰੰਗਜ਼ੇਬ ਨੇ ਰਲ ਕੇ ਆਗਰੇ ਵੱਲ ਚੜ੍ਹਾਈ ਕੀਤੀ। ਧਰਮਕੋਟ ਅਤੇ ਸ਼ਾਮੂਗੜ੍ਹ ਦੇ ਅਸਥਾਨ ਉਤੇ ਦਾਰਾ ਨੂੰ ਤਕੜੀ ਹਾਰ ਹੋਈ। ਉਹ ਆਪਣੇ ਬੱਚਿਆਂ ਸਮੇਤ ਪੰਜਾਬ ਵਲ ਜੂਨ 1658 ਈ: ਨੂੰ ਭੱਜ ਉਠਿਆ। ਪੰਜਾਬ ਵਿਚ ਗੁਰੂ ਹਰਿ ਰਾਇ ਸਾਹਿਬ ਨਾਲ ਜਾਣ-ਪਹਿਚਾਣ ਹੋਣ ਕਰਕੇ ਪਹਿਲਾਂ ਕੀਰਤਪੁਰ ਗਿਆ। ਉਥੇ ਗੁਰੂ ਜੀ ਨੂੰ ਨਾ ਪਾ ਕੇ ਗੋਇੰਦਵਾਲ ਪਹਿਲੀ ਜੁਲਾਈ 1658 ਈ: ਨੂੰ ਪੁੱਜਾ। ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ -

*ਦਰਿਆਉ ਉਤਰ ਦਾਰਾ ਸ਼ਿਕੋਹ*
*ਸਤਿਗੁਰ ਸੋ ਕੀਆ ਮਿਲਾਪ।*
*ਗੁਰ ਅੰਤਰਜਾਮੀ ਜਾਨਿਆ ਦੇਖ ਅਮਿਤ ਪ੍ਰਤਾਪ॥*

ਗੁਰੂ ਜੀ ਕੋਲੋਂ ਮਦਦ ਮੰਗੀ ਕਿ ਉਸ ਨੂੰ ਔਰੰਗਜ਼ੇਬ ਕੋਲੋਂ ਬਚਾਇਆ ਜਾਏ। ਚੌਧਰੀ ਲੰਘਾਹ ਦੇ ਪੁੱਤਰ ਸਕੰਦਰ ਨੂੰ ਗੁਰੂ ਮਹਾਰਾਜ ਨੇ ਆਪਣੀ ਫੌਜ ਦੇ ਕੇ ਦਾਰਾ ਨੂੰ ਬਿਆਸ ਪਾਰ ਕਰਾਇਆ

ਅਤੇ ਉਹ ਲਾਹੌਰ 23 ਜੁਲਾਈ ਨੂੰ ਪੁੱਜ ਗਿਆ। 18 ਅਗਸਤ ਨੂੰ ਦਾਰਾ ਲਾਹੌਰ ਤੋਂ ਮੁਲਤਾਨ ਨੱਸ ਉਠਿਆ ਅਤੇ 18 ਅਗਸਤ ਨੂੰ ਔਰੰਗਜ਼ੇਬ ਦਾ ਲਾਹੌਰ 'ਤੇ ਵੀ ਕਬਜ਼ਾ ਹੋ ਗਿਆ। ਪਰ ਦਾਰਾ ਬਹੁਤੀ ਦੇਰ ਬਚਿਆ ਨਾ ਰਹਿ ਸਕਿਆ ਤੇ ਪਕੜਿਆ ਗਿਆ ਅਤੇ ਕਤਲ ਕੀਤਾ ਗਿਆ।

**ਔਰੰਗਜ਼ੇਬ ਦੇ ਕੰਨ ਭਰਨੇ** - ਇਸ ਘਟਨਾ ਤੋਂ ਫ਼ਾਇਦਾ ਉਠਾਉਂਦੇ ਹੋਏ ਕੁਝ ਦੋਖੀਆਂ ਨੇ ਔਰੰਗਜ਼ੇਬ ਦੇ ਕੰਨ ਭਰੇ ਕਿ ਗੁਰੂ ਜੀ ਨੇ ਦਾਰਾ ਦੀ ਮਦਦ ਕੀਤੀ ਹੈ। ਨਾਲੇ ਜੋ ਇਨ੍ਹਾਂ ਨੇ ਧਰਮ ਗ੍ਰੰਥ ਰਚਿਆ ਹੈ, ਉਸ ਵਿਚ ਮੁਸਲਮਾਨਾਂ ਤੇ ਇਸਲਾਮ ਵਿਰੁੱਧ ਲਿਖਿਆ ਹੈ। ਔਰੰਗਜ਼ੇਬ ਨੇ ਸਫਾਈ ਲਈ ਗੁਰੂ ਹਰਿ ਰਾਇ ਸਾਹਿਬ ਨੂੰ ਦਿੱਲੀ ਸਦ ਘੱਲਿਆ। ਗੁਰੂ ਹਰਿ ਰਾਇ ਜੀ ਔਰੰਗਜ਼ੇਬ ਦੀਆਂ ਫ਼ਰੇਬੀ ਚਾਲਾਂ ਨੂੰ ਸਮਝਦੇ ਸਨ। ਉਨ੍ਹਾਂ ਆਪ ਦਿੱਲੀ ਜਾਣਾ ਯੋਗ ਨਾ ਸਮਝਿਆ ਤੇ ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਇ ਜੀ ਨੂੰ ਦਿੱਲੀ ਭੇਜਿਆ। ਮਹਿਮਾ ਪ੍ਰਕਾਸ਼ ਦਾ ਲਿਖਾਰੀ ਕਹਿੰਦਾ ਹੈ : ਗੁਰੂ ਹਰਿ ਰਾਇ ਜੀ ਨੇ ਰਾਮ ਰਾਇ ਜੀ ਨੂੰ ਸਮਝਾਇਆ ਕਿ ਦਿੱਲੀ ਜਾ ਕੇ ਔਰੰਗਜ਼ੇਬ ਜੋ ਪੁੱਛੇ, ਨਿਡਰ ਹੋ ਕੇ ਸੱਚੀ ਗੱਲ ਕਹਿਣੀ ਤੇ ਕਰਾਮਾਤ ਨਹੀਂ ਵਿਖਾਉਣੀ -

*"ਸੁਨੋ ਪੁੱਤਰ ਮੈਂ ਬਚਨ ਜੋ ਕਹੋਂ।*
*ਤੁਮਰੇ ਸੰਗ ਸਦਾ ਮੈਂ ਰਹੋਂ।*
*ਦਿੱਲੀ ਪਤ ਸੋ ਜਾਇ ਤੁਮ ਮਿਲੋ।*
*ਕੁਝ ਸ਼ੰਕ ਭੈ ਨਾਹੀ ਮਨ ਮੈ ਗਿਲੋ।*
*ਤੁਮਾਰਾ ਬਚਨ ਸੁਫਲ ਸਭ ਹੋਏ।*
*ਤੁਮ ਸਮਾਨ ਬਲੀ ਨਹੀਂ ਕੋਏ।*
*ਜੋ ਪੂਛੇ ਸੋ ਸਤ ਕਹਿ ਦੀਜੇ।*
*ਕਛੁ ਕਰਾਮਾਤ ਪ੍ਰਗਟ ਨਹੀਂ ਕੀਜੇ।* (ਸਾਖੀ ੧੮)

ਰਾਮ ਰਾਇ ਜੀ ਦਾ ਕਰਾਮਾਤਾਂ ਦਿਖਾਣਾ ਤੇ ਮਿੱਟੀ ਬੇਈਮਾਨ ਦੀ ਕਹਿਣੀ - ਰਾਮ ਰਾਇ ਜੀ ਨੇ ਦਿੱਲੀ ਜਾ ਕੇ ਔਰੰਗਜ਼ੇਬ ਵਲੋਂ ਉਠਾਏ ਗਏ ਪ੍ਰਸ਼ਨਾਂ ਦਾ ਉੱਤਰ ਦਿਤਾ। ਔਰੰਗਜ਼ੇਬ ਦੀ ਤਸੱਲੀ ਹੋ ਗਈ। ਰਾਮ ਰਾਇ ਜੀ ਹੰਕਾਰ ਵਿਚ ਆ ਗਏ। ਔਰੰਗਜ਼ੇਬ ਨੇ ਕਰਾਮਾਤ ਦਿਖਾਉਣ ਲਈ ਆਖਿਆ। ਗੁਰੂ ਜੀ ਦੇ ਬਚਨ ਭੁੱਲ ਕੇ ਰਾਮ ਰਾਇ ਜੀ ਨੇ ਕਰਾਮਾਤਾਂ ਦਿਖਲਾਣੀਆਂ ਸ਼ੁਰੂ ਕੀਤੀਆਂ। ਗੁਰੂ-ਪੁੱਤਰ ਦਾ ਕੰਮ ਛੱਡ ਕੇ ਮਦਾਰੀਆਂ ਵਾਲਾ ਕੰਮ ਫੜ ਲਿਆ। ਦਰਬਾਰ ਵਿਚ 52 ਤੋਂ ਵੱਧ ਕਰਾਮਾਤਾਂ ਦਿਖਾਈਆਂ। ਮੋਇਆ ਬੱਕਰਾ ਜਿੰਦਾ ਕਰ ਦਿਤਾ, ਮਸਤ ਹਾਥੀ ਉਤੇ ਚੜ੍ਹ ਗਏ, ਨਿੰਦਕ ਦੀ ਜ਼ਬਾਨ ਬੰਦ ਕਰ ਦਿਤੀ ਦਿਨੇ ਤਾਰੇ ਦਿਖਲਾ ਦਿਤੇ, ਖਾਧਾ ਦੱਸਿਆ, ਜੰਦਰੇ ਖੋਲ੍ਹੇ ਤੇ ਹੋਰ ਕਰਾਮਾਤਾਂ ਦੱਸੀਆਂ। ਗੁਰੂ ਹਰਿ ਰਾਇ ਜੀ ਇਸ ਆਪਹੁਦਰੀ ਨੂੰ ਤਾਂ ਸ਼ਾਇਦ ਬਰਦਾਸ਼ਤ ਕਰ ਹੀ ਲੈਂਦੇ ਪਰ ਜਦ ਬਾਬਾ ਰਾਮ ਰਾਇ ਜੀ ਨੇ ਗੁਰਬਾਣੀ ਹੀ ਬਦਲਾ ਦਿਤੀ ਤਾਂ ਆਪ ਜੀ ਨੇ ਬਹੁਤ ਗੁੱਸਾ ਕੀਤਾ। ਔਰੰਗਜ਼ੇਬ ਨੇ ਰਾਮ ਰਾਇ ਕੋਲੋਂ ***'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥'(ਅੰਗ-੪੬੬)*** ਦੇ ਅਰਥ ਪੁੱਛੇ ਕਿ ਇਹ ਕਿਸ ਪ੍ਰਸੰਗ ਅਨੁਸਾਰ ਵਰਤਿਆ ਗਿਆ ਹੈ ਤਾਂ ਰਾਮਰਾਇ ਜੀ ਡਰ ਗਏ। ਦਿੱਲੀ ਵਿਖੇ ਛੋਟੀ-ਛੋਟੀ ਗੱਲੋਂ ਸਿਰ ਲੱਬਦੇ ਤੇ ਤਸੀਹੇ ਮਿਲਦੇ ਉਹ ਦੇਖ ਰਹੇ ਸਨ। ਭੈ-ਭੀਤ ਹੋਏ, ਯਕਦਮ ਬੋਲ ਉੱਠੇ ਕਿ ਇਹ ਤੁਕ ਗਲਤ ਪੜ੍ਹੀ ਤੇ ਲਿਖੀ ਗਈ ਹੈ। ਅਸਲ 'ਮਿਟੀ ਬੇਈਮਾਨ ਕੀ ਪੇੜੈ ਪਈ ਕੁਮ੍ਹਿਆਰ' ਹੈ। ਔਰੰਗਜ਼ੇਬ ਦੀ ਤਸੱਲੀ ਹੋ ਗਈ। ਗੁਰੂ ਹਰਿ ਰਾਇ ਸਾਹਿਬ ਨੂੰ ਜਦ ਉਪਰਲੀਆਂ ਘਟਨਾਵਾਂ ਦਾ ਪਤਾ ਲੱਗਾ ਤਾਂ ਆਪ ਜੀ ਨੇ ਉਸ ਨੂੰ ਛੋਟੀ ਮੱਤ ਵਾਲਾ ਕਿਹਾ। ਗੁਰੂ ਜੀ ਨੇ ਕਹਿਲਾ ਭੇਜਿਆ ਕਿ ਰਾਮ ਰਾਇ ਨੇ ਡਰ ਤੇ ਖੁਸ਼ਾਮਦ ਵਸ ਹੋ ਗੁਰਬਾਣੀ ਦੀਆਂ ਤੁਕਾਂ ਬਦਲਾਈਆਂ ਹਨ, ਉਸ ਬਾਣੀ ਦਾ ਸਤਿਕਾਰ ਨਹੀਂ ਰੱਖਿਆ। ਉਸ ਨੂੰ ਸਜ਼ਾ ਇਹ ਹੈ ਕਿ ਉਹ ਹੁਣ ਸਾਡੇ ਮੱਥੇ ਨਾ ਲੱਗੇ। ਇਹ ਵੀ ਲਿਖ ਭੇਜਿਆ ਕਿ ਉਹ ਕੀਰਤਪੁਰ ਨਾ ਆਏ। ਸੂਰਜ ਪ੍ਰਕਾਸ਼ ਦੇ ਲਿਖਾਰੀ ਨੇ ਗੁਰੂ ਹਰਿ ਰਾਇ ਸਾਹਿਬ ਦੇ ਮੁਖ 'ਚੋਂ ਨਿਕਲੇ ਸ਼ਬਦਾਂ ਨੂੰ ਇਸ ਤਰ੍ਹਾਂ ਲਿਖਿਆ ਹੈ -

*"ਇਮ ਸੁਨਿ ਸ੍ਰੀ ਸਤਿਗੁਰ ਹਰਿ ਰਾਇ।*
*ਸੁਤ ਦਿਸ਼ਿ ਤੇ ਕੁਛ ਰਿਸਮਨ ਲਯਾਇ।*
*ਗੁਰਤਾ ਉਚਿਤ ਨਹੀਂ ਰਾਖਯੋ ਮਾਨ।*
*ਸ਼ਬਦ ਬਿਪਰਜੈ ਕੀਨਿ ਬਖਾਨਿ।*
*ਪਹਿਲੇ ਪਾਤਿਸ਼ਾਹ ਕੇ ਬਾਕ।*
*ਫੇਰ ਸਕਿਹ ਕੋ ਇਨ ਮਤਿ ਰਾਕ।"*

ਫਿਰ ਹੁਕਮ ਦਿਤਾ ਕਿ ਰਾਮ ਰਾਇ ਔਰੰਗਜ਼ੇਬ ਦੇ ਰੋਹਬ ਵਿਚ ਆ ਗਿਆ ਹੈ, ਕਮਜ਼ੋਰ ਮਨ ਹੈ, ਗੁਰੂ ਘਰ ਵਿਚ ਕਿਸੇ ਕਿਸਮ ਦੀ ਕਮਜ਼ੋਰੀ ਪ੍ਰਵਾਨ ਨਹੀਂ। ਰਾਮ ਰਾਇ ਨੇ ਐਸ਼ਾਂ ਵਿਚ ਪੈ ਕੇ ਗੁਰੂ ਆਸ਼ੇ ਨੂੰ ਹੀ ਭੁਲਾ ਦਿਤਾ ਹੈ -

*"ਬਡ ਐਸ਼੍ਵਰਜ ਹੇਠ ਕਰਿ ਭੂਲਾ।*
*ਆਸ਼ੈ ਸਤਿਗੁਰ ਉਰ ਤੇ ਭੂਲਾ।*
*ਅਬ ਹਮਰੈ ਮੁਖ ਲਾਗਹਿ ਨਾਹੀ।*

*ਰਹੁਹ ਆਪ ਤੁਰਕੇਸੁਰ ਮਾਹੀ।*
*ਦਰਸਹਿ ਨਹਿ ਦਰਸਾਵਹਿ ਦਰਸ਼ਨ।*
*ਕਰਹਿ ਤੁਰਕ ਲਛਮੀ ਜੁ ਸਪਰਸੁਨ।"*

ਮੁਆਰੇ ਆਲਮਗੀਰੀ ਦੇ ਉਨੱਤੀਵੇਂ ਸਾਲ ਵਿਚ ਲਿਖਿਆ ਹੈ ਕਿ ਔਰੰਗਜ਼ੇਬ ਭਰੇ ਦਰਬਾਰ ਵਿਚ ਗੁਰਬਾਣੀ ਦੀਆਂ ਤੁਕਾਂ ਸਹਿਜੇ ਹੀ ਬੋਲ ਜਾਂਦਾ ਸੀ। ਉਸ ਨੇ ਇਕ ਵਾਰੀ ਇਕ ਦੰਭੀ ਫ਼ਕੀਰ ਬਾਰੇ ਸੁਣ ਕੇ ਕਿਹਾ ਸੀ -

*ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥*
*ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥*

*ਅੰਗ - ੧੨੮੬*

ਇਹ ਔਰੰਗਜ਼ੇਬ ਦਾ ਸੁਲਤਾਨਪੁਰ ਲੋਧੀ ਤੋਂ ਲਈ ਵਿਦਿਆ ਦਾ ਪ੍ਰਭਾਵ ਹੀ ਹੋ ਸਕਦਾ ਹੈ। ਇਥੋਂ ਕਈਆਂ ਇਹ ਨਤੀਜੇ ਵੀ ਕੱਢੇ ਹਨ ਕਿ ਔਰੰਗਜ਼ੇਬ ਸਿੱਖੀ ਘਰ ਨਾਲ ਵੈਰ ਨਹੀਂ ਸੀ ਰੱਖਦਾ।

**ਗੱਦੀ ਦੀ ਪਵਿੱਤਰਤਾ ਕਾਇਮ ਰੱਖਣੀ -** ਐਸੇ ਕਰੜੇ ਹੁਕਮ ਦੇ ਕੇ ਗੁਰੂ ਹਰਿ ਰਾਇ ਜੀ ਨੇ ਗੁਰਗੱਦੀ ਦੀ ਪਵਿੱਤਰਤਾ ਨੂੰ ਕਾਇਮ ਰੱਖਿਆ। ਪਹਿਲੇ ਸਤਿਗੁਰੂ ਸਾਹਿਬਾਨ ਤੋਂ ਇਹ ਚਲਦਾ ਆਇਆ ਹੈ ਕਿ ਜ਼ਾਲਮਾਂ ਤੇ ਬਦਾਂ ਨਾਲ ਮੇਲ-ਜੋਲ ਨਹੀਂ ਰੱਖਣਾ। ਰਾਮ ਰਾਇ ਨੇ ਤੁਕ ਨੂੰ ਬਦਲਾ ਕੇ ਸੱਚ ਨੂੰ ਹੱਥੋਂ ਗਵਾ ਦਿਤਾ। ਗੁਰੂ ਨਾਨਕ ਦਾ ਮੁੱਢ ਤੋਂ ਹੀ ਸੱਚ, ਪ੍ਰੇਮ, ਅਣਖ ਅਤੇ ਆਜ਼ਾਦੀ ਦਾ ਰਾਖਾ ਤੁਰਿਆ ਆਇਆ ਹੈ। ਰਾਮ ਰਾਇ ਨੇ ਅਰਥ ਬਦਲਾ ਕੇ ਬਾਦਸ਼ਾਹ ਨਾਲ ਬਣਾਈ ਰੱਖਣੀ ਚਾਹੀ। ਉਨ੍ਹਾਂ ਸੱਚ ਨੂੰ ਕਿਸੇ ਲਾਭ ਲਈ ਦਬਾ ਦਿਤਾ। ਇਹ ਗੱਲ ਗੁਰੂ ਘਰ ਵਿਚ ਪ੍ਰਵਾਨ ਨਹੀਂ। ਗੁਰੂ ਜੀ ਨੇ ਸਮਝ ਲਿਆ ਕਿ ਐਸਾ ਪੁਰਸ਼ ਭਾਵੇਂ ਕਿਤਨਾ ਸਿਆਣਾ ਹੋਵੇ, ਸੱਚ ਦੀ ਨੀਂਹ ਉਤੇ ਖੜ੍ਹੇ ਸਤਿਸੰਗ ਦਾ ਆਗੂ ਨਹੀਂ ਹੋ ਸਕਦਾ। ਗੁਰੂ ਹਰਿ ਰਾਇ ਜੀ ਨੇ ਵੱਡੇ ਪੁੱਤਰ ਨੂੰ ਤਿਆਗ ਕੇ ਅਸੂਲ ਕਾਇਮ ਰੱਖੇ। ਗੁਰੂ ਜੀ ਦੇ ਇਸ ਹੁਕਮ ਨੇ ਸੱਚ ਨੂੰ ਉੱਚਾ ਕਰ ਦਿਤਾ। ਉਨ੍ਹਾਂ ਦਾ ਔਰੰਗਜ਼ੇਬ ਤੋਂ ਨਾ ਡਰਨਾ, ਨਾ ਹੀ ਰਾਮ ਰਾਇ ਜੀ ਦੇ ਪਾਤਸ਼ਾਹ ਨਾਲ ਨਵੇਂ ਬਣੇ ਰਸੂਖ ਤੋਂ ਭੈ ਖਾਣਾ ਅਤੇ ਨਾ ਹੀ ਪੁੱਤਰ ਦੀ ਮੋਹ ਮਮਤਾ ਤੋਂ ਪ੍ਰਭਾਵਿਤ ਹੋਣਾ, ਗੁਰੂ ਹਰਿ ਰਾਇ ਜੀ ਦੀ ਉੱਚ ਭੈ-ਰਹਿਤ ਸ਼ਖਸੀਅਤ ਦਰਸਾਉਣ ਲਈ ਕਾਫ਼ੀ ਹੈ।

**ਕੁਝ ਹੋਰ ਬਚਨ -** ਗੁਰੂ ਹਰਿ ਰਾਇ ਸਦਾ ਇਹ ਬਚਨ ਕਰਦੇ ਸਨ ਕਿ ਆਏ ਅਤਿੱਥੀ ਨੂੰ ਪੂਰਾ ਆਦਰ ਦੇਣਾ ਚਾਹੀਦਾ ਹੈ। ਕਿਸੇ ਨੇ ਪੁਛਿਆ ਸੀ ਕਿ ਗ੍ਰਹਿਸਥੀ ਦਾ ਘਰ ਕਿਹੜਾ ਉੱਚਾ ਹੈ ਤਾਂ ਆਪ ਜੀ ਨੇ ਫੁਰਮਾਇਆ ਸੀ, 'ਚੂਕੇ ਸਮੇਂ ਅਥਿਤੁ ਜੋ ਆਵੈ। ਕਰ ਭਾਉ ਭਗਤ ਤਿਸ ਤ੍ਰਿਤ ਭੁਗਾਵੈ।' ਬਾਣੀ ਦਾ ਆਦਰ ਇਤਨਾ ਕਰਦੇ ਸਨ ਕਿ ਇਕ ਵਾਰੀ ਗੁਰੂ ਸ਼ਬਦ ਸੁਣਦੇ ਹੀ ਅਚਾਨਕ ਮੰਜੇ ਤੋਂ ਭੁੰਜੇ ਆ ਗਏ ਤੇ ਚੋਟ ਵੀ ਲੱਗੀ। ਜਦ ਵੀ ਗੁਰੂ ਅਸਥਾਨਾਂ ਤੇ ਜਾਂਦੇ ਜ਼ਮੀਨ ਤੇ ਹੀ ਬਿਸਰਾਮ ਕਰਦੇ 'ਭੂਮਾਸਨ ਸੈਨ ਦਿਆਲ ਤਹਾ ਕੀਆ।'

ਇਹ ਵੀ ਫੁਰਮਾਇਆ ਕਰਦੇ ਸਨ - ਯਕੀਨ ਦੇ ਘਰ ਰਵ੍ਹੋ। ਸ਼ੁਭ ਕਰਮਨ ਤੇ ਕਦੇ ਨ ਟਰੋ। ਕਿਰਤ ਸੁੱਚੀ ਰੱਖੋ। ਮੰਦਾ ਕਿਸੇ ਨੂੰ ਨਾ ਆਖੋ। ਦਿਲ ਦੁਖਾਉਣਾ ਹਰਾਮ ਜਾਣੋ। ਮਾਂ ਪਿਉ ਦੀ ਸੇਵਾ ਹੀ ਭਗਤੀ ਹੈ। ਮਨੁੱਖ ਦੇਹ ਦਰੁਲੱਭ ਹੈ, ਵਿਸ਼ੇ-ਵਿਕਾਰ ਵਿਚ ਪੈ ਕੇ ਜੀਵਨ ਦੀ ਬਾਜ਼ੀ ਨਾ ਹਾਰੋ। 'ਵਿਸ਼ਅਨ ਵਿਖੂ ਇਸ ਕੋ ਨਹਿ ਹਾਰੋ।' ਪਰਪੰਚ ਤਜੋ। ਸੰਸਾਰ ਪਾਰ ਕਰਨ ਦਾ ਜਹਾਜ਼ ਸਾਧ ਸੰਗਤ ਹੈ। ਦਸਵੰਧ ਜ਼ਰੂਰ ਕੱਢੋ। ਘਰ ਦੇ ਸਾਰੇ ਸੁਖ ਬਣੇ ਰਹਿਣਗੇ।

**ਗੁਰ-ਗੱਦੀ ਛੋਟੇ ਸੁਪੱਤਰ ਨੂੰ ਬਖਸ਼ਣੀ-** ਰਾਮ ਰਾਇ ਜੀ ਨੂੰ ਗੁਰ-ਗੱਦੀ ਦੇ ਯੋਗ ਨਾ ਜਾਣ ਕੇ ਗੁਰੂ ਹਰਿ ਰਾਇ ਜੀ ਦੇ ਗੁਰ-ਗੱਦੀ ਛੋਟੇ ਸਪੁੱਤਰ (ਗੁਰੂ) ਹਰਿ ਕ੍ਰਿਸ਼ਨ ਨੂੰ ਦੇਣ ਦਾ ਫੈਸਲਾ ਕਰ ਲਿਆ। ਗੁਰੂ ਹਰਿ ਕ੍ਰਿਸ਼ਨ ਜੀ ਦੀ ਵਿਦਿਆ ਦਾ ਖਾਸ ਪ੍ਰਬੰਧ ਕਰ ਦਿਤਾ ਅਤੇ ਗੁਰ-ਗੱਦੀ ਦੇ ਯੋਗ ਜਾਣ ਕੇ ਅਕਤੂਬਰ 1661 ਵਿਚ ਗੱਦੀ ਦੀ ਜ਼ਿੰਮੇਵਾਰੀ ਦੇ ਦਿਤੀ।

**ਜੋਤੀ ਜੋਤ ਸਮਾਉਣਾ -** ਥੋੜ੍ਹੇ ਹੀ ਦਿਨਾਂ ਉਪਰੰਤ 6 ਅਕਤੂਬਰ, ਸੰਨ 1661 ਨੂੰ ਗੁਰੂ ਹਰਿ ਰਾਇ ਸਾਹਿਬ ਜੀ 31 ਸਾਲ ਦੀ ਆਯੂ ਵਿਚ ਜੋਤੀ ਜੋਤ ਸਮਾ ਗਏ। ਆਪ ਜੀ ਨੇ ਸਤਾਰ੍ਹਾਂ ਸਾਲ ਗੁਰ-ਜ਼ਿੰਮੇਵਾਰੀ ਨੂੰ ਸੰਭਾਲੀ ਰੱਖਿਆ ਤੇ ਸਿੱਖ ਧਰਮ ਦੀਆਂ ਜੜ੍ਹਾਂ ਨੂੰ ਹੋਰ ਮਜ਼ਬੂਤ ਕੀਤਾ। ਲੰਗਰ ਵਰਤਾਉਣ ਵੇਲੇ ਨਗਾਰਾ, ਖੜ੍ਹੇ ਹੋ ਕੇ ਅਰਦਾਸ ਕਰਨ ਦਾ ਵਿਧਾਨ, ਗੁਰਬਾਣੀ ਦਾ ਅਥਾਹ ਅਦਬ, ਪ੍ਰਚਾਰ ਲਈ ਉਚੇਚੇ ਉਦਮ, ਪੰਥਕ ਬੇੜੇ ਨੂੰ ਆਉਣ ਵਾਲੇ ਖ਼ਤਰਿਆਂ ਤੋਂ ਆਗਾਹ ਕਰਨਾ, ਦਿੱਲੀ ਨਾਲ ਪੰਥ ਦੇ ਸਬੰਧਾਂ ਬਾਰੇ ਹੁਕਮ, ਖੁਸ਼ਾਮਦੀਆਂ ਨੂੰ ਦੁਰਕਾਰ ਭਾਵੇਂ ਉਹ ਪੁੱਤਰ ਹੀ ਹੋਵੇ, ਅਨੇਕਾਂ ਵਿਚੋਂ ਕੁਝ ਕੁ ਕੌਤਕ ਹਨ।

# ਕਲਗੀਧਰ ਜੀ ਦੇ 52 ਬਚਨ

*ਸ. ਬਲਵਿੰਦਰ ਸਿੰਘ*

### ਪਾਠਕ ਜਨਾਂ ਦੀ ਗਿਆਤ ਲਈ ਬੇਨਤੀ

**ਗੁਰਬਾਣੀ ਵਿਚੋਂ ਸਾਨੂੰ ਜੀਵਨ ਜੁਗਤਿ ਦੀ ਪ੍ਰਾਪਤੀ ਹੁੰਦੀ ਹੈ। ਜੀਵਨ ਨੂੰ ਆਤਮਿਕ ਰੰਗਣ ਦੇ ਕੇ ਕਿਵੇਂ ਬਸਰ ਕਰਨਾ ਹੈ, ਇਸ ਦੀ ਸੋਝੀ ਗੁਰਬਾਣੀ ਤੋਂ ਪ੍ਰਾਪਤ ਹੁੰਦੀ ਹੈ।ਜਿਥੇ ਸਾਨੂੰ ਗੁਰਬਾਣੀ ਜੀਵਨ ਦੇ ਹਰ ਖੇਤਰ ਦੀ ਸੇਧ ਬਖਸ਼ਦੀ ਹੈ, ਉਥੇ ਨਾਲੋਂ ਨਾਲ ਗੁਰੂ ਸਾਹਿਬਾਨ ਵਲੋਂ ਸਮੇਂ-ਸਮੇਂ ਸਿਰ ਕੀਤੇ ਪ੍ਰਵਚਨ ਜੋ ਖਾਸ ਹਾਲਾਤਾਂ ਵਿਚ ਸਾਮ੍ਹਣੇ ਬੈਠੇ ਜਗਿਆਸੂਆਂ ਦੀ ਪਰਾਲਬਧ ਅਨੁਸਾਰ ਆਉਂਦੇ ਹਨ, ਵੀ ਸਾਡੇ ਲਈ ਲਾਹੇਵੰਦ ਅਤੇ ਕਲਿਆਣਕਾਰੀ ਹਨ। ਇਨ੍ਹਾਂ ਬਚਨਾਂ ਵਿਚੋਂ ਕਲਗੀਧਰ ਪਿਤਾ ਜੀ ਵਲੋਂ ਜੋ ਖ਼ਾਲਸੇ ਨੂੰ ਸਰੀਰ ਦੇ ਆਖਰੀ ਸਮੇਂ ਵਿਚ ਸਚਖੰਡ ਨਾਦੇੜ ਦੀ ਪਵਿੱਤਰ ਧਰਤੀ ਤੇ ਦਿਤੇ ਗਏ 52 ਬਚਨ ਸਿੱਖ ਇਤਿਹਾਸ ਵਿਚ ਪ੍ਰਚਲਤ ਹਨ, ਉਨ੍ਹਾਂ ਬਚਨਾਂ ਨੂੰ 'ਆਤਮ ਮਾਰਗ' ਮੈਗਜ਼ੀਨ ਦੇ ਹਥਲੇ ਅੰਕ ਤੋਂ ਹਿੱਸਾ ਬਣਾਉਣ ਦੀ ਖੁਸ਼ੀ ਲੈ ਰਹੇ ਹਾਂ। ਆਸ ਹੈ ਪਾਠਕ ਜਨ ਇਨ੍ਹਾਂ ਬਚਨਾਂ ਨੂੰ ਵਿਸਥਾਰ ਵਿਚ ਪੜ੍ਹ ਸੁਣ ਕੇ ਜੀਵਨ ਦੇ ਲਾਹੇ ਪ੍ਰਾਪਤ ਕਰਨਗੇ।**

**ਅਦਾਰਾ 'ਆਤਮ ਮਾਰਗ' ਦੀ ਹਮੇਸ਼ਾ ਇਹੀ ਲੋਚਾ ਹੁੰਦੀ ਹੈ ਕਿ ਇਸ ਦੀ ਲੇਖਨੀ, ਸਮੱਗਰੀ ਐਸੀ ਹੋਵੇ ਜਿਸ ਨੂੰ ਪੜ੍ਹ, ਸੁਣ ਕੇ ਪਾਠਕ ਜਨਾਂ ਦਾ ਜੀਵਨ ਅਨੰਦਮਈ ਬਣੇ। ਦੁਖਾਂ ਦਾ ਨਾਸ ਹੋ ਕੇ ਸੁੱਖਾਂ ਦਾ ਪ੍ਰਕਾਸ਼ ਹੋਵੇ ਤੇ ਆਪਣੇ-ਆਪਣੇ ਜੀਵਨ ਲਕਸ਼ ਨੂੰ ਪ੍ਰਾਪਤ ਕਰ ਸਕੀਏ। ਜਿਸ ਬਾਰੇ ਬਾਣੀ ਫੁਰਮਾਨ ਕਰਦੀ ਹੈ -**

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*

*ਅੰਗ - ੪੪੧*

*ਡਾ. (ਭਾਈ) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

### ਪਹਿਲਾ ਬਚਨ:

### ਕਿਰਤ ਧਰਮ ਕੀ ਕਰਨੀ

ਅਮਰ ਜੋਤੀ, ਅਮਰ ਸ਼ਕਤੀ, ਅਕਾਲ ਪੁਰਖ ਵਾਹਿਗੁਰੂ ਨੇ, ਸਵੈਭੂ ਅਕਾਲ ਪੁਰਖ ਵਾਹਿਗੁਰੂ ਨੇ ਸ੍ਰਿਸ਼ਟੀ ਸਾਜੀ। ਕਿਵੇਂ ਸਾਜੀ? ਕਿਉਂ ਸਾਜੀ? ਕੀ-ਕੀ ਸਾਜਿਆ? ਕੀ-ਕੀ ਸਿਰਜਿਆ? ਕੀ-ਕੀ ਸਵਾਰਿਆ? ਸਾਨੂੰ ਬਿਲਕੁਲ ਪਤਾ ਨਹੀਂ। ਜਿਹੜਾ ਪਤਾ ਹੈ, ਉਹ ਮਸਾਂ ਰਾਈ ਬਰਾਬਰ ਹੈ ਜਾਂ ਇੰਜ ਕਹਿ ਲਈਏ ਕਿ ਨਾ-ਮਾਤਰ। ਵਾਹਿਗੁਰੂ ਨੇ ਕਿਤਨੀਆਂ ਧਰਤੀਆਂ, ਆਕਾਸ਼ ਪਾਤਾਲ, ਕਹਿਕਸ਼ਾਵਾਂ, ਗ੍ਰਹਿ, ਤਾਰੇ, ਸਿਤਾਰੇ ਬਣਾਏ, ਇਹ ਉਹੀ ਜਾਣਦਾ ਹੈ। ਉਨ੍ਹਾਂ ਸਭਨਾਂ ਦੀ ਗਿਣਤੀ ਸੰਭਵ ਨਹੀਂ। ਉਨ੍ਹਾਂ ਸਬੰਧੀ ਮੁੜ ਪੂਰਨ ਗਿਆਨ ਵੀ ਅਸੰਭਵ ਹੈ। ਇਹ ਵਾਹਿਗੁਰੂ ਨੂੰ ਹੀ ਪਤਾ ਹੈ ਕਿ ਉਹਨੇ ਕੀ-ਕੀ ਬਣਾਇਆ ਹੈ ਤੇ ਉਸ ਦੀ ਸੰਭਾਲ ਕਿਵੇਂ ਕਰਦਾ ਹੈ -

*ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥*
*ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥*
*ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ ॥*
*ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ॥*
*ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥ ਅੰਗ - ੪੬੭*

ਵਾਹਿਗੁਰੂ ਸਭ ਨੂੰ ਸੰਭਾਲਦਾ ਹੈ, ਭਾਵ ਸਭ ਦੀ ਸੰਭਾਲ ਕਰਦਾ ਹੈ। ਵਾਹਿਗੁਰੂ ਸਭ ਨੂੰ ਸੰਭਾਲਦਾ ਹੈ, ਸਭ ਨੂੰ ਜਾਣਦਾ ਹੈ, ਭਾਵ ਸਭ ਉਸਦੇ ਚੇਤੇ ਵਿਚ ਹਨ। ਉਸ ਦਾ ਇਹ ਵੀ ਸੁਭਾਅ ਹੈ ਕਿ ਉਹ ਸਭਨਾਂ ਜੀਆਂ ਦਾ ਦਾਤਾ ਹੈ ਤੇ ਜੇ ਉਸ ਦੀ ਕ੍ਰਿਪਾ ਨਾਲ ਸਾਨੂੰ ਇਹ ਵਿਸ਼ਵਾਸ਼ ਆ ਜਾਏ ਕਿ ਸਭਨਾਂ ਜੀਆਂ ਕਾ ਦਾਤਾ ਉਹੀ ਹੈ, ਫਿਰ ਸਾਨੂੰ ਉਹ ਵਿਸਰਨਾ ਵੀ ਨਹੀਂ ਚਾਹੀਦਾ। ਉਹ ਜੀਆਂ ਦਾ ਦਾਤਾ ਹੈ, ਪ੍ਰਾਣ ਦਾ ਦਾਤਾ ਹੈ, ਧਨ-ਧਾਨ ਦਾ ਦਾਤਾ ਹੈ, ਮਾਨ-ਸਨਮਾਨ ਦਾ ਦਾਤਾ ਹੈ ਤੇ ਉਸੇ ਕੋਲੋਂ ਦਾਤਾਂ ਸਾਨੂੰ ਮਿਲਦੀਆਂ ਹਨ। ਦਾਤਾਂ ਸਭ ਸਾਂਝੀਆਂ ਨੇ ਤੇ ਉਹ ਸਾਂਝਾ ਬਾਪ ਵੀ ਹੈ ਤੇ ਬਾਪ ਸਾਰਿਆਂ ਨੂੰ ਦੇਂਦਾ ਹੈ, ਇਹ ਵਿਸ਼ਵਾਸ਼ ਸਾਡੇ ਅੰਦਰ ਦ੍ਰਿੜ੍ਹ ਹੋਣਾ

ਚਾਹੀਦਾ ਹੈ। ਉਸ ਨੇ ਪਹਿਲਾਂ ਦੌਲਤਾਂ ਪੈਦਾ ਕੀਤੀਆਂ ਹਨ, ਅਖੁੱਟ ਤੇ ਭਰਪੂਰ ਖਜ਼ਾਨੇ ਉਪਾਏ ਹਨ, ਫਿਰ ਉਸ ਨੇ ਜੰਤ ਬਣਾਏ –

*ਪਹਿਲੋ ਦੇ ਤੈਂ ਰਿਜਕੁ ਸਮਾਹਾ ॥*
*ਪਿਛੋ ਦੇ ਤੈਂ ਜੰਤੁ ਉਪਾਹਾ ॥* *ਅੰਗ – ੧੩੦*

ਵਾਹਿਗੁਰੂ ਪਿਤਾ ਨੇ ਵਸਤਾਂ ਬਣਾ ਕੇ ਪਹਿਲਾਂ ਧਰਤੀ ਮਾਂ ਤੇ ਕੁਦਰਤ ਮਾਂ ਨੂੰ ਰਜਾਇਆ ਹੈ। ਫਿਰ ਸੰਸਾਰ ਉਪਾਇਆ ਹੈ। ਫਿਰ ਕਿਹੜੀ ਗੱਲੋਂ ਰਗੜੇ, ਝਗੜੇ, ਲੜਾਈਆਂ, ਜੰਗਾਂ ਹੁੰਦੀਆਂ ਹਨ? ਸ਼ਾਇਦ ਇਸੇ ਅਵਿਸ਼ਵਾਸ਼ ਕਾਰਨ ਕਿ ਮਤੇ ਮੈਨੂੰ ਨਾ ਮਿਲੇ, ਸ਼ਾਇਦ ਮੈਨੂੰ ਘੱਟ ਮਿਲੇ, ਉਹ ਬਹੁਤਾ ਲੈ ਗਿਆ, ਉਹ ਬਹੁਤਾ ਖਾ ਗਿਆ ਹੈ ਅਤੇ ਉਸ ਨੇ ਬਹੁਤੀ ਦੌਲਤ ਜੋੜ ਲਈ ਹੈ। ਇਸ ਸ਼ੱਕ, ਅਵਿਸ਼ਵਾਸ਼ ਤੇ ਅਸੰਤੋਖ ਨੇ ਅਜੀਬ ਜਿਹੀ ਕਾਂਵਾਂ-ਰੌਲੀ ਮਨੁੱਖ ਦੇ ਅੰਦਰ ਤੇ ਬਾਹਰ ਪਾ ਦਿਤੀ ਹੈ।

ਕਿਸੇ ਥੀਏਟਰ, ਸਿਨੇਮਾ ਹਾਲ, ਰਾਸ਼ਨ ਡਿਪੋ ਜਾਂ ਇਹੋ ਜਿਹੇ ਕਿਸੇ ਹੋਰ ਥਾਂ 'ਤੇ ਜਿਥੇ ਅੰਦਰ ਸਟਾਕ ਘੱਟ ਹੋਵੇ, ਵਸਤਾਂ ਘੱਟ ਹੋਣ, ਬਾਹਰ ਬੇਸ਼ੁਮਾਰ ਲੰਮੀ ਤੇ ਵੱਡੀ ਲਾਈਨ ਹੋਵੇ, ਕੁਝ ਕੁ ਅਗਲਿਆਂ ਨੂੰ ਛੱਡ ਕੇ ਪਿਛਲਿਆਂ ਦੇ ਅੰਦਰ ਤਰ੍ਹਾਂ-ਤਰ੍ਹਾਂ ਦੇ ਤੌਖਲੇ ਉਪਜਣਗੇ। ਸਾਨੂੰ ਨਹੀਂ ਜੇ ਲਭਣੇ, ਅਸੀਂ ਐਵੇਂ ਹੀ ਖਲੋਤੇ ਹੋਏ ਹਾਂ। ਅਸੀਂ ਖਲੋਤਿਆਂ ਹੀ ਰਹਿ ਜਾਣਾ ਹੈ, ਕੁਝ ਕੁ ਨੇ ਪਿਛਲੇ ਬੂਹਿਓਂ ਵੜ ਕੇ ਲੈ ਜਾਣਾ ਹੈ, ਇਸ ਡਿਪੂ ਦਾ ਮਾਲਕ ਬੇਈਮਾਨ ਹੈ, ਆਦਿ ਆਦਿ। ਫਿਰ ਕੀ ਹੋਵੇਗਾ ਕਿ ਇਕ ਰੌਲਾ ਜਿਹਾ ਜਾਂ ਅਜਿਹਾ ਕੋਹਰਾਮ ਜਿਹਾ ਮਚ ਜਾਏਗਾ ਅਤੇ ਬਾਹਰਲੀ ਪੰਗਤੀ ਟੁੱਟ ਜਾਏਗੀ। ਉਸ ਹਾਲ ਜਾਂ ਡਿਪੋ ਉਤੇ ਹਮਲਾ ਹੋ ਜਾਵੇਗਾ। ਲੁੱਟ-ਮਾਰ ਮਚ ਜਾਏਗੀ, ਖੋਹਾ-ਖੋਹੀ ਪੈ ਜਾਏਗੀ। ਜੇ ਇਹ ਵਿਸ਼ਵਾਸ ਹੋਵੇ ਕਿ ਬਾਹਰ ਅਸੀਂ ਬੰਦੇ ਸਿਰਫ 40-50 ਹੀ ਹਾਂ, ਪਰ ਅੰਦਰ ਵਸਤ ਤੇ ਸੌਦਾ ਸੈਂਕੜਿਆਂ ਲਈ ਹੈ, ਨਾਲੇ ਲਗਾਤਾਰ ਹੋਰ ਸਪਲਾਈ ਆ ਰਹੀ ਹੈ, ਫਿਰ ਝਗੜਾ ਨਹੀਂ ਹੋਵੇਗਾ, ਸਭਨਾਂ ਨੂੰ ਇਕ ਗਿਆਨ ਜਿਹਾ ਹੋ ਜਾਏਗਾ। ਸਭ ਆਪਣੀ ਵਸਤ ਪ੍ਰਾਪਤ ਕਰ ਕੇ ਸਹਿਜੇ ਹੀ ਆਪਣੇ-ਆਪਣੇ ਘਰ ਚਲੇ ਜਾਣਗੇ।

ਹੁਣ ਇਸ ਦੁਨੀਆਂ-ਰੂਪੀ ਹਾਲ, ਡਿਪੋ ਜਾਂ ਸਟੋਰ ਵਿਚ ਸੌਦਾ ਬੇਅੰਤ ਹੈ। ਇਸ ਗੱਲ ਨੂੰ ਸਾਰੇ ਜਾਣਦੇ ਹਨ, ਗੁਰਮਤਿ ਦਾ ਵੀ ਹੁਕਮ ਹੈ, ਸਾਇੰਸ ਵੀ ਮੰਨਦੀ ਹੈ, ਫਿਰ ਰੌਲਾ ਕਿਵੇਂ ਪਿਆ? ਹੋਇਆ ਇੰਝ ਕਿ ਕੁਝ ਕੁ ਚਾਲਾਕ ਬੰਦਿਆਂ ਨੇ, ਜਦੋਂ ਦੀ ਮਨੁੱਖ ਨੇ ਹੋਸ਼ ਸੰਭਾਲੀ ਜਾਂ ਜਿਸ ਨੂੰ ਸਭਿਅਤਾ ਜਾਂ ਅਜੋਕੀ ਸਭਿਅਤਾ ਦਾ ਆਗਾਜ਼ ਕਹਿੰਦੇ ਹਾਂ, ਪਸ਼ੂ ਧਨ, ਧਰਤੀ ਧਨ ਤੇ ਧਨ ਦਾ ਧਨ ਜਾਂ ਇੰਜ ਕਹੀਏ, ਜ਼ਰ, ਜਨ, ਜ਼ਮੀਨ 'ਤੇ ਕਬਜ਼ੇ ਕਰਨੇ ਸ਼ੁਰੂ ਕਰ ਦਿਤੇ। ਇਹ ਕਬਜ਼ੇ ਧੱਕੇ-ਧੋੜੀ ਨਾਲ, ਚਾਲਾਕੀ ਨਾਲ, ਹੇਰਾ-ਫੇਰੀ ਨਾਲ, ਬੇਈਮਾਨੀ ਨਾਲ ਕੀਤੇ ਤੇ ਜਿਸ ਕੋਲ ਬਹੁਤਾ ਧਨ ਉਹਨੂੰ ਬਹੁਤਾ ਤਾਕਤਵਰ ਤੇ ਸਿਆਣਾ ਮੰਨਿਆ ਜਾਣ ਲਗ ਪਿਆ। ਹੁਣ ਅਸੀਂ ਸਾਰੇ ਹੀ ਸਹਿਜ-ਸੁਭਾਏ ਇਸੇ ਸੁਭਾਅ ਦੇ ਬਣ ਗਏ ਹਾਂ। ਸਾਨੂੰ ਕੋਈ ਹੈਰਾਨੀ ਨਹੀਂ ਹੁੰਦੀ ਕਿ ਫਲਾਣੇ ਬੰਦੇ ਕੋਲ ਬਹੁਤ ਸਾਰਾ ਧਨ, ਜਾਇਦਾਦ, ਬਾਗ਼, ਜ਼ਮੀਨਾਂ, ਮਿਲਖ ਆਦਿ ਹੈ। ਅਸੀਂ ਉਸ ਧਨਾਢ ਦੀ ਇੱਜ਼ਤ ਹੀ ਕਰਦੇ ਹਾਂ, ਹੁਣ ਇਹ ਵੀ ਗੱਲ ਠੀਕ ਹੈ ਕਿ ਉਹ ਇੱਜ਼ਤ ਮਨੋਂ ਨਹੀਂ ਹੁੰਦੀ। ਸਾਡੇ ਪਾਸ ਹੇਠ-ਲਿਖੇ ਅਨੁਸਾਰ ਇਹ ਪੱਥ ਪ੍ਰਦਰਸ਼ਨ ਕਰਦਾ ਹੁਕਮ ਮੌਜੂਦ ਹੈ –

*ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥*
*ਅੰਗ – ੪੧੭*

ਭਾਵ ਇਹ ਹੋਇਆ ਕਿ ਜਿਸ ਨੇ ਧਨ ਇਕੱਠਾ ਕੀਤਾ, ਉਸ ਨੇ ਪਾਪ ਨਾਲ ਕੀਤਾ ਹੈ ਤੇ ਇਸ ਕੱਠੇ ਕੀਤੇ ਧਨ ਨੇ ਨਾਲ ਬਿਲਕੁਲ ਨਹੀਂ ਜਾਣਾ। ਗੁਰੂ ਸਾਹਿਬ ਫੁਰਮਾਉਂਦੇ ਹਨ –

*ਬਾਬਾ ਮਾਇਆ ਸਾਥਿ ਨ ਹੋਇ ॥*
*ਇਨਿ ਮਾਇਆ ਜਗੁ ਮੋਹਿਆ*
*ਵਿਰਲਾ ਬੂਝੈ ਕੋਇ ॥ ਰਹਾਉ ॥* *ਅੰਗ – ੫੯੫*

ਭਾਵ ਇਹ ਕਿ ਪਾਪ ਨਾਲ ਇਕੱਠੀ ਕੀਤੀ ਦੌਲਤ ਨੇ ਸਾਥ ਨਹੀਂ ਜਾਣਾ ਤੇ ਫਿਰ ਐਵੇਂ ਹੀ ਪਾਪ ਕਰਦੇ ਰਹੇ, ਬੇਕਾਰ ਹੀ ਸਮਾਂ ਗੁਆਂਦੇ ਰਹੇ, ਜੋ ਕੁਝ ਕਰਨਾ ਸੀ ਉਹ ਕੀਤਾ ਨਾ। ਜੋ ਲਕਸ਼ ਸੀ, ਉਹ ਵਿਸਰ ਗਿਆ, ਭੁੱਲ ਗਿਆ, ਨਿਕੰਮੇ ਵਾਵੇਲੇ ਪਾਲਦੇ ਰਹੇ, ਅਜਾਈਂ ਘਾਲਣਾ ਘਾਲਦੇ ਰਹੇ, ਜੀਵਨ ਨੂੰ ਪਾਲਦੇ ਰਹੇ ਤੇ ਅਸਲਾ ਭੁੱਲ ਗਿਆ, ਨਾਮ ਵਿਸਰ ਗਿਆ, ਧਰਮ ਵਿਸਰ ਗਿਆ।

ਰੋਗੀ ਹਿਰਦਿਆਂ ਦੇ ਵੈਦ ਬਾਬਾ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਹ ਗੱਲ ਸਮਝੀ ਤੇ ਲੋਕਾਂ ਨੂੰ ਚੰਗੀ ਤਰ੍ਹਾਂ ਨਿਖੇੜ ਕੇ ਸਮਝਾਈ। ਰਚਨਾਤਮਕ ਤੌਰ ਤੇ ਸਭਨਾਂ ਗੁਰਾਂ ਨੇ ਕਰਕੇ

ਵਿਖਾਇਆ। ਕਿਰਤ ਨੂੰ ਪ੍ਰਧਾਨਤਾ ਦਿਤੀ। ਕਿਰਤੀ ਨੂੰ ਨਾਮ ਦਾ ਅੰਗ ਨਹੀਂ, ਸਗੋਂ ਸਰੂਪ ਮੰਨਿਆ। ਗੁਰੂ ਅਮਰਦਾਸ ਜੀ ਦਾ, ਲੰਗਰ ਮੁਕਾ ਕੇ, ਹਰ ਰਾਤ ਨੂੰ ਦੇਗੇ ਮੂਧੇ ਕਰ ਦੇਣਾ ਇਸੇ ਵਿਸ਼ਵਾਸ਼ ਦਾ ਅਤਿ ਰੌਸ਼ਨ ਤੇ ਖੂਬਸੂਰਤ ਪ੍ਰਦਰਸ਼ਨ ਹੈ। ਵਿਸਥਾਰ ਵਿਚ ਨਾ ਜਾਈਏ, ਸਿੱਖ ਇਤਿਹਾਸ ਗਵਾਹ ਹੈ ਕਿ ਸਤਿਗੁਰੂ ਨੇ ਸਦੈਵ ਹੱਥੀਂ ਕਿਰਤ ਕੀਤੀ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦੋਂ ਆਪਣੇ ਪੰਜ ਭੂਤਕ ਸਰੀਰ ਨੂੰ ਤਿਆਗਣ ਲੱਗੇ ਤਾਂ ਪਹਿਲਾਂ ਹੁਕਮ ਇਹੀ ਕੀਤਾ ਕਿ ਧਰਮ ਦੀ ਕਿਰਤ ਕਰੋ। ਕਿਰਤ ਕਰਨ ਵਾਲਾ ਵਿਸ਼ਵਾਸ਼ੀ ਹੋਵੇਗਾ, ਲੋਭੀ ਨਹੀਂ ਹੋਵੇਗਾ; ਠਰੰਮੇ ਵਾਲਾ ਹੋਵੇਗਾ, ਚਾਲਾਕ, ਧੋਖੇਬਾਜ਼ ਨਹੀਂ ਹੋਵੇਗਾ; ਸਿਆਣਾ ਤੇ ਸੂਝਵਾਨ ਹੋਵੇਗਾ। ਧਰਮ ਦੀ ਕਿਰਤ ਜੇ ਸਾਰੇ ਹੀ ਕਰਨ ਲਗ ਜਾਣ ਤਾਂ ਸਾਰੇ ਹੀ ਸੁਖੀ ਰਹਿਣਗੇ। ਇਕਸਾਰ ਵਿਤਰਣ ਹੋਵੇਗਾ; ਹਰ ਵਸਤੂ ਹਰ ਇਕ ਨੂੰ ਮਿਲੇਗੀ। ਇਹ ਭੁਲੇਖਾ ਬਿਲਕੁਲ ਨਹੀਂ ਹੋਣਾ ਚਾਹੀਦਾ ਕਿ ਅਰਜਿਤ ਦੌਲਤ ਕਿਧਰੇ ਘਟ ਜਾਏਗੀ। ਉਹ ਤਾਂ ਕਰਤੇ ਨੇ ਆਪ ਉਪਾਈ ਹੈ, ਇਹਨਾਂ ਜੀਵਾਂ ਵਾਸਤੇ। ਕਿਸੇ ਨੇ ਕਿਧਰੋਂ ਕੁਝ ਲਿਆਂਦਾ ਨਹੀਂ, ਕਿਸੇ ਨੇ ਕਿਤੇ ਕੁਝ ਲੈ ਕੇ ਜਾਣਾ ਨਹੀਂ।

*ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥*
*ਨਾ ਕਛੁ ਆਇਬੋ ਨਾ ਕਛੁ ਜਾਇਬੋ*
*ਰਾਮ ਕੀ ਦੁਹਾਈ ॥ ੧ ॥ ਰਹਾਉ ॥* *ਅੰਗ - ੬੯੫*

ਇਕ ਸਾਂਝਾ ਘਰ ਹੋਵੇ, ਉਸ ਦੇ ਵਿਚ ਪੰਜ ਭਰਾ ਇਕੱਠੇ ਰਹਿੰਦੇ ਹੋਣ। ਕਮਾਈ ਬਾਪ ਕੋਲ ਸਾਂਝੀ ਹੋਵੇਗੀ, ਸਭਨਾਂ ਨੂੰ ਲੋੜ ਅਨੁਸਾਰ ਸਭ ਕੁਝ ਸਮੇਂ ਸਿਰ ਮਿਲੇਗਾ, ਇਨ੍ਹਾਂ ਪੰਜਾਂ ਦਾ ਬੋਲ-ਬਾਲਾ ਸਭਨੀਂ ਥਾਈਂ ਹੋਵੇਗਾ, ਕੋਈ ਇਨ੍ਹਾਂ ਨੂੰ ਕੈਰੀ ਅੱਖ ਨਾਲ ਨਹੀਂ ਦੇਖੇਗਾ। ਇਨ੍ਹਾਂ ਪੰਜਾਂ ਦਾ ਸਿਰ ਉੱਚਾ ਰਹੇਗਾ, ਮਨ ਵਿਚ ਸ਼ਾਂਤੀ, ਚਿਹਰੇ 'ਤੇ ਰੌਣਕ ਅਤੇ ਅੱਖਾਂ ਵਿਚ ਚਮਕ ਹੋਵੇਗੀ ਪਰ ਜੇ ਇਹ ਬਾਪ ਨੂੰ ਭੁੱਲ ਕੇ ਵਲ-ਛਲ ਨਾਲ ਉਸ ਘਰ ਦੀਆਂ ਵਸਤਾਂ ਲੁਕਾਉਣ ਛੁਪਾਉਣ ਵਿਚ ਲੱਗੇ ਰਹਿਣ, ਉਨ੍ਹਾਂ ਦੀਆਂ ਘਰ ਵਾਲੀਆਂ ਅਤੇ ਬੱਚੇ, ਲੋੜ ਵਾਲੀਆਂ ਵਸਤਾਂ ਨੂੰ ਲਿਜਾਈ ਵੀ ਜਾਣ ਤੇ ਛੁਪ-ਛਪੋ ਕੇ ਖਾਈ ਵੀ ਜਾਣ, ਮਾਂ (ਕੁਦਰਤ) ਦੀ ਸੁਣਨ ਨਾ, ਪਿਤਾ (ਅਕਾਲ ਪੁਰਖ) ਤੋਂ ਬੇਮੁਖ ਹੋ ਜਾਣ, ਨਿਡਰ ਹੋ ਜਾਣ ਤਾਂ ਗਹਿਰ ਗੰਭੀਰ ਪਿਤਾ ਤੇ ਸਹਿਨਸ਼ੀਲ ਮਾਂ ਉਠ-ਉਠ ਕੇ ਇਨ੍ਹਾਂ ਬੱਚਿਆਂ ਦੇ ਹੱਥੀਂ ਨਹੀਂ ਪੈਣਗੇ, ਬਸ ਇਹ ਦੇਖਦੇ ਰਹਿਣਗੇ ਕਿ ਘਰ ਕਦ ਡੁਬਦਾ ਹੈ, ਕਦ ਟੁਟਦਾ ਹੈ, ਕਦ ਖੇਰੂੰ-ਖੇਰੂੰ ਹੁੰਦਾ ਹੈ।

ਸੋ ਕਿਰਤ ਜ਼ਰੂਰੀ ਹੈ, ਸਭਨਾਂ ਨੇ ਕਰਨੀ ਹੈ ਤੇ ਸਭ ਕਰਦੇ ਨੇ। ਪਰ ਜੇ ਗੁਰੂ-ਹੁਕਮ ਅਨੁਸਾਰ ਕਿਰਤ ਧਰਮ ਦੀ ਹੋਵੇ ਤਾਂ ਸਾਰੇ ਪਾਸੇ ਖੁਸ਼ਹਾਲੀ ਹੀ ਖੁਸ਼ਹਾਲੀ ਹੋਵੇਗੀ। ਦੁੱਖਾਂ ਦੇ ਰੋਗ ਦਾ ਦਾਰੂ ਤਾਂ ਸਾਡੇ ਪਾਸ ਹੈ ਪਰ ਲਾਭ ਤਾਂ ਹੀ ਹੋਵੇਗਾ ਜੇ ਉਸ ਨੂੰ ਵਰਤਿਆ ਜਾਏ।

ਭਾਈ ਗੁਰਦਾਸ ਜੀ ਨੇ ਇਸ ਹੁਕਮ ਨੂੰ, ਗੁਰਸਿੱਖ ਦੇ ਗੁਣਾਂ ਨੂੰ ਬਖਾਣਦਿਆਂ ਇਸ ਤਰ੍ਹਾਂ ਫੁਰਮਾਇਆ ਹੈ -

*ਨਮਸਕਾਰ ਡੰਡਉਤ ਕਰਿ*
*ਗੁਰਭਾਈ ਗਲਿ ਮਿਲਿ ਗਲਿ ਲਾਵੈ॥*
*ਕਿਰਤਿ ਫਿਰਤਿ ਕਰਿ ਧਰਮ ਦੀ*
*ਹਥਹੁ ਦੇ ਕੈ ਭਲਾ ਮਨਾਵੈ॥* *ਭਾਈ ਗੁਰਦਾਸ ਜੀ*

ਉਨ੍ਹਾਂ ਗੁਰਸਿੱਖਾਂ ਦੇ ਹੱਥ ਸਫਲ ਹਨ ਜਿਹੜੇ ਸਾਧਸੰਗਤ ਦੀ ਸੇਵਾ ਕਰਨ, ਗੁਰਬਾਣੀ ਲਿਖਣ ਤੇ ਗਾਣ, ਆਪਣੇ ਗੁਰਭਾਈਆਂ ਨਾਲ ਪ੍ਰੀਤ ਰੱਖਣ, ਨਿਮਰਤਾ ਨਾਲ ਗੁਰੂ ਅੱਗੇ ਝੁਕਣ, ਧਰਮ ਦੀ ਕਿਰਤ ਕਰਨ ਤੇ ਉਸ ਵਿਚੋਂ ਗੁਰੂ ਨਮਿਤ ਹੱਥੋਂ (ਦਸਵੰਧ) ਦੇਣ। ਇਹ ਸਭ ਕੁਝ ਕਰਦਿਆਂ ਹੋਇਆਂ ਹਉਮੈ ਤੋਂ ਬਚਣ ਤੇ ਆਪਣਾ ਆਪਾ ਨਾ ਜਤਾਉਣ।

ਕਿਰਤ ਕਿਸੇ ਵੀ ਤਰ੍ਹਾਂ ਦੀ ਹੋਵੇ, ਧਰਮ ਦੀ ਹੋਵੇ। ਮਜ਼ਦੂਰ ਲਗਨ ਨਾਲ ਕੰਮ ਕਰੇ, ਵਕਤ ਹੀ ਪੂਰਾ ਨਾ ਕਰੇ, ਅਫ਼ਸਰ ਆਪਣੇ ਪਿਆਰ-ਭਿੰਨੇ ਸੁਭਾਅ ਨਾਲ ਆਪਣੇ ਮਾਤਹਿਤਾਂ ਤੋਂ ਇਸ ਤਰ੍ਹਾਂ ਕੰਮ ਲਏ ਕਿ ਵਧੀਆ-ਵਧੀਆ ਨਤੀਜੇ ਸਾਹਮਣੇ ਆਣ। ਮਾਤਹਿਤ ਤੇ ਛੋਟੇ ਅਫ਼ਸਰ ਕੰਮ ਨੂੰ ਬੇਲੋੜਾ ਲਮਕਾ ਕੇ ਰਿਸ਼ਵਤ ਦੇ ਬਹਾਨੇ ਨਾ ਬਣਾਨ, ਸਗੋਂ ਦਫ਼ਤਰ ਆਏ ਬੰਦੇ ਨੂੰ ਸਹੀ ਦਿਸ਼ਾ ਦੱਸਣ। ਹਟਵਾਣੀਆਂ ਪੂਰਾ ਤੋਲੇ, ਸੁਆਗਤ ਲਈ ਬੈਠਾ ਕਾਰਿੰਦਾ ਵਧੂੰ-ਵਧੂੰ ਨਾ ਕਰੇ ਸਗੋਂ ਮਿੱਠਾ ਬੋਲੇ। ਵਪਾਰੀ, ਸੱਚਾ ਵਪਾਰ ਕਰੇ, ਮਿਲਾਵਟ ਹੀ ਨਾ ਕਰਦਾ ਰਹੇ। ਜੇ ਉਸ ਦੇ ਵਿਹਾਰ ਨਾਲ ਆਮ ਮਨੁੱਖ ਰਾਜ਼ੀ ਹੋ ਗਿਆ ਤਾਂ ਰੱਬ ਕਿਵੇਂ ਨਹੀਂ ਰਾਜ਼ੀ ਹੋਵੇਗਾ। ਸੋ ਪ੍ਰਥਮ ਹੁਕਮ ਇਹੀ ਹੈ ਕਿ ਕਿਰਤ ਧਰਮ ਦੀ ਕਰੇ, ਇਸੇ ਦੀ ਪ੍ਰਾਥਮਿਕਤਾ ਹੈ।

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-45)*

**ਸਿਰੀਰਾਗੁ ਮਹਲਾ ੩ ॥**
**ਗੁਰਮੁਖਿ ਨਾਮੁ ਧਿਆਈਐ**
**ਮਨਮੁਖਿ ਬੂਝ ਨ ਪਾਇ ॥**

ਹੇ ਭਾਈ! ਮੁਖੀ ਜੋ ਗੁਰੂ ਸਾਹਿਬ ਜੀ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਉਹਨਾਂ ਤੋਂ ਵਰੋਸਾਏ ਹੋਏ ਗੁਰਮੁਖ ਜੋ ਗੁਰਸਿੱਖ ਹਨ ਬਾਬਾ ਬੁੱਢਾ ਸਾਹਿਬ ਜੈਸੇ, ਜਿਨ੍ਹਾਂ ਦੀ ਅਵਸਥਾ ਰੋਮ ਰੋਮ ਵਿਚ ਨਾਮ ਧਿਆਇਥੈ=ਧਿਆਉਣ ਦੀ ਹੈ।

**ਗੁਰਮੁਖਿ ਸਦਾ ਮੁਖ ਊਜਲੇ**
**ਹਰਿ ਵਸਿਆ ਮਨਿ ਆਇ ॥**

ਗੁਰਮੁਖਾਂ ਦੇ ਸਦਾ=ਹਮੇਸ਼ਾ ਹੀ ਮੁੱਖ ਊਜਲੇ=ਨਿਰਮਲੇ ਹਨ, ਕਿਉਂਕਿ ਗੁਰਮੁਖਾਂ ਦੇ ਮਨ ਵਿਚ ਹਰਿ=ਪਰਮੇਸ਼ਰ ਆਪ ਹੀ ਆਇ=ਆ ਕੇ ਵਸਿਆ=ਵਸ ਗਿਆ ਹੈ।

**ਸਹਜੇ ਹੀ ਸੁਖੁ ਪਾਈਐ ਸਹਜੇ ਰਹੈ ਸਮਾਇ ॥੧ ॥**

ਸਹਜੇ=ਗਿਆਨ ਕਰਕੇ ਹੀ ਸੁੱਖ ਨੂੰ ਪਾਈਐ=ਪਾਉਂਦੇ ਹਨ, ਵਾਹਿਗੁਰੂ ਦਾ ਗਿਆਨ ਉਹਨਾਂ ਨੂੰ ਹੋ ਗਿਆ ਹੈ ਵਾ: ਸਹਜੇ=ਨਿਰਯਤਨ ਹੀ ਸੁੱਖ ਪ੍ਰਾਪਤ ਕਰ ਲਿਆ ਹੈ, ਉਹ ਸਹਜੇ=ਸਹਿਜ ਅਵਸਥਾ ਵਿਚ ਸਮਾਇ=ਸਮਾ ਰਹੈ=ਰਹੇ ਹਨ ਵਾ: ਸਹਜੇ=ਗਿਆਨ ਸਰੂਪ ਵਿਚ ਮਿਲੇ ਰਹਿੰਦੇ ਹਨ।

**ਭਾਈ ਰੇ ਦਾਸਨਿ ਦਾਸਾ ਹੋਇ ॥**

ਰੇ=ਹੇ ਭਾਈ=ਭਰਾਵੋ! ਵਾਹਿਗੁਰੂ ਦੇ ਦਾਸਨਿ=ਦਾਸਾਂ ਦੇ ਮਨ, ਬਾਣੀ, ਸਰੀਰ ਕਰਕੇ ਦਾਸ ਹੋਇ=ਹੋਣਾ ਕਰੋ।

**ਗੁਰ ਕੀ ਸੇਵਾ ਗੁਰ ਭਗਤਿ ਹੈ**
**ਵਿਰਲਾ ਪਾਏ ਕੋਇ ॥ ੧ ॥ ਰਹਾਉ ॥**

ਜੇ ਸਤਿਗੁਰੂ ਸਾਹਿਬ ਜੀ ਦੀ ਸੇਵਾ=ਟਹਿਲ ਕਰਨੀ ਹੈ, ਇਹੋ ਹੀ ਗੁਰੂ ਸਾਹਿਬ ਜੀ ਦੀ ਵੱਡੀ ਭਗਤੀ ਹੈ ਵਾ: ਗੁਰੂ ਸਾਹਿਬ ਜੀ ਦੇ ਚਰਨਾਂ ਵਿਚ (ਭ+ਗਤਿ) ਭ=ਪ੍ਰੇਮ ਦੇ ਸਹਿਤ ਗਤਿ=ਪ੍ਰਾਪਤ ਹੋਣਾ ਵਾ: ਜੋ ਹਿਰਦੇ ਦੇ ਅੰਦਰ ਭ=ਭਾਵਨਾ ਗਤਿ=ਪ੍ਰਾਪਤ ਹੋਣੀ ਹੈ ਵਾ: ਭ=ਭੈ ਦਾ ਗਤਿ=ਨਾਸ਼ ਹੋਣਾ ਹੀ ਗੁਰਾਂ ਦੀ ਭਗਤੀ ਹੈ। ਸਤਿਗੁਰੂ ਸਾਹਿਬ ਜੀ ਦੀ ਸੇਵਾ=ਟਹਿਲ, ਭਗਤੀ ਕਰਨੀ ਹੈ। ਪਰ ਕੋਈ-ਕੋਈ ਵਿਰਲਾ ਹੀ ਸੱਚੀ ਭਗਤੀ ਪਾਏ=ਪ੍ਰਾਪਤ ਕਰ ਸਕਦਾ ਹੈ।

**ਸਦਾ ਸੁਹਾਗੁ ਸੁਹਾਗਣੀ**
**ਜੇ ਚਲਹਿ ਸਤਿਗੁਰ ਭਾਇ ॥**

ਜਿਹੜੀਆਂ ਬੀਬੀਆਂ ਸੁਹਾਗਣੀ=ਸੁਹਾਗਵੰਤੀਆਂ ਹਨ, ਉਹ ਪਤੀ ਦੀ ਸੇਵਾ ਕਰਕੇ ਪਤੀ ਨੂੰ ਪ੍ਰਸੰਨ ਕਰਦੀਆਂ ਹਨ, ਦਾਸੀਆਂ ਬਣ ਕੇ ਟਹਿਲ ਕਰਦੀਆਂ ਹਨ। ਉਹਨਾਂ ਨੂੰ ਸਦਾ=ਹਮੇਸ਼ਾ ਹੀ ਸੁਹਾਗੁ=ਅਨੰਦ ਬਣਿਆ ਰਹਿੰਦਾ ਹੈ। ਇਸੇ ਪਰਕਾਰ ਜੋ ਜਗਿਆਸੂ ਰੂਪ ਇਸਤਰੀਆਂ ਸੁਹਾਗਣੀ=ਸੁਹਾਗਵੰਤੀਆਂ ਭਾਵ ਗੁਰੂ ਵਾਲੀਆਂ ਹਨ, ਉਹਨਾਂ ਨੂੰ ਸਦਾ ਹੀ ਭਗਤੀ ਦਾ ਸੁਹਾਗੁ=ਅਨੰਦ ਬਣਿਆ ਰਹਿੰਦਾ ਹੈ। ਜੇ=ਜੋ ਸਤਿਗੁਰੂ ਸੱਚੇ ਪਾਤਸ਼ਾਹ ਦੀ ਭਾਇ=ਆਗਿਆ ਅਨੁਸਾਰ ਹੋ ਕੇ ਚਲਹਿ=ਚਲਦੀਆਂ ਹਨ।

**ਸਦਾ ਪਿਰੁ ਨਿਹਚਲੁ ਪਾਈਐ**
**ਨਾ ਓਹੁ ਮਰੈ ਨ ਜਾਇ ॥**

ਜਿਹੜਾ ਸਦਾ=ਹਮੇਸ਼ਾ ਨਿਹਚਲੁ=ਅਚੱਲ ਰਹਿਣ ਵਾਲਾ ਪਿਰੁ=ਪਤੀ, ਅਕਾਲ ਪੁਰਖ ਹੈ, ਉਸ ਵਾਹਿਗੁਰੂ ਸਰੂਪ ਨੂੰ ਪਾਈਐ=ਪਾਈਦਾ ਹੈ ਕਿਉਂਕਿ ਓਹੁ=ਉਹ ਪਰਮੇਸ਼ਰ ਨਾ ਹੀ ਮਰੈ=ਮਰਦਾ ਹੈ, ਨਾ ਕਿਤੇ ਜਾਇ=ਜਾਂਦਾ ਹੈ। ਜਿਵੇਂ ਦੁਨਿਆਵੀ ਪਤੀ ਔਰਤ ਨੂੰ ਛੱਡ ਕੇ ਚਲਿਆ ਜਾਂਦਾ ਹੈ, ਪਰ ਵਾਹਿਗੁਰੂ ਪਤੀ ਕਿਤੇ ਜਾਂਦਾ ਨਹੀਂ ਹੈ। ਦੁਨਿਆਵੀ ਪਤੀ ਮਰ ਕੇ ਵੀ ਚਲਾ ਜਾਂਦਾ ਹੈ ਪਰ ਵਾਹਿਗੁਰੂ ਸਦਾ ਅਮਰ ਰੂਪ ਹੈ।

**ਸਬਦਿ ਮਿਲੀ ਨਾ ਵੀਛੁੜੈ**
**ਪਿਰ ਕੈ ਅੰਕਿ ਸਮਾਇ ॥ ੨ ॥**

ਗੁਰੂ ਸਾਹਿਬ ਦੇ ਸ਼ਬਦ ਦੀ ਕਮਾਈ ਕਰਕੇ ਜਿਨ੍ਹਾਂ ਦੀ ਸੁਰਤ ਮਿਲੀ ਹੋਈ ਹੈ, ਉਹ ਕਦੇ ਵੀ ਵਾਹਿਗੁਰੂ ਨਾਲੋਂ ਵੀਛੁੜੈ=ਵਿਛੜਦੇ ਨਹੀਂ ਹਨ। ਉਹ ਪਿਰ=ਪਤੀ ਅਕਾਲ ਪੁਰਖ ਵਾਹਿਗੁਰੂ ਕੈ=ਦੇ ਅੰਕਿ=ਸਰੂਪ ਵਾ: ਪਿਆਰ ਵਿਚ ਸਮਾਇ=ਅਭੇਦ ਹੋਏ ਰਹਿੰਦੇ ਹਨ, ਭਾਵ ਮਿਲੇ ਰਹਿੰਦੇ ਹਨ।

ਹਰਿ ਨਿਰਮਲੁ ਅਤਿ ਊਜਲਾ
ਬਿਨੁ ਗੁਰ ਪਾਇਆ ਨ ਜਾਇ ॥

ਹਰੀ ਅਕਾਲ ਪੁਰਖ ਵਾਹਿਗੁਰੂ ਅਤਿ=ਅਤਿਅੰਤ ਨਿਰਮਲੁ=ਮਲ ਮਾਇਆ ਤੋਂ ਰਹਿਤ ਸ਼ੁੱਧ ਸਰੂਪ ਹੈ ਭਾਵ ਜਿਸ ਨੂੰ ਅਸਤਿ ਜੜ੍ਹ ਦੁਖ ਰੂਪ ਮਾਇਆ ਦੀ ਮੈਲ ਨਹੀਂ ਹੈ ਵਾ: ਅਤਿ ਊਜਲਾ=ਅਤਿਅੰਤ ਹੀ ਮੈਲ ਰਹਿਤ ਜੱਸ ਰੂਪ ਉਜਾਲੇ ਵਾਲਾ ਹੈ ਵਾ: ਜਿਨ੍ਹਾਂ ਦਾ ਅਤਸ਼ੇ (ਬਹੁਤ ਜ਼ਿਆਦਾ) ਕਰਕੇ ਮਨ ਉਜਲਾ ਹੈ, ਉਨ੍ਹਾਂ ਨੂੰ ਹਰੀ ਨਿਰਮਲ ਸਰੂਪ ਪ੍ਰਾਪਤ ਹੋਇਆ ਹੈ। (ਨਿਰਮਲ ਤੇ ਉੱਜਲ ਪ੍ਰਾਇਵਾਚੀ ਸ਼ਬਦ ਹਨ) ਇਸ ਕਰਕੇ ਹਰੀ ਪਰਮੇਸ਼ਰ ਅਤਿਅੰਤ ਨਿਰਮਲ ਤੋਂ ਵੀ ਨਿਰਮਲ ਹੈ, ਅਤਿਅੰਤ ਉੱਜਲ ਹੈ, ਅਤਿਅੰਤ ਪ੍ਰਕਾਸ਼ ਰੂਪ ਹੈ, ਜਿਸ ਦੇ ਅੰਦਰ ਵਿਖੇਪਤਾ ਦੀ ਮੈਲ ਨਹੀਂ, ਮਲ ਵਿਖੇਪ ਅਵਰਨ ਆਦਿ ਦੀ ਕੋਈ ਮੈਲ ਨਹੀਂ ਹੈ। ਸਤਿਗੁਰੂ ਸਾਹਿਬ ਜੀ ਦੀ ਕ੍ਰਿਪਾ ਤੋਂ ਬਿਨਾਂ ਵਾਹਿਗੁਰੂ ਪਾਇਆ ਨਹੀਂ ਜਾਂਦਾ।

ਪਾਠੁ ਪੜੈ ਨਾ ਬੂਝਈ
ਭੇਖੀ ਭਰਮਿ ਭੁਲਾਇ ॥

ਕਈ ਲੋਕ ਵਿਆਕਰਣ ਦੇ ਪਾਠ ਪੜ੍ਹ ਲੈਂਦੇ ਹਨ, ਉਸ ਦੇ ਵਿਚੋਂ ਪਦ ਅਰਥ ਆਦਿਕਾਂ ਨੂੰ, ਸੰਧੀਆਂ ਨੂੰ ਸੋਧ-ਸੋਧ ਕੇ ਨਿਰਣਾ ਕਰਕੇ ਦਸਦੇ ਹਨ। ਨ ਬੂਝਈ=ਪਰ ਗਿਆਨ ਦੀ ਸੋਝੀ ਨਹੀਂ ਹੈ, ਪਰਮੇਸ਼ਰ ਦੀ ਸੋਝੀ ਨਹੀਂ ਹੈ। ਉਹ ਭੇਖਾਂ ਦੇ ਭਰਮ ਵਿਚ ਭੁੱਲੇ ਫਿਰਦੇ ਹਨ।

ਗੁਰਮਤੀ ਹਰਿ ਸਦਾ ਪਾਇਆ
ਰਸਨਾ ਹਰਿ ਰਸੁ ਸਮਾਇ ॥ ੩ ॥

ਜਿਨ੍ਹਾਂ ਗੁਰਮੁਖਾਂ ਨੇ ਗੁਰਮਤੀ (ਗੁਰ+ਮਤੀ) ਗੁਰ=ਸਤਿਗੁਰਾਂ ਦੀ ਮਤੀ=ਸਿੱਖਿਆ ਦੁਆਰਾ ਸਦਾ=ਹਮੇਸ਼ਾ ਰਹਿਣ ਵਾਲੇ ਪਰਮੇਸ਼ਰ ਦੇ ਸਰੂਪ ਨੂੰ ਪਾਇਆ=ਪਾ ਲਿਆ ਹੈ, ਉਨਹਾਂ ਦੀ ਹਰ ਵਕਤ ਰਸਨਾ, ਹਰਿ=ਪਰਮੇਸ਼ਰ ਦੇ ਨਾ, ਰਸ ਵਿਚ ਸਮਾਇ=ਸਮਾਈ ਰਹਿੰਦੀ ਹੈ ਵਾ: ਜਦੋਂ ਰਸਨਾ ਦੁਆਰਾ ਹਰੀ ਕੀਰਤਨ ਭਜਨ ਕਰਦੇ ਹਨ ਤਾਂ ਸੁਣਨ ਵਾਲਿਆਂ ਸਾਰਿਆਂ ਦੀ ਰਸਨਾ ਰਸ ਵਿਚ ਸਮਾਇ=ਸਮਾਅ ਜਾਂਦੀ ਹੈ।

ਮਾਇਆ ਮੋਹੁ ਚੁਕਾਇਆ
ਗੁਰਮਤੀ ਸਹਜਿ ਸੁਭਾਇ ॥

ਗੁਰਮੁਖ ਜਨਾਂ ਨੇ ਮਾਇਆ ਦੇ ਮੋਹ ਨੂੰ ਚੁਕਾਇਆ=ਚੁਕਾ ਦਿਤਾ ਭਾਵ ਦੂਰ ਕਰ ਦਿਤਾ ਹੈ ਅਤੇ ਸਹਜਿ=ਸ਼ਾਂਤੀ ਸੁਭਾਇ=ਸੁਭਾਅ ਧਾਰਨ ਕੀਤਾ ਹੈ ਵਾ: ਸਹਜਿ=ਸੁਤੇ ਸਿੱਧ ਪਦਾਰਥ ਆਈ ਜਾਵੇ ਤਾਂ ਵਰਤਾਈ ਜਾਂਦੇ ਹਨ ਤੇ ਆਪ ਪਦਾਰਥਾਂ ਤੋਂ ਨਿਰਲੇਪ, ਸ਼ਾਂਤੀ ਸੁਭਾਅ ਵਿਚ ਰਹਿੰਦੇ ਹਨ।

ਬਿਨੁ ਸਬਦੈ ਜਗੁ ਦੁਖੀਆ ਫਿਰੈ
ਮਨਮੁਖਾ ਨੋ ਗਈ ਖਾਇ ॥

ਜਿਨ੍ਹਾਂ ਨੇ ਗੁਰੂ ਸਾਹਿਬ ਜੀ ਦੇ ਸਬਦੈ=ਉਪਦੇਸ਼ ਦੀ ਕਮਾਈ ਨਹੀਂ ਕੀਤੀ, ਉਹ ਸਾਰਾ ਜਗੁ=ਜਗਤ ਦੁਖੀ ਤੁਰਿਆ ਫਿਰੈ=ਫਿਰਦਾ ਹੈ। ਮਨਮੁਖਾਂ ਨੂੰ ਤਾ ਇਹ ਮਾਇਆ ਖਾ ਹੀ ਗਈ ਹੈ। ਅਸਹਿਤਾ, ਖਿਆਤਾ, ਖੀਣਤਾ ਇਹ ਦੁੱਖ ਬਣੇ ਰਹਿੰਦੇ ਹਨ।

ਸਬਦੇ ਨਾਮੁ ਧਿਆਈਐ
ਸਬਦੇ ਸਚਿ ਸਮਾਇ ॥ ੪ ॥

ਗੁਰੂ ਸਾਹਿਬ ਜੀ ਦੇ ਸਬਦੇ=ਉਪਦੇਸ਼ ਦੁਆਰਾ ਨਾਮ ਨੂੰ ਧਿਆਈਐ=ਧਿਆਉਣਾ ਕਰੀਏ। ਗੁਰੂ ਸਾਹਿਬ ਜੀ ਦੇ ਸ਼ਬਦ ਦੀ ਸੱਚੀ ਕਮਾਈ ਕਰਕੇ ਸਬਦੈ=ਬ੍ਰਹਮ ਵਿਚ ਅਭੇਦ ਹੋਈਦਾ ਹੈ।

ਮਾਇਆ ਭੂਲੇ ਸਿਧ ਫਿਰਹਿ
ਸਮਾਧਿ ਨ ਲਗੈ ਸੁਭਾਇ ॥

ਜਿਹੜੇ ਸਿੱਧ ਹਨ, ਸਿੱਧੀਆਂ ਦੇ ਮਾਲਕ, ਮਛੰਦਰ ਨਾਥ, ਗੋਰਖ ਨਾਥ ਆਦਿ ਵੱਡੇ-ਵੱਡੇ ਰਾਜ ਛੱਡ ਕੇ ਜੋਗੀਆਂ ਦੇ ਚੇਲੇ ਬਣ ਗਏ। ਪਰ ਮਾਇਆ ਦੀ ਡੋਲਾਉਣ ਵਾਲੀ ਸ਼ਕਤੀ ਨੇ ਸਿੱਧਾਂ ਨੂੰ ਭੁਲਾ ਦਿਤਾ ਹੈ ਜੋ ਰਿੱਧੀਆਂ-ਸਿੱਧਿਆਂ ਦਿਖਾ ਕੇ ਆਪਣੀ ਪੂਜਾ ਵਿਚ ਲੱਗ ਗਏ ਹਨ। ਬ੍ਰਹਮ ਚਿੰਤਨ ਨੂੰ ਛੱਡ ਕੇ ਜਿਹੜੀ ਆਪਣੀ ਪੂਜਾ ਵਾਸਤੇ ਸ਼ਕਤੀਆਂ ਦਿਖਾਉਣੀਆਂ ਹਨ, ਇਹ ਸਭ ਮਾਇਆ ਹੀ ਹੈ।

ਤੀਨੇ ਲੋਅ ਵਿਆਪਤ ਹੈ
ਅਧਿਕ ਰਹੀ ਲਪਟਾਇ ॥

ਮਾਇਆ ਸਮਾਨ ਰੂਪ ਹੋਣ ਕਰਕੇ ਤੀਨੇ=ਤਿੰਨ ਲੋਅ=ਲੋਕਾਂ ਵਿਚ ਵਿਆਪਤ ਹੋ ਰਹੀ ਹੈ ਭਾਵ ਚਿੰਬੜੀ ਹੋਈ ਹੈ। ਤਿੰਨੇ ਦੇਵਤੇ ਬ੍ਰਹਮਾ, ਵਿਸ਼ਨੂੰ, ਮਹੇਸ਼ ਵੀ ਚਲ ਰਹੇ ਹਨ। ਮਨਮੁਖਾਂ ਨੂੰ ਅਧਿਕ=ਵਿਸੇਸ਼ ਕਰਕੇ ਲਪਟਾਇ=ਲਪਟ ਰਹੀ ਹੈ ਭਾਵ ਸਾਰਿਆਂ ਨੂੰ ਅਧਿਕਤਾ ਕਰਕੇ ਆਪਣੇ ਵਿਚ ਫਸਾ ਰਹੀ ਹੈ।

ਬਿਨੁ ਗੁਰ ਮੁਕਤਿ ਨ ਪਾਈਐ
ਨਾ ਦੁਬਿਧਾ ਮਾਇਆ ਜਾਇ ॥ ੫ ॥

ਸਤਿਗੁਰੂ ਤੋਂ ਬਿਨੁ=ਬਿਨਾਂ ਮੁਕਤਿ=ਮੁਕਤੀ

ਨ=ਨਹੀਂ ਪਾਈਐ=ਪਾਈ ਜਾ ਸਕਦੀ ਅਤੇ ਨਾ ਹੀ ਮਾਇਆ ਦੀ ਇੱਛਾ ਭਾਵ ਦੁਬਿਧਾ=ਦੁਚਿਤਾ ਪੁਣਾ ਜਾਂਦਾ ਹੈ। ਦੁਬਿਧਾ ਹੀ ਬਣੀ ਰਹਿੰਦੀ ਹੈ।

ਮਾਇਆ ਕਿਸ ਨੋ ਆਖੀਐ
ਕਿਆ ਮਾਇਆ ਕਰਮ ਕਮਾਇ ॥

ਸਤਿਗੁਰੂ ਸਾਹਿਬ ਜੀ ਸਿੱਖ ਮੁਖ ਦੁਆਰਾ ਪ੍ਰਸ਼ਨ ਕਰਦੇ ਹਨ ਕਿ ਮਾਇਆ ਕਿਸ ਨੋ=ਕਿਸ ਨੂੰ ਆਖੀਐ=ਕਹੀਦਾ ਹੈ। ਦੂਸਰਾ ਪ੍ਰਸ਼ਨ ਕਿ ਸਤਿਗੁਰੂ ਜੀ ਮਾਇਆ ਕਿਆ=ਕੀ ਕਰਮ ਕਮਾਇ=ਕਮਾਉਂਦੀ ਹੈ ਤਾਂ ਗੁਰੂ ਜੀ ਉਤਰ ਦਿੰਦੇ ਹਨ -

ਦੁਖਿ ਸੁਖਿ ਏਹੁ ਜੀਉ ਬਧੁ ਹੈ
ਹਉਮੈ ਕਰਮ ਕਮਾਇ ॥

ਇਹ ਜੋ ਜੀਉ=ਜੀਵ ਪੁਣਾ ਹੈ, ਇਹ ਵੀ ਮਾਇਆ ਕਰਕੇ ਹੀ ਹੈ। ਇਸ ਜੀਵ ਨੂੰ ਮਾਇਆ ਕਰਕੇ ਹੀ ਦੁਖ ਤੇ ਮਾਇਆ ਕਰਕੇ ਹੀ ਵਿਸ਼ੇ ਸੁੱਖ ਆਦਿ ਦਾ ਬਧੁ=ਬੰਧਨ ਪਿਆ ਹੋਇਆ ਹੈ ਅਥਵਾ ਇਹ ਜੀਵ ਦੁਖ ਵਿਚ ਦੁਖ ਤੇ ਵਿਸ਼ੇ ਵਿਚ ਸੁੱਖ ਮੰਨਦਾ ਹੈ। ਇਸ ਕਰਕੇ ਮਾਇਆ ਦੇ ਬਧੁ=ਬੰਧਨ ਵਿਚ ਬੱਝਾ ਹੋਇਆ ਹੈ। ਮਾਇਆ ਕੰਮ ਕੀ ਕਰਦੀ ਹੈ, ਇਸ ਦੇ ਉੱਤਰ ਵਿਚ ਕਹਿੰਦੇ ਹਨ ਕਿ ਇਹ ਮਾਇਆ ਜੀਵ ਦੇ ਕੋਲੋਂ ਹਉਮੈ=ਹੰਗਤਾ ਦੇ ਕਰਮ ਕਮਾਉਂਦੀ ਹੈ ਜਿਹੜੇ ਹਉਮੈ ਸਹਿਤ ਕਰਮ ਹਨ, ਸਭ ਮਾਇਕੀ ਹਨ।

ਬਿਨੁ ਸਬਦੈ ਭਰਮੁ ਨ ਚੂਕਈ
ਨਾ ਵਿਚਹੁ ਹਉਮੈ ਜਾਇ ॥ ੬ ॥

ਸਤਿਗੁਰੂ ਸਾਹਿਬ ਜੀ ਦੇ ਸਬਦੈ=ਉਪਦੇਸ਼ ਤੋਂ ਬਿਨੁ=ਬਿਨਾਂ ਜੀਵਾਂ ਨੂੰ ਜੋ ਜੜ੍ਹ ਚੇਤਨ ਰੂਪ ਹੋ ਕੇ ਮਾਇਆ ਚਿੰਬੜੀ ਹੋਈ ਹੈ, ਉਸ ਦਾ ਭਰਮੁ=ਭੁਲੇਖਾ ਚੂਕਈ=ਚੁਕਿਥਾ ਨ= ਨਹੀਂ ਜਾਂਦਾ ਅਤੇ ਨਾ ਹੀ ਜੀਵਾਂ ਦੇ ਵਿਚਹੁ=ਹਿਰਦੇ ਅੰਦਰੋਂ ਸਾਧਨਾ ਦੀ ਹਉਮੈ=ਹੰਗਤਾ ਮਮਤਾ ਜਾਇ=ਜਾਂਦੀ ਹੈ। ਜਿਵੇਂ ਲੋਮਸ ਰਿਖੀ ਨੂੰ ਲੰਮੀ ਉਮਰ ਦੀ ਹੰਗਤਾ ਬਣੀ ਰਹੀ ਸੀ।

ਬਿਨੁ ਪ੍ਰੀਤੀ ਭਗਤਿ ਨ ਹੋਵਈ
ਬਿਨੁ ਸਬਦੈ ਥਾਇ ਨ ਪਾਇ ॥

ਸਤਿਗੁਰੂ ਸਾਹਿਬ ਜੀ ਦੀ ਪ੍ਰੀਤੀ ਤੋਂ ਬਿਨੁ=ਬਿਨਾਂ ਪਰਮੇਸ਼ਰ ਦੀ ਭਗਤਿ=ਭਗਤੀ ਨ=ਨਹੀਂ ਹੋਵਈ=ਹੋ ਸਕਦੀ ਹੈ ਅਤੇ ਸਤਿਗੁਰੂ ਸਾਹਿਬ ਜੀ ਦੇ ਸਬਦੈ=ਉਪਦੇਸ਼ ਕਮਾਏ ਤੋਂ ਬਿਨੁ=ਬਿਨਾਂ ਬੈਕੁੰਠ ਵਿਚ ਥਾਇ=ਥਾਂ ਪਾਇ=ਪ੍ਰਾਪਤ ਨ=ਨਹੀਂ ਹੁੰਦਾ ਵਾ: ਸੱਚਖੰਡ, ਤੁਰੀਆ ਪਦ ਰੂਪੀ ਥਾਂ ਪ੍ਰਾਪਤ ਨਹੀਂ ਹੁੰਦਾ।

ਸਬਦੇ ਹਉਮੈ ਮਾਰੀਐ
ਮਾਇਆ ਕਾ ਭ੍ਰਮੁ ਜਾਇ ॥

ਗੁਰੂ ਸਾਹਿਬ ਜੀ ਦੇ ਸਬਦੇ=ਉਪਦੇਸ਼ ਦੁਆਰਾ ਹਉਮੈ=ਹੰਗਤਾ ਮਮਤਾ ਨੂੰ ਮਾਰੀਐ=ਮਾਰਨਾ ਕਰੀਏ ਤਾਂ ਜੋ ਮਾਇਆ ਪਹਿਲਾਂ ਭਰਮ ਕਰਕੇ ਪ੍ਰਤੀਤ ਹੋ ਰਹੀ ਸੀ, ਉਸ ਮਾਇਆ ਕਾ=ਦਾ ਭਰਮ ਅੰਦਰੋਂ ਚਲਾ ਜਾਇ=ਜਾਂਦਾ ਹੈ।

ਨਾਮੁ ਪਦਾਰਥੁ ਪਾਈਐ
ਗੁਰਮੁਖਿ ਸਹਜਿ ਸੁਭਾਇ ॥੭ ॥

ਗੁਰੂ ਸਾਹਿਬ ਦੁਆਰਾ ਹੀ ਨਾਮ ਰੂਪੀ ਪਦਾਰਥ ਪਾਈਐ=ਪਾਈਦਾ ਹੈ ਤਾਂ ਗੁਰਮੁਖਾਂ ਨੂੰ ਸੁਭਾਇ=ਸੁਭਾਵਿਕ ਹੀ ਸਹਜਿ=ਗਿਆਨ ਪ੍ਰਾਪਤ ਹੁੰਦਾ ਹੈ ਭਾਵ ਵਾਹਿਗੁਰੂ ਦਾ ਪ੍ਰਕਾਸ਼ ਹੋ ਜਾਂਦਾ ਹੈ।

ਬਿਨੁ ਗੁਰ ਗੁਣ ਨ ਜਾਪਨੀ
ਬਿਨੁ ਗੁਣ ਭਗਤਿ ਨ ਹੋਇ ॥

ਸਤਿਗੁਰ ਤੋਂ ਬਗੈਰ ਸਤਿ, ਸੰਤੋਖ, ਦਇਆ, ਸ਼ਰਧਾ ਆਦਿਕ ਗੁਣਾਂ ਨੂੰ ਨ ਜਾਪਨੀ=ਜਾਣ ਨਹੀਂ ਸਕੀਦਾ ਅਤੇ ਬਿਨੁ=ਬਿਨਾਂ ਸ਼ੁਭ ਗੁਣ ਧਾਰਨ ਤੋਂ ਪਰਮੇਸ਼ਰ ਦੀ ਭਗਤਿ=ਭਗਤੀ ਨਹੀਂ ਹੋਇ, ਹੋ ਸਕਦੀ।

ਭਗਤਿ ਵਛਲੁ ਹਰਿ ਮਨਿ ਵਸਿਆ
ਸਹਜਿ ਮਿਲਿਆ ਪ੍ਰਭੁ ਸੋਇ ॥

ਜੋ ਭਗਤੀ ਕਰਾਉਣ ਵਾਲਾ ਵਛਲੁ=ਪਿਆਰਾ ਹਰਿ=ਪਰਮੇਸ਼ਰ ਹੈ, ਜਿਹਨਾਂ ਦੇ ਮਨ ਵਿਚ ਵਸਿਆ=ਵਸ ਗਿਆ ਹੈ, ਉਹਨਾਂ ਨੂੰ ਸੋਇ=ਉਸ ਪ੍ਰਭੂ ਦੇ ਤੱਤ ਪਦ ਦਾ ਲੱਖ ਅਰਥ ਸਹਜਿ=ਸੁਤੇ-ਸਿੱਧ ਹੀ ਮਿਲਿਆ=ਮਿਲ ਗਿਆ ਹੈ ਭਾਵ ਪ੍ਰਾਪਤ ਹੋ ਗਿਆ ਹੈ।

ਨਾਨਕ ਸਬਦੇ ਹਰਿ ਸਾਲਾਹੀਐ
ਕਰਮਿ ਪਰਾਪਤਿ ਹੋਇ ॥ ੮ ॥ ੪ ॥ ੨੧ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਗੁਰਾਂ ਦੇ ਸਬਦੇ=ਉਪਦੇਸ਼ ਦੁਆਰਾ ਹੀ ਹਰਿ=ਹਰੀ ਵਾਹਿਗੁਰੂ ਨੂੰ ਸਾਲਾਹੀਐ=ਸਲਾਹੁਣਾ ਕਰੀਦਾ ਹੈ। ਗੁਰੂ ਸਾਹਿਬ ਜੀ ਦੀ ਕ੍ਰਿਪਾ ਹੋਵੇ, ਨਿਸ਼ਕਾਮ ਕਰਮ ਕੀਤੇ ਹੋਣ ਤਾਂ ਨਾਮ ਦੀ ਪਰਾਪਤਿ=ਪ੍ਰਾਪਤੀ ਹੋਇ=ਹੁੰਦੀ ਹੈ।

## ਜ਼ਰੂਰੀ ਸੂਚਨਾ

## ਪਿਆਰੇ ਪਾਠਕ ਜਨੋ ਅਤੇ ਸਾਧ ਸੰਗਤ ਜੀ!

ਆਪ ਜੀ ਨੂੰ ਸੰਨਿਮਰ ਬੇਨਤੀ ਹੈ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰੱਸਟ ਵੱਲੋਂ ਸਤਿਕਾਰਯੋਗ ਮਹਾਂਪੁਰਸ਼ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਕੀਰਤਨ ਪ੍ਰਬਚਨ ਸਰਵਣ ਕਰਨ ਲਈ ਹੇਠ ਲਿਖੇ ਚੈਨਲ ਨੂੰ ਆਪਣੇ ਟੀ.ਵੀ. ਤੇ ਸਬਸਕਰਾਇਬ ਕਰਨ ਦੀ ਕ੍ਰਿਪਾਲਤਾ ਕਰੋ ਜੀ।



ਸੱਚਖੰਡ ਵਾਸੀ ਸ੍ਰੀ ਮਾਨ
ਸੰਤ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ

FASTWAY

**ਫਾਸਟਵੇਅ ਕੇਬਲ ਟੀ.ਵੀ. ਨੈਟਵਰਕ**

**ਚੈਨਲ ਨੰਬਰ - 202 ਪੰਜਾਬ ਪਲੱਸ ਰਾਹੀਂ**

**ਸਮਾਂ ਹਰ ਰੋਜ਼ - ਸਵੇਰੇ**
**4.45 ਤੋਂ 6.45 ਤੱਕ (2 ਘੰਟੇ)**

ਇਹ ਕੀਰਤਨ ਪ੍ਰਬਚਨ ਸਾਰਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜਿਥੇ ਵੀ ਫਾਸਟਵੇਅ ਕੇਬਲ ਚਲ ਰਹੀ ਹੈ, ਤੁਸੀਂ ਉਸ ਉਤੇ ਦੇਖ ਸਕਦੇ ਹੋ।

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**
**ਫਲਗੁਣਿ ਸੰਗਰਾਂਦ - 13 ਫਰਵਰੀ, ਦਿਨ ਮੰਗਲਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**

**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | By Registry Post/Cheque |
|---|---|
| 1 Year | Rs. 300/320 |
| 3 Year | Rs. 750/770 |
| 5 Year | Rs. 1200/1220 |
| Life (20 Year) | Rs 3000/3020 |

**ਦਸਵੰਧ ਭੇਜਣ ਲਈ -**

**Vishav Gurmat Roohani Mission Charitable Trust**

**A/C No. 12861100000005, RTGS/IFSC Code - PSIB0021286, Branch Code - C1286**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।

# PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Name of Account – Vishav Gurmat Roohani Mission Charitable Trust**
**Account No. – 40227222757, Bank - State Bank of India**
**Branch - New Delhi Main Branch, 11 Sansad Marg, New Delhi-110001**
**Swift Code - SBININBB104, IFSC Code - SBIN0000691, Branch Code – 00691,**
**Purpose Code - P1303 (Donations to religious and Charitable Institutions in India)**

You are requested that forthwith all donations amounts should be sent to the Trust only through one of the following banks specified by Govt. of India:

## LIST OF CORRESPONDENT BANKS

### Australia

1. Commonwealth Bank Of Australia CTBAAU2S
2. Australia And NewZealand Banking Group Ltd ANZBAU3M
3. National Australia Bank Ltd NATAAU33
4. Westpack Banking Corporation WPACAU2F

### Canada

1. SBI Canada Bank SBINCATX
2. Canadian Imperial Bank Of Commerce CIBCCATT
3. Bank Of Montreal BOFMCAM2
4. Royal Bank Of Canada ROYCCAT2
5. The Toronto Dominion Bank TDOMCATT
6. The Bank Of Nova Scotia (SCOTIA BANK) NOSCCATT

### Germany

1. Commerze bank AGCOBADEFF
2. DZ Bank AG Deutsche Zentral-Genos GENODEFF
3. Uni Credit Bank AGHYVEDEMM
4. Bayerische Landes bank BYLADEMM
5. Landes bank Baden Wurttemberg SOLADEST
6. Norddeutsche Landes bank Girozen trale NOLADE2H
7. Deutsche Bank AGDEUTDEFF
8. HSBCT rinkaus & Burkhadt AGTUBDDEDD

### Italy

1. Credit AgricoleI talia SpACRPPIT2P
2. Intesa Sanpaolo Sp ABCITITMM
3. Unicredit SPAUNCRITMM
4. Banca Popolaredi Sondrio Societa Cooperativa perAzioni POSOIT22
5. BPERB anca Sp ABPMOIT22

### United Kingdom

1. Standard Chartered Bank SCBLGB2L
2. Couttsand Company COUTGB22
3. National Westminster Bank Plc (NatWestBank) NWBKGB2L
4. Royal Bank of Scotland Plc RBOSGB2L
5. Barclays Bank PlcBARCGB22
6. HSBC Bank Plc MIDLGB22
7. Lloyds Bank PlcLOYDGB2L
8. State Bank of India (UK)Ltd.SBOIGB2L

### United States

1. Fifth Third Bank FTBCUS3C
2. HSBC Bank USA National Association MRMDUS33
3. Deutsche Bank Trust Company Americas BKTRUS33
4. Wells Fargo Bank National Association WFBIUS6S
5. Silicon Valley Bank SVBKUS6S
6. State Bank of India (California) SBCAUS6L
7. The Bank of New York Mellon IRVTUS3N
8. PNC Bank National Association PNCCUS33
9. BOKF National Association BAOKUS44
10. MUFG Union Bank National Association BOFCUS33
11. Bank of America National Association BOFAUS3N
12. Key bank National Association KEYBUS33
13. US Bank National Association USBKUS44
14. Citi bank NACITIUS33
15. JP Morgan Chase Bank National Association CHASUS33
16. The Northern Trust Company CNORUS44

In case you want to send donations by cheque, please send it to the Trust along with Donor's ID Proof & Address Proof at the address : Gurdwara Isher Parkash, Ratwara Sahib, (Near New Chandigarh), P.O Mullanpur Garibdas, Distt. S.A.S Nagar (Mohali)-140901, Punjab (India)

**For any query, please contact Mobile No. 98889-10777. Email id : gurmukh4124@gmail.com**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਟਰੱਸਟ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 200/– | 70/– |
| 2. | ਕਿਵ ਕੂੜੈ ਤੁਟੈ ਪਾਲਿ | 120/– | 35/– |
| 3. | ਬਾਤ ਅਗੰਮ ਕੀ | 400/– | 400/– |
| 4. | ਕਿਵ ਸਚਿਆਰਾ ਹੋਈਐ – | 400/– | |
| 5. | ਹੋਵੈ ਅਨੰਦੁ ਘਣਾ | | 30/– |
| 6. | ਚਉਥੈ ਪਹਰਿ ਸਬਾਹ ਕੈ | 55/– | 60/– |
| 7. | ਸੁਰਤਿਆਂ ਉਪਜੈ ਚਾਉ | 40/– | 60/– |
| 8. | ਬਾਬਾਣੀਆਂ ਕਹਾਣੀਆਂ | 50/– | 50/– |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/– | 10/– |
| 10. | ਅੰਮ੍ਰਿਤ ਫੁਹਾਰ | 10/– | 10/– |
| 11. | ਅਗੰਮ ਅਗੋਚਰ ਦਾ ਮਾਰਗ | 60/– | 70/– |
| 12. | ਪੁਰਾਤਨ ਟੀਕਾ – ਜਪੁਜੀ ਸਾਹਿਬ | 30/– | |
| 13. | ਅਮਰ ਜੋਤਾਂ | 20/– | 15/– |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/– | |
| 15. | ਅਮਰ ਗਾਥਾ | 200/– | 100/– |
| 16. | ਧਰਮ ਯੁਧ ਕੇ ਚਾਇ | 50/– | |
| 17. | ਪਵਿੱਤਰ ਪੈਂਡਾ | 25/– | |
| 18. | ਭਗਤ ਪ੍ਰਹਿਲਾਦ | 10/– | 10/– |
| 19. | ਵੈਸਾਖੀ | 40/– | 10/– |
| 20. | ਸਾਜਨ ਚਲੇ ਪਿਆਰਿਆ | | 10/– |
| 21. | ਅਬਿਨਾਸੀ ਜੋਤ ਭਾਗ – 1 | | 90/– |
| 22. | ਅਬਿਨਾਸੀ ਜੋਤ ਭਾਗ – 2 | 90/– | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/– | |
| 25. | ਗੁਰੂ ਅਮਰਦਾਸ ਪਰਸੀਐ | 100/– | |
| 26. | ਅਨੰਦਮਈ ਜੀਵਨ ਜਾਚ | | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/– | |
| 28. | ਅਨੁਭਵੀ ਪ੍ਰਵਚਨ | 300/– | |
| 29. | ਅੰਦਰਲੀ ਖੋਜ | 300/– | |
| 30. | ਸਿਮਰਤ ਕਹਾਂ ਨਹੀਂ | 300/– | |
| 31. | ਰੂਹਾਨੀ ਪ੍ਰਵਚਨ | 35/– | |
| 32. | 'ਸੇਵਾ ਸਿਮਰਨ ਜੁਗਤੀਆਂ | 250/– | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/– | |
| 34. | ਜੀਵਨ ਜੁਗਤਿ | 440/– | |
| 35. | ਮਾਰਗ ਚੋਣ | 60/– | |
| 36. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/– | |
| 37. | ਆਤਮ ਗਿਆਨ ਭਾਗ – 1 | 120/– | |
| 38. | ਜਨਮ ਪਦਾਰਥੁ ਸਫਲੁ ਹੋਇ | 120/– | |
| 39. | ਜਨ ਪਰਉਪਕਾਰੀ ਆਏ (ਭਾਗ –1) | 65/– | |
| 40. | ਜਨ ਪਰਉਪਕਾਰੀ ਆਏ (ਭਾਗ –2) | 65/– | |
| 41. | ਗੁਰ ਅੰਗਦ ਅਮਰ ਨਿਧਾਨ | 10/– | |
| 42. | ਕਲਜੁਗਿ ਜਹਾਜ ਅਰਜੁਨ ਗੁਰ | 100/– | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 43. | ਧਰਮ ਹੇਤਿ ਸਾਕਾ | 20/– |
| 44. | ਮੰਝ ਗੁਰੂ ਕਾ ਬੋਹਿਥਾ | 30/– |
| 45. | ਜਾ ਕੈ ਮਨਿ ਗੁਰ ਕੀ ਪਰਤੀਤ | 30/– |
| 46. | ਗੁਰੂ ਗ੍ਰੰਥ ਜੀ ਮਾਨਿਉ | 10/– |
| 47. | ਬਾਬਾ ਬੰਦਾ ਸਿੰਘ ਬਹਾਦਰ | 10/– |
| 48. | ਤ੍ਰੈ ਸ਼ਤਾਬਦੀ | 20/– |
| 49. | ਆਤਮ ਗਿਆਨ ਭਾਗ – 2 | 120/– |
| 50. | ਆਤਮ ਗਿਆਨ ਭਾਗ – 3 | 120/– |
| 51. | ਭਗਵਤ ਗੀਤਾ ਦੀ ਚਿਰ ਸਥਾਈ... | |

| | English Version | Price |
|---|---|---|
| 1. | Baisakhi (ਬੈਸਾਖੀ) | 5/- |
| 2. | How Rend The Veil of Untruth (ਕਿਵ ਕੂੜੈ ਤੂਟੈ ਪਾਲਿ) | 70/- |
| 3. | Discourses on the Beyond - 1(ਬਾਤ ਅਗੰਮ ਕੀ ਭਾਗ – 1) | 50/- |
| 4. | Discourses on the Beyond - 2(ਬਾਤ ਅਗੰਮ ਕੀ ਭਾਗ – 2) | 50/- |
| 5. | Discourses on the Beyond - 3(ਬਾਤ ਅਗੰਮ ਕੀ ਭਾਗ – 3) | 50/- |
| 6. | Discourses on the Beyond - 4(ਬਾਤ ਅਗੰਮ ਕੀ ਭਾਗ – 4) | 60/- |
| 7. | Discourses on the Beyond - 5(ਬਾਤ ਅਗੰਮ ਕੀ ਭਾਗ – 5) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹਿ ਕੈ) | 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | 80/- |
| 12. | How to Know Thy Real Self-(Vol-2) (ਕਿਵ ਸਚਿਆਰਾ ਹੋਈਐ) | 80/- |
| 13. | How to Know Thy Real Self-(Vol-3) (ਕਿਵ ਸਚਿਆਰਾ ਹੋਈਐ) | 110/- |
| 14. | The Dawn of Khalsa Ideals | 10/- |
| 15. | A Glimpse of His Holiness - Baba ji | 5/- |
| 16. | Divine Word Contemplation Path (ਸੁਰਤਿ ਸਬਦਿ ਮਾਰਗ) | 150/– |
| 17. | The Story of Immortality (ਅਮਰ ਗਾਥਾ) | 260/– |
| 18. | Why not thy contemplate the Lord? (ਸਿਮਰਤ ਕਹਾ ਨਹੀਂ?) | 200/– |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।**

**A/c Name : VGRMCT / Atam Marg Magazine**

Punjab & Sind Bank - **S/B A/C No. 12861100000008**

**RTGS/IFSC Code - PSIB0021286, Branch Code - C1286**

**Our Address: Gurdwara Ishar Parkash,
Ratwara Sahib,
(Near New Chandigarh) P.o. Mullanpur Garibdas,
Teh. Kharar, Distt. S.A.S Nagar (Mohali)
140901, Pb. India**

# Avinashi Jot - 1
# (Discourse - I)

*(Continued from P. 72, issue Jan. 2024)*

*'Farid, though alive, art thou no better than dead –*
*Thou hast not arisen from sleep at dawn to pray.'*

*ਧਾਰਨਾ - ਤੂੰ ਜੀਊਂਦਾ ਮਰ ਗਿਆ ਓ,*
*ਗਾਫਲਾ ਤੈਨੂੰ ਜਾਗ ਨਾ ਆਈ -2, 2.*

**If you don't wake up in the ambrosial morning, you are dead even when physically alive because you have become forgetful of God, but God remembers you all right –**

*'Thou hast forgotten God, but know, God has not forgotten thee.'*
